# ਸਿਰਜਣਾ

ਅਕਤੂਬਰ-ਦਸੰਬਰ 1998 (ਅੰਕ 110)

October- December 1998

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.


ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022    1728, Sector 43-B, Chandigarh - 160022 India

ਤਾਰੀਕ –Date: 25-10-2014

Sadhu

# ਸਿਰਜਣਾ



ਅਕਤੂਬਰ-ਦਸੰਬਰ 1998

**110**

ਮੁੱਲ : 15 ਰੁਪਏ

## ਸਿਰਜਣਾ

110

ਅਕਤੂਬਰ-ਦਸੰਬਰ 1998

*

ਸੰਪਾਦਕ

ਰਘਬੀਰ ਸਿੰਘ

*

ਪਤਾ

1728, ਸੈਕਟਰ 43-B

ਚੰਡੀਗੜ੍ਹ - 160022

ਫੋਨ : (0172) 601693

***SIRJANA***

***1728, Sector 43-B,***

***Chandigarh***

***Phone : (0172) 601693***

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-66


## ਇਸ ਅੰਕ ਵਿਚ


**ਰਘਬੀਰ ਸਿੰਘ / ਪਰਿਚਯ / ਦੇਵ : ਕਵੀ ਤੇ ਚਿੱਤਰਕਾਰ / 1**

**ਦੇਵ / ਅੱਠ ਕਵਿਤਾਵਾਂ / ਕਵੀ, ਕਵਿਤਾ ਤੇ ਰਿਸ਼ਤੇ / 2**

**ਰਤਨ ਸਿੰਘ ਢਿਲੋਂ / ਦੋ ਗ਼ਜ਼ਲਾਂ / 8**

**ਬਲਬੀਰ ਪਰਵਾਨਾ / ਤਿੰਨ ਕਵਿਤਾਵਾਂ / 9**

**ਪ੍ਰੇਮ ਕੁਮਾਰ / ਕਵਿਤਾ / ਇਕ ਸੋਗੀ ਅਹਿਸਾਸ / 11**

**ਸੁਖਮਿੰਦਰ ਸੇਖੋਂ / ਨਿੱਕੀਆਂ ਕਵਿਤਾਵਾਂ / 12**

**ਸੁਰਿੰਦਰ ਸੱਗੂ / ਤਿੰਨ ਕਵਿਤਾਵਾਂ / 14**

**ਸੁਰਿੰਦਰ ਗਿੱਲ / ਜਗਦੇ ਮਘਦੇ ਸੂਰਜ / 16**

**ਪਿਆਰਾ ਸਿੰਘ ਭੋਗਲ / ਕਹਾਣੀ / ਮੁਹੱਬਤ / 17**

**ਸਰੂਪ ਸਿਆਲਵੀ / ਕਹਾਣੀ / ਆਪਣਾ ਕਮਰਾ / 38**

**ਦਰਸ਼ਨ ਧੀਰ / ਕਹਾਣੀ / ਜੜ੍ਹਾਂ ਤੋਂ ਦੂਰ / 43**

**ਤੇਜਵੰਤ ਸਿੰਘ ਗਿੱਲ / ਨਿਬੰਧ / ਪੰਜਾਬੀ ਸਾਹਿਤ ਦਾ ਅਧਿਐਨ ਤੇ ਅਧਿਆਪਨ / 49**

**ਨਵਜੀਤ ਸਿੰਘ ਜੌਹਲ / ਨਿਬੰਧ / ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਭਾਸ਼ਾ / 56**

**ਧਨਵੰਤ ਕੌਰ / ਰਿਵਿਊ ਨਿਬੰਧ / ਔਰਤ ਦੀ ਚੁੱਪ ਦਾ ਪ੍ਰਵਚਨ : 'ਇਕ ਕੁੜੀ ਚੁੱਪ ਸੀ' / 61**

**ਰਜਿੰਦਰ ਪਾਲ ਸਿੰਘ / ਰਿਵਿਊ / ਬੰਸਰੀ ਉਦਾਸ ਹੈ/ 67, ਅਣਵਗੇ ਅੱਥਰੂ / 68**

**ਗੁਰਮੀਤ ਕੱਲਰਮਾਜਰੀ / ਰਿਵਿਊ / ਪੰਜਾਬੀ ਕਹਾਣੀ ਆਲੋਚਨਾ : ਰੂਪ ਤੇ ਰੁਝਾਨ / 70**

**ਰਜਿੰਦਰ ਪਾਲ ਸਿੰਘ / ਰਿਵਿਊ / ਹਾਸ਼ੀਏ ਤੋਂ ਬਾਹਰ / 72**

**ਮਹਿਮਾ ਸਿੰਘ / ਰਿਵਿਊ / ਰੰਗਾਂ ਦਾ ਮਨੋਵਿਗਿਆਨ / 74**

**ਹਰਮਿੰਦਰ ਸਿੰਘ / ਰਿਵਿਊ / ਚੁੱਪ ਦੇ ਖਿਲਾਫ / 76**

**ਗੁਰਦਿਆਲ ਸਿੰਘ, ਰਘਬੀਰ ਸਿੰਘ ਮਾਨ, ਜਸਵੀਰ ਕਲਸੀ, ਗੁਰਨਾਮ ਢਿਲੋਂ, ਅਵਤਾਰ ਸਿੰਘ ਬਿਲਿੰਗ, ਬਲਰਾਮ ਸ਼ਰਮਾ ਤੇ ਬਲਬੀਰ ਮਾਧੋਪੁਰੀ / ਪੱਤਰ / 80**



**ਵਾਰਸ਼ਿਕ ਚੰਦਾ-ਦੇਸ : 60 ਰੁਪਏ, ਸੰਸਥਾਵਾਂ ਤੇ ਲਾਇਬਰੇਰੀਆਂ ਲਈ: 75 ਰੁਪਏ**

**ਬਦੇਸ-ਹਵਾਈ ਡਾਕ ਰਾਹੀਂ : 8 ਪੌਂਡ, 12 ਅਮਰੀਕਨ ਡਾਲਰ, 15 ਕੈਨੇਡੀਅਨ ਡਾਲਰ**


# ਦੇਵ : ਕਵੀ ਤੇ ਚਿੱਤਰਕਾਰ

'ਸਿਰਜਣਾ' ਦੇ ਪਾਠਕਾਂ ਨੇ ਪਿਛਲੇ ਕੁਝ ਅੰਕਾਂ ਤੋਂ ਇਸਦੀ ਦਿੱਖ ਵਿਚਲੀ ਤਬਦੀਲੀ ਅਵੱਸ਼ ਨੋਟ ਕੀਤੀ ਹੋਵੇਗੀ। ਟਾਈਟਲ ਉਤਲੇ ਪੰਨੇ ਨੂੰ ਕਿਸੇ ਕਲਾ-ਕ੍ਰਿਤੀ ਨਾਲ ਨਿਖਾਰਨ ਵਾਲੀ ਇਹ ਖੁਸ਼ਗਵਾਰ ਤਬਦੀਲੀ 'ਸਿਰਜਣਾ' ਦੇ ਪਾਠਕਾਂ ਦੇ ਜਾਣੇ-ਪਛਾਣੇ ਕਵੀ, ਦੇਵ, ਕਰਕੇ ਸੰਭਵ ਹੋਈ ਹੈ। ਉਸਦੀਆਂ ਕਲਾ-ਕ੍ਰਿਤੀਆਂ ਹੀ ਮੁੱਖ ਪੰਨੇ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ। 'ਸਿਰਜਣਾ' ਦੇ 100ਵੇ ਅੰਕ ਦਾ ਟਾਈਟਲ ਵੀ ਦੇਵ ਦੀ ਕਲਾ-ਕ੍ਰਿਤੀ ਨਾਲ ਹੀ ਸਜਿਆ-ਸੰਵਰਿਆ ਸੀ।

ਕਵੀ ਤੇ ਚਿੱਤਰਕਾਰ, ਦੇਵ, ਸਾਹਿਤ ਅਤੇ ਕਲਾ ਦੋਹਾਂ ਖੇਤਰਾਂ ਦਾ ਸ਼ਾਹ-ਸਵਾਰ ਹੈ। ਕਵੀ ਵਜੋਂ ਵੀ ਅਤੇ ਚਿੱਤਰਕਾਰ ਵਜੋਂ ਵੀ ਅਸਲੋਂ ਨਿਵੇਕਲੀ ਪਛਾਣ ਹੈ ਉਸਦੀ। ਦੇਵ ਦੀ ਕਵਿਤਾ ਜੇ ਸਮੁੱਚੀ ਪੰਜਾਬੀ ਕਵਿਤਾ ਵਿਚੋਂ, ਇਕ ਖਾਸ ਕਿਸਮ ਦੀ ਸ਼ੈਲੀ ਸਦਕਾ, ਝੱਟ ਪਛਾਣੀ ਜਾਂਦੀ ਹੈ ਤਾਂ ਉਸਦੀਆਂ ਕਲਾ-ਕ੍ਰਿਤੀਆਂ ਉਤੇ ਵੀ ਉਸਦੀ ਨਿਵੇਕਲੀ ਸ਼ੈਲੀ ਦੀ ਮੁਹਰ-ਛਾਪ ਹੈ। ਸਾਹਿਤ ਤੇ ਕਲਾ ਦੋਹਾਂ ਖੇਤਰਾਂ ਵਿਚ ਆਪਣੇ ਵਰਗਾ ਇਕੋ-ਇਕ ਆਪ ਹੈ- ਦੇਵ, ਜੋ ਕਿਸੇ ਨਾਲ ਨਹੀਂ ਰਲਦਾ। ਸਵਿਟਜ਼ਰਲੈਂਡ ਦੀ ਰਾਜਧਾਨੀ, ਬਰਨ, ਦੇ ਲਾਗੇ ਨਿਰੋਲ ਕਲਾਕਾਰ ਵਜੋਂ ਰਹਿ ਰਿਹਾ ਦੇਵ ਯੂਰਪ ਦੇ ਕਲਾ-ਜਗਤ ਵਿਚ ਮਾਣਯੋਗ ਸਥਾਨ ਰੱਖਦਾ ਹੈ। ਉਸਦੀਆਂ ਕਲਾ-ਕਿਰਤਾਂ ਦੀਆਂ ਨੁਮਾਇਸ਼ਾਂ ਫਰਾਂਸ, ਜਰਮਨ, ਸਪੇਨ, ਅਮਰੀਕਾ ਆਦਿ ਦੇਸਾਂ ਵਿਚ ਸਮੇਂ-ਸਮੇਂ ਲਗਦੀਆਂ ਰਹਿੰਦੀਆਂ ਹਨ ਅਤੇ ਆਧੁਨਿਕ ਚਿੱਤਰਕਲਾ ਦੇ ਪਾਰਖੂ ਉਸਦੀਆਂ ਕਿਰਤਾਂ ਦਾ ਬਹੁਤ ਮੁੱਲ ਪਾਉਂਦੇ ਹਨ।

ਇਕ ਮਨੁੱਖ ਵਜੋਂ ਦੇਵ ਵਿਚ ਕਲਾਕਾਰਾਂ ਅਤੇ ਸ਼ਾਇਰਾਂ ਵਾਲੇ ਸਾਰੇ ਗੁਣ ਹਨ। ਉਦਾਰ ਬਿਰਤੀ, ਪ੍ਰਗਤੀਵਾਦੀ ਸੋਚ ਅਤੇ ਬੰਧਨ-ਮੁਕਤ ਵਿਹਾਰ ਸਹਿਤ ਉਹ ਸਹੀ ਅਰਥਾਂ ਵਿਚ ਮਾਨਵਵਾਦੀ ਹੈ। ਪਰ ਦੇਵ ਉਸ ਭਾਂਤ ਦੀ ਗੈਰ ਜ਼ਿੰਮੇਵਾਰੀ ਜਾਂ ਅਣਸਮਾਜਕਤਾ ਦਾ ਮੁੱਦਈ ਨਹੀਂ ਜਿਸ ਦੇ 'ਕਲਾਕਾਰ' ਬਣਨ ਜਾਂ ਦਿਸਣ ਦੇ ਚਾਹਵਾਨ ਲੋਕ ਸ਼ਿਕਾਰ ਹੁੰਦੇ ਹਨ। ਦੰਭ ਤੇ ਦਿਖਾਵੇ ਵਿਚ ਬੱਝੇ ਰਿਸ਼ਤਿਆਂ ਨੂੰ ਛੰਡਕੇ ਉਹ ਪਿਆਰ ਤੇ ਸਾਂਝ ਦੇ ਨਵੇਂ ਪ੍ਰਤੀਮਾਨ ਸਿਰਜਦਾ ਹੈ। ਉਹ ਇਕੋ ਸਮੇਂ ਆਪਣੇ ਪਿੱਛੇ ਨਾਲ ਜੁੜਦਾ ਹੈ ਅਤੇ ਇਸ ਲਈ ਆਪਣੀ ਮਾਤ-ਭਾਸ਼ਾ, ਜੰਮਣ-ਭੋਂ ਤੇ ਸਭਿਆਚਾਰ ਨੂੰ ਪਿਆਰ ਕਰਦਾ ਹੈ। ਇਸਦੇ ਨਾਲ ਹੀ ਉਹ ਇਹਨਾਂ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਉਪਭਾਵਕ ਪਹੁੰਚ ਤੋਂ ਮੁਕਤ ਹੋਕੇ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਆਪਣੇ ਚਿੱਤਰਾਂ ਵਿਚ ਉਹ ਬੁਰਸ਼-ਛੋਹਾਂ ਰਾਹੀਂ ਸ਼ਬਦ ਸਿਰਜਦਾ ਤੇ ਉਹਨਾਂ ਵਿਚ ਅਰਥ ਭਰਦਾ ਹੈ ਜਦਕਿ ਆਪਣੀ ਕਵਿਤਾ ਨੂੰ ਉਹ ਚਿੱਤਰ ਵਾਂਗ ਸੁਹਜਮਈ ਦਿੱਖ ਪ੍ਰਦਾਨ ਕਰਦਾ ਹੈ। ਉਸਦੀਆਂ ਕਵਿਤਾਵਾਂ ਤੇ ਚਿੱਤਰ ਰੋਹ-ਵਿਦ੍ਰੋਹ ਦੀ ਭਾਵਨਾ ਵੀ ਜਗਾਉਂਦੇ ਹਨ ਅਤੇ ਕੁੰਠਤ ਭਾਵਨਾਵਾਂ ਨੂੰ ਸ਼ਾਂਤ ਤੇ ਤ੍ਰਿਪਤ ਵੀ ਕਰਦੇ ਹਨ।

ਸਾਹਿਤ ਤੇ ਕਲਾ ਦੋਹਾਂ ਹੀ ਖੇਤਰਾਂ ਵਿਚ ਦੇਵ ਬਹੁਤ ਲੰਮਾ ਪੰਧ ਤੈਅ ਕਰ ਆਇਆ ਹੈ। ਜਗਰਾਵਾਂ ਵਿਚ ਜੰਮਿਆ, ਅਫਰੀਕਾ ਵਿਚ ਵੱਡਾ ਹੋਇਆ, ਪਰਿਵਾਰ ਤੋਂ ਵਿਛੁੰਨਿਆ, ਮਰਜ਼ੀ ਨਾਲ ਖਾਨਾਬਦੋਸ਼ ਬਣਿਆ ਇਹ ਕਲਾਕਾਰ ਸ਼ਾਇਰ ਪਤਾ ਨਹੀਂ ਹਾਲੇ ਵੀ ਹੋਰ ਕਿੰਨ੍ਹਾਂ ਦਿਸ਼ਾਵਾਂ ਵਿਚ ਜਾਵੇ! ਪਰ ਉਸਦੀ ਪ੍ਰਤਿਭਾ ਦੀ ਪਛਾਣ ਹੋ ਚੁੱਕੀ ਹੈ। ਇਹ ਮਾਣ ਵਾਲੀ ਗੱਲ ਹੈ ਕਿ ਸੱਠਵਿਆਂ ਵਿਚ ਇਕ ਕਵੀ ਵਜੋਂ ਪੰਜਾਬੀ ਸਾਹਿਤ-ਜਗਤ ਨਾਲ ਉਸਦਾ ਪਰਿਚਯ 'ਸਿਰਜਣਾ' ਰਾਹੀਂ ਹੋਇਆ ਸੀ ਅਤੇ ਇਕ ਕਲਾਕਾਰ ਵਜੋਂ ਪ੍ਰਵਾਨ ਹੋਣ ਦੇ ਸੰਘਰਸ਼ ਦੇ ਮੁੱਢਲੇ ਵਰ੍ਹਿਆਂ ਵਿਚ ਇਹਨਾਂ ਸਤਰਾਂ ਦੇ ਲੇਖਕ ਨੂੰ ਦੇਵ ਨੂੰ ਨੇੜਿਉਂ ਵੇਖਣ ਸਮਝਣ ਦਾ ਮੌਕਾ ਮਿਲਦਾ ਰਿਹਾ ਸੀ।

ਹੱਥਲੇ ਅੰਕ ਦੇ ਟਾਈਟਲ ਉਤੇ ਉਸਦੀ ਕਲਾਕ੍ਰਿਤੀ ਸਮੇਤ ਪੇਸ਼ ਹਨ ਦੇਵ ਦੀਆਂ ਕੁਝ ਨਵੀਆਂ ਕਵਿਤਾਵਾਂ।

ਰਘਬੀਰ ਸਿੰਘ

# ਕਵੀ, ਕਵਿਤਾ ਤੇ ਰਿਸ਼ਤੇ : ਅੱਠ ਕਵਿਤਾਵਾਂ

ਦੇਵ

## ਸਪਤ-ਵਰਨੀ

ਸ਼ਬਦਾਂ ਦੇ ਅੰਦਰ
ਹੋਰ ਸ਼ਬਦ ਪਏ ਨੇ
ਕਦੇ ਸਾਖੀਆਂ
ਤੇ ਕਦੇ ਜ਼ਖਮੀ ਚੁੱਪਾਂ
ਇਕ ਪਰ ਨਾਲ ਕਦੇ ਕੋਈ ਪੰਛੀ ਨਹੀਂ ਉਡਦਾ
ਇਕ ਖੰਭ ਸ਼ਿਲਪ
ਦੂਜਾ
ਅਕਾਸ਼
ਮੈਂ ਅੱਗ ਲੱਗੇ ਪਰਿੰਦੇ ਦੀ ਪਰਵਾਜ਼ ਹਾਂ

ਪਰਕਾਸ਼ ਧੁੱਪ ਨਾਲ ਵੀ ਹੈ
ਤੇ ਉਤਮ ਪੁਰਖ ਦਾ ਲਿਬਾਸ ਪਹਿਨਕੇ
ਸ਼ੀਸ਼ਿਆਂ ਦੀ ਬਾਰਾਂਦਰੀ ਅੰਦਰ ਪਰਛਾਵਿਆਂ ਨਾਲ
ਖੇਡਦੀ ਗੂੰਜ ਨਾਲ ਵੀ
ਗੁੱਦੇਦਾਰ "ਇਛਾਵਾਂ" ਦਾ ਕਾਲ :
ਉਂਗਲਭਰ ਬਉਣੀਆਂ
ਸਾਡੀਆਂ ਸਵੈ ਸਾਖੀਆਂ ਦਾ ਜਾਲ
ਆਮ ਨਾਮ ਤੋਂ ਸਰਬ ਨਾਮ ਤਕ
ਸ਼ਬਦ ਅਰਥਾਂ ਦੀਆਂ ਸੁਰੰਗਾਂ ਅੰਦਰ
ਦੋਜ਼ਖ ਦਾ ਸਫਰ ਹੈ
ਸਵੈ ਸਬੂਤਾਂ : ਇਕ ਪਾਸੀ ਤਸਵੀਰਾਂ ਦਾ ਨੀਰਸਪੁਣਾ
ਆਤਮ-ਕਥਾ ਨਹੀਂ
ਸਵੈ ਸੰਤਾਪਾਂ ਦੀ ਦਲਦਲ ਹੈ

## ਮਹਿਰਾਬਦਾਰੀਆਂ

ਮੈਂ ਸ਼ਬਦ ਦੀ ਤਲਾਸ਼ ਦਾ ਆਕਾਸ਼
ਖਾਮੋਸ਼ੀ ਦੇ ਅਕਾਰ
ਰਿਸ਼ਤਿਆਂ ਦੀ ਭਟਕਣ
ਮਹਿਰਾਬਦਾਰੀਆਂ 'ਚ ਲੰਘਦਾ
ਕਦੇ ਸਿਮਰਤੀ



ਕਦੇ ਸਮਿਆਂ ਦਾ ਸੰਤਾਪ
ਕਦੇ ਸੰਤਾਪ ਮੇਰੇ ਆਪਣੇ ਹੀ ਅਸੁੱਤੇ ਪਰਛਾਵੇਂ
ਭਰਮ ਪਾਣੀਆਂ ਦੇ

ਮੈਂ ਸ਼ਬਦ ਦੀ ਤਲਾਸ਼ ਦਾ ਅੰਕੁਰ
ਉਦਾਸ ਉਮੀਦ ਪਹਿਨ ਕੇ ਨਿਕਲਦਾ
ਨਕਸ਼ਿਆਂ ਨੂੰ ਪੜ੍ਹਨ ਲਈ
ਕਿਤੇ ਤਾਂ ਹੋਵੇਗੀ ਕੋਈ ਇਕ ਥਾਂ ਨਕਸ਼ੇ ਦੀ ਕਿਸੇ ਨੁਕਰ ਅੰਦਰ
ਹਰੀ ਉਮੀਦ ਨਾਲ ਲਿਸ਼ ਲਿਸ਼ ਕਰਦੀ
ਛਲਚਿਤਰ ਮਹਿਰਾਬਦਾਰੀਆਂ ਦੇ
ਵਕਤ ਆਕਾਰ ਬਣ ਗੂੰਜਦੇ
ਕਿੱਥੇ ਹੈ "ਤੂੰ",
"ਤੂੰ ਕਿੱਥੇ" ਹੈਂ

ਛਲਚਿਤਰ :
ਸਿਮਰਤੀ : ਭਰਮ : ਜ਼ਖਮ
ਪਲ ਪਲ ਬਦਲਦੀ ਤਸਵੀਰ
ਮੇਰੇ ਚਿਹਰੇ ਦੀ

ਸ਼ਬਦ ਦੀ ਤਲਾਸ਼ ਹਾਂ ਮੈਂ
ਸ਼ੋਰ ਦੀਆਂ ਚਟਾਨਾਂ 'ਚ ਖਾਮੋਸ਼ੀਆਂ ਤਰਾਸ਼ਦਾ
ਕੁਝ ਇਸ ਤਰ੍ਹਾਂ ਹੀ ਭਟਕਣ : ਸਫਰ : ਸਰਨਾਵਾਂ ਹੈ ਮੇਰਾ

## ਸ਼ਾਇਰ ਦੀ ਪਹਿਚਾਣ

ਕਵੀ ਦਾ ਕੋਈ ਘਰ ਨਹੀਂ ਹੁੰਦਾ
ਸ਼ਾਇਰ ਕਦੇ "ਘਰੇ" ਨਹੀਂ ਹੁੰਦਾ
ਉਸਦਾ ਬਸ ਸੁਪਨਾ ਹੁੰਦੈ
ਸੁਪਨੇ ਦੀ ਤਾਮੀਰ
ਸਿਰਜਣਾ ਦਾ ਸਫਰ

ਸ਼ਾਇਰ ਨੂੰ ਘਰੇ ਨਾ ਮਿਲਣ ਜਾਣਾ
ਉਥੇ ਤਾਂ ਆਮ ਜਿਹਾ ਰਿਸ਼ਤਾ ਹੋਵੇਗਾ
ਸਰੀਰਕ ਸਨਾਤਨੀ
ਸਨਕੀ ਜਾਂ ਸ਼ਰਾਰਤੀ
ਕਵੀ ਕਦੇ ਘਰੇ ਨਹੀਂ ਹੁੰਦਾ
ਜੋ ਕਵੀ ਨੂੰ ਘਰੇ ਤਲਾਸ਼ ਕਰਨ ਜਾਂਦੇ ਨੇ

ਉਹ ਪਿੰਜਰੇ ਦੇ ਪੰਛੀ
ਪਰੰਪਰਾ ਦੇ ਭੂਤ-ਪਰਛਾਵਿਆਂ ਦਾ ਹੇਰਵਾ ਹੈ

ਸ਼ਾਇਰ ਨੂੰ ਮਿਲਣਾ ਕਿਤੇ ਹੋਰ
ਮਹਿਜ
ਸਹਿਜ
ਉਸਦੇ ਸ਼ਬਦਾਂ ਅੰਦਰ
ਸ਼ਾਇਰ ਦਾ ਪਤਾ ਉਸਦਾ ਬੂਹਾ ਹੋਵਗਾ
ਸ਼ਾਇਰ ਦੀ ਪਹਿਚਾਣ
ਉਸਦੇ ਮੱਥੇ 'ਚ ਖੇਡਦੀ
ਧੁੱਪ-ਛਾਂ ਹੈ

## ਅੰਕੁਰ ਦੀ ਤਲਾਸ਼

ਕਵੀਆਂ ਨੂੰ ਸੁਣਨ ਦਾ ਸ਼ੌਕ ਨਹੀਂ ਹੁੰਦਾ
ਉਹਨਾਂ ਨੂੰ ਲਗਾਤਾਰ ਬੋਲਦੇ ਰਹਿਣ ਦਾ
ਤਈਆ ਤਾਪ ਚੜ੍ਹਿਆ ਹੁੰਦੈ
ਕਵੀ ਕਿਸੇ ਅਦਿਸਦੇ
ਅਨਾਮ ਸੰਦੇਸ਼ ਦੇ ਗੁਲਾਮ ਹੁੰਦੇ ਨੇ
ਉਹ ਕਾਲਪਨਿਕ ਆਜ਼ਾਦੀਆਂ ਦੇ ਰਾਮ ਰਥਾਂ 'ਤੇ ਸਵਾਰ ਹੋ ਕੇ
ਮੁਖਾਤਿਬ ਹੁੰਦੇ ਨੇ,
ਮੁਖ ਤੋਂ ਬਿਨਾਂ
ਮਖੌਟੇ ਪਹਿਨਕੇ
ਆਪਣੇ ਆਪ ਨੂੰ ਹੀ

ਕਵੀਆਂ ਨੂੰ ਸੁਣਨ ਦਾ ਸ਼ੌਕ ਨਹੀਂ ਹੁੰਦਾ
ਉਹ ਸਿਰਫ 'ਸੁਣ' ਸਕਦੇ ਨੇ
ਤਾੜੀਆਂ,
ਬੱਲੇ ਬੱਲੇ,
ਮਖਿਆਲੀ ਭਾਵੁਕਤਾ ਅੰਦਰ ਡੁੱਬਣ ਲਈ
ਤੇ ਕਿਸੇ ਚੋਂਦੇ ਚੋਂਦੇ ਮਿਸ਼ਰੇ ਕਾਫੀਏ ਰਦੀਫ ਦੀ ਤਲਾਸ਼ ਅੰਦਰ
ਕਵੀ ਭਟਕ ਜਾਂਦੈ
ਉਚਾਰ ਤੋਂ ਪਹਿਲਾਂ ਸ਼ਬਦ ਦੀ ਖੋਜ
ਫਿਰ ਖਾਮੋਸ਼ੀ ਦਾ ਅੰਕੁਰ
ਅੰਕੁਰ ਦੀ ਤਲਾਸ਼
ਕਿੰਨਾ ਕਠਿਨ ਹੈ ਕਵੀ ਦਾ ਅਕਾਸ਼



ਕਿੰਨਾ ਤਿਲਕਣਾ ਹੈ ਉਸਦੇ ਪੈਰਾਂ ਹੇਠ
ਅੱਖਰਾਂ ਦਾ ਹੰਕਾਰ
ਮੈਂ ਸ਼ਬਦ ਦੇ ਹਉਂ ਦੇ ਵਿਚਕਾਰਲੀ ਭਟਕਣ ਹਾਂ

## ਤਲਵਾਰ

ਕਵੀ ਨੂੰ ਕਲਮ ਦਾ ਸਰੋਪਾ
ਸ਼ਬਦ ਦੀ ਸੁਗਾਤ
ਕੀ ਕਰੇਗਾ ਕਵੀ : ਸਰੋਪੇ ਦੀ ਤਲਵਾਰ ਪਹਿਨ ਕੇ
ਇਹ ਸਰੋਪੇ, ਇਹ ਫੂਹੜ ਚਿੰਨ੍ਹ
ਸਰਾਪ ਹੁੰਦੀ ਏ ਤਲਵਾਰ
ਬੇਪਰਵਾਹ ਵਗਦੇ ਪਾਣੀਆਂ ਦੇ ਨੀਲੇ ਪੰਛੀਆਂ ਦੀ ਉਡਾਣ ਲਈ
ਤਲਵਾਰ ਦਾ ਤੁਅਲੁਕ ਤਾਰੀਖ ਦੇ ਅਬਰਕੀ ਦਰਬਾਰ ਨਾਲ ਹੁੰਦੈ
ਸੱਤਾ ਤੋਂ ਸੱਖਣੀ ਤਲਵਾਰ
ਪਲਾਂ ਅੰਦਰ ਖੁੰਢੀ ਤੇ ਚਿੱਬ-ਖੜਿੱਬੀ ਹੋ ਜਾਂਦੀ ਹੈ
ਸਰੋਪੇ ਦੀ ਤਲਵਾਰ ਮਹਿਰਾਬ 'ਤੇ "ਟੰਗੀ"
ਪੁਰਾਤੱਤਵ ਹਉਂ ਦਾ ਜ਼ੰਗਾਲ
ਕਵੀ ਦੀ ਕਲਮ ਨਾ ਬਿਰਧ ਨਾ ਖੁੰਢੀ
ਕਲਪਨਾ ਦੇ ਪਾਣੀਆਂ ਨਾਲ ਹੁੰਦੀ ਹੈ ਦਿਨ ਰਾਤ ਤੇਜ਼-ਧਾਰ
ਸੂਰਜ ਦੇ ਸਰੋਵਰ 'ਚੋਂ ਤਰ ਹੋ ਕੇ
ਮਿੱਟੀ ਨੂੰ ਚੁੰਮਦੀ
ਅਕਾਸ਼ਾਂ ਨੂੰ ਆਇਤਦੀ
ਤਲਵਾਰ ਮਿਆਨ ਅੰਦਰ ਪਈ
ਜਿੱਤ ਤੇ ਬਦਲੇ ਲਈ ਖਿਝਦੀ ਹੈ
ਜ਼ਮੀਨ ਦੋਜ਼ ਰਕਤ ਅੰਦਰ ਡੁੱਬੀ
ਮਿਆਨ ਤੇ ਗਿਆਨ 'ਚ ਰਾਤ ਤੇ ਦੀਵੇ ਦਾ ਅੰਦਰ ਹੈ
ਤਲਵਾਰ ਕਲਮ ਦਾ ਪਰਛਾਵਾਂ ਵੀ ਨਹੀਂ ਹੋ ਸਕਦੀ
ਉਹ ਕਲਮਾਂ ਨੂੰ ਕਲਮ ਤਾਂ ਕਰ ਸਕਦੀ ਹੈ
ਕਲਮ ਨੂੰ ਸਲਾਮ ਕਰਨਾ ਅਜੇ ਤਲਵਾਰਾਂ ਨੇ ਸਿਖਣਾ ਹੈ

## ਬੋਲਣ ਤੋਂ ਪਹਿਲਾਂ

ਬੋਲਣ ਤੋਂ "ਪਹਿਲਾਂ"
ਚੁੱਪ ਨੂੰ ਕਵਿਤਾ ਬਣਨ ਦਿਉ
ਕਵਿਤਾ ਕਹਿਣ ਤੋਂ ਪਹਿਲਾਂ
ਚੁੱਪ ਨੂੰ ਬੋਲਣ ਦਿਉ

ਇਹ ਜੋ ਬੋਝ ਹੈ
ਅੱਖਰਾਂ 'ਤੇ
ਹਉਂ ਦਾ
ਇਹ ਜੋ ਪਰਛਾਵੇਂ ਨੇ ਮੇਰੀ ਸਿਮਰਤੀ ਦੇ
ਨਹੀਂ ਇਹ ਕਵਿਤਾ ਨਹੀਂ
ਉਚਾਰ:
ਚੀਕ
ਚੁੱਪ ਦਾ
ਪੀਨਕ ਲੱਗਾ ਨਸ਼ਾ ਹੈ
ਇਹ ਕਵਿਤਾ ਨਹੀਂ
ਬੇਬਸੀ ਹੈ
ਕਵਿਤਾ ਦੇ ਨਾਂ 'ਤੇ
ਲਗਾਤਾਰ ਬੋਲੀ ਜਾਣ ਦੀ ਅੰਨ੍ਹੀ ਗੁਫਾ ਅੰਦਰ ਭਟਕਣ ਹੈ
ਬੋਲਣ ਤੋਂ ਪਹਿਲਾਂ
ਚੁੱਪ ਨੂੰ ਕਵਿਤਾ ਬਣਨ ਦਿਉ

## ਬੰਦ ਮੱਥੇ

ਬੰਦ ਮੱਥਿਆਂ ਨਾਲ ਕਿਵੇਂ ਪੜ੍ਹੋਗੇ ਤੁਸੀਂ
ਬੰਦ ਮੱਥਿਆਂ ਅੰਦਰ ਅਸੀਂ ਤਰ੍ਹਾਂ ਤਰ੍ਹਾਂ ਦੇ ਖਾਨੇ ਉਸਾਰ ਲਏ ਨੇ
ਕੁਝ ਇਸ ਤਰ੍ਹਾਂ ਦੇ ਵੀ ਹੁੰਦੇ ਨੇ
ਉਹਨਾਂ ਦਾ ਕੋਈ ਖਾਨਾ ਨਹੀਂ
ਉਹ ਖਾਨਾਬਦੋਸ਼ ਹੁੰਦੇ ਨੇ

ਖਾਨਿਆਂ ਅੰਦਰ ਤਰਤੀਬ ਹੈ
ਉਥੇ ਸ਼ਰਾਫਤ ਜਿਹਾ ਅਕੇਵਾਂ ਵਸਦੈ
ਹੁਣ ਕੁਝ ਇਸ ਤਰ੍ਹਾਂ ਹੋ ਗਿਆ ਹੈ
ਤੁਸੀਂ ਆਉਂਦੇ ਹੋ : ਉਹਨਾਂ ਦੇ ਪੁੱਛਣ ਤੋਂ ਪਹਿਲਾਂ ਹੀ
ਤੁਸੀਂ ਆਪਣੇ ਖਾਨੇ ਦੀ "ਦਿਸ਼ਾ" ਦੱਸ ਦਿੰਦੇ ਹੋ
ਅਸੀਂ ਸਭ ਆਪਣੇ ਆਪਣੇ ਖਾਨਿਆਂ ਦੇ ਕੈਦਖਾਨੇ ਹਾਂ

## ਉਸ ਨੇ ਕਿਹਾ

ਉਸ ਨੇ ਕਿਹਾ
ਏਨੀ "ਦੂਰ" ਪਹੁੰਚ ਕੇ
ਤੇਰੇ ਪੈਰ "ਹੁਣ" ਚੁੱਪ ਕਿਉਂ ?



ਆਪਣੇ ਮੱਥੇ ਨੂੰ ਬੁੱਕਲ ਦੀ ਗੁਫਾ 'ਚ ਛੁਪਾਈ ਰਖਦੈਂ
ਤੇ ਉਹ ਮੈਨੂੰ ਆਪਣੇ ਮੋਹ ਦੇ ਅਰਕ ਨਾਲ ਉਕਸਾਉਂਦੀ ਹੈ
ਇਹ ਤੇਰਾ ਇਮਤਿਹਾਨ ਹੈ
ਪਹਿਲਾਂ ਤੂੰ ਸਿਤਾਰਾ ਸੀ
ਤੇਜੱਸਵੀ
ਆਪਣੀ ਹੀ ਲਿਸ਼ਕ ਦੇ ਆਰ ਪਾਰ
ਤੇਰੀ ਪ੍ਰਤਿਭਾ ਜਗਿਆਸਾ ਤੋਂ ਜਸ਼ਨ
ਤੇਰੀ ਚੁੱਪ ਪੂਰਬੀ ਸਰਘੀ ਦੀ ਆਭਾ
ਹੁਣ ਤੂੰ ਪੂਰਬੀ ਨਹੀਂ
ਸਾਡੇ ਤਰਕਾਂ ਤੇ ਤਰਕੀਬਾਂ ਦੇ ਇਰਦ ਗਿਰਦ ਪ੍ਰਸ਼ਨ ਚਿੰਨ੍ਹ ਹੈਂ

ਇਹ ਤੇਰਾ ਇਮਤਿਹਾਨ ਹੈ
ਤੇਰੇ ਸ਼ਬਦਾਂ ਸੁਪਨਿਆਂ ਤੇ ਸੁਭਾ 'ਤੇ
ਅਲਪਕਾਲੀ ਪਹਿਰ ਹੈ
ਇਤਨੀ ਦੂਰ ਆ ਕੇ ਹੁਣ ਤੂੰ ਪਿੱਛੇ ਪਰਤ ਕੇ ਨਾ "ਤੱਕ"

ਤੂੰ ਜੋ ਭੰਵਰਾਂ, ਤੁਫਾਨਾਂ ਨਾਲ ਖੇਡਣ ਵਾਲਾ ਸਿੰਦਬਾਦ ਹੈਂ
ਕਿਉ ਚੁੱਪ ਦੇ ਕੰਢਿਆਂ 'ਤੇ ਬੈਠਾ
ਤੇਜ਼ ਧਾਰ ਲਹਿਰਾਂ ਤੋਂ ਭੈ-ਭੀਤ ਹੋ ਰਿਹੈਂ
ਚਿਹਰੇ 'ਤੇ ਮਸੋਸੀ ਰਾਤ ਪਹਿਨੀ ਰਖਦੈਂ
ਸਾਡਾ ਸਭ ਦਾ ਕਿਤੇ ਨਾ ਕਿਤੇ ਕੁਝ ਗਿਆ ਹੈ

ਇਤਨੀ ਦੂਰ ਤਕ ਅੱਪੜ ਕੇ
ਹੁਣ ਇਸ ਪੁਲ ਨੂੰ ਟੁੱਟਣ ਨਾ ਦੇ
ਮੈਂ ਜੋ ਤੇਰੇ ਰੰਗ ਦਾ ਅੰਗ ਬਣ ਗਈ ਹਾਂ
ਤੂੰ ਅਜੇ ਬਹੁਤ ਦੂਰ ਤਕ ਜਾਣੈ
ਇਹ ਤੇਰੇ ਇਮਤਿਹਾਨ ਦੇ ਦਿਨ ਨੇ
ਪਿੱਛੇ ਵੱਲ ਪਰਤ ਕੇ ਨਾ "ਝਾਕ"
ਉਥੇ ਬਸ ਸਿਮਰਤੀਆਂ ਦੀ ਰਾਖ ਹੈ

[Schulhausgasse 12 & 14, 3113 RUBIGEN, **SWITZERLAND**]

# ਦੋ ਗਜ਼ਲਾਂ

ਰਤਨ ਸਿੰਘ ਢਿਲੋਂ

## 1

ਬੁਝਦੇ ਚਿਰਾਗ਼ ਵੇਖ ਤੂੰ ਸੜਦੇ ਚਨਾਰ ਵੇਖ।
ਬਰਫ ਦੇ ਜੰਗਲ 'ਚ ਤੂੰ ਅੱਗ ਦੀ ਬਹਾਰ ਵੇਖ।

ਇਹ ਬੂਰਗੀਆਂ, ਇਹ ਵੂਰਗੀਆਂ, ਅੰਤਖਰੀਆਂ ਤੇ ਰੈਪੀਆਂ,
ਕੌਮ ਅਰਜਣ ਭੀਮ ਦੀ ਬਣਦੀ ਨਚਾਰ ਵੇਖ।

ਨੀਤੀਆਂ, ਬਦਨੀਤੀਆਂ, ਕੁਕਰਮੀਆਂ ਕੁਰੀਤੀਆਂ,
ਡੋਲੀ ਨੂੰ ਲੁੱਟਣ ਵਾਸਤੇ ਲੜਦੇ ਕਹਾਰ ਵੇਖ।

ਕੁਝ ਨੋਟ ਨੇ, ਕੁਝ ਵੋਟ ਨੇ, ਕੁਝ ਸੁਨਹਿਰੀ ਰੋਟ ਨੇ,
ਕੁਰਸੀ ਨੂੰ ਭੋਗਣ ਵਾਸਤੇ ਲਗਦੇ ਬਜ਼ਾਰ ਵੇਖ।

ਸਰਕਾਰ ਵੀ ਢਹਿੰਦੀ ਰਹੇ, ਮਾਰ ਵੀ ਪੈਂਦੀ ਰਹੇ,
ਲੋਕ ਮੇਰੇ ਦੇਸ਼ ਦੇ ਲੈਂਦੇ ਸਹਾਰ ਵੇਖ।

ਕੌਣ ਜਾਣੇ ਕਾਫਲਾ ਮੰਜ਼ਿਲ 'ਦੇ ਪਹੁੰਚਗਾ ਕਿਵੇਂ,
ਸ਼ੁਤਰ ਤਾਂ ਹੁਣ ਹੋ ਗਏ ਨੇ ਬੇ-ਮੁਹਾਰ ਵੇਖ।

ਰੋਟੀ ਨਹੀਂ ਕਪੜਾ ਨਹੀਂ, ਪਾਣੀ ਨਹੀਂ ਕੋਈ ਗੱਲ ਨਹੀਂ,
ਤਾੜੀ ਵਜਾ ਤੇ ਰੇਤ ਵਿਚ ਚਲਦੇ ਅਨਾਰ ਵੇਖ।

## 2

ਮੇਰਾ ਮਨ ਵੀ ਕਰਦਾ ਹੈ ਕਿ ਸਰਦਲ ਤੇਰੀ ਪੈਰ ਧਰਾਂ।
ਪਰ ਅੰਦਰੋਂ ਇਹ ਡਰਦਾ ਹੈ ਕਿ ਐਵੇਂ ਨਾ ਖਾਮੋਸ਼ ਮਰਾਂ।

ਮੋਰ, ਪਪੀਹੇ, ਦਾਦਰ ਬੋਲੇ, ਘਣ ਬਰਸਣ ਦੀ ਰੁੱਤ ਆਈ,
ਮੇਰੇ ਸਿਰ 'ਤੇ ਧੁੱਪ ਦੀ ਛਤਰੀ, ਮੀਂਹਾਂ ਦਾ ਕੀ ਮਾਣ ਕਰਾਂ।

ਝੀਲਾਂ, ਝਰਨੇ, ਵਹਿੰਦੇ ਦਰਿਆ ਡੀਕ ਲਏ ਨੇ ਦੇਵਤਿਆਂ,
ਪਾਣੀ ਪਾਣੀ ਕਰਦੇ ਫਿਰਦੇ ਮੇਰੇ ਸਾਰੇ ਸ਼ਹਿਰ ਗਰਾਂ।

ਬਿਛੂ, ਠੂੰਹੇ ਅਤੇ ਸਪੋਲੇ ਤੁਰ ਪਏ ਰਾਜ ਮਹੱਲਾਂ ਨੂੰ,
ਘਰ ਦੇ ਅੰਦਰ ਬੰਦੇ ਦੀ ਥਾਂ ਡੇਰਾ ਲਾਇਆ ਆਣ ਡਰਾਂ।

ਅਜਨਬੀਆਂ ਦੇ ਸ਼ਹਿਰ 'ਚ ਆਪਾਂ 'ਰਤਨ' ਗਵਾਚੇ ਫਿਰਦੇ ਹਾਂ,
ਜੇਬ 'ਚ ਪਾਈ ਪਤੇ ਆਪਣੇ ਲਭਦੇ ਫਿਰੀਏ ਕੋਈ ਸਰਾਂ।

[25-ਬੀ, ਟ੍ਰਿਬਿਊਨ ਕਾਲੋਨੀ, ਅੰਬਾਲਾ ਕੈਂਟ - 133 001]



# ਤਿੰਨ ਕਵਿਤਾਵਾਂ

ਬਲਬੀਰ ਪਰਵਾਨਾ

### ਦੁਬਿੱਧਾ

ਬਹੁਤ ਕੁਝ ਧੁੰਦਲਾ ਕਰ ਦਿੱਤਾ ਹੈ
ਸਮੇਂ ਦੇ ਥਪੇੜਿਆਂ ਨੇ

ਇੱਛਾ ਤਾਂ ਹੈ
ਤੋੜ ਦੇਣ ਲਈ ਚਕਰਵਿਊ
ਪਰ ਸਪੱਸ਼ਟਤਾ ਨਹੀਂ
ਕਿਸ ਮੋੜ ਤੋਂ, ਤੁਰਿਆ ਜਾਵੇ ਕਿਸ ਰਾਹ

ਏਨੀ ਵਧ ਗਈ ਹੈ ਉਲਝਣ, ਏਨਾ ਗੁਬਾਰ
ਕਿ ਵਾਰ ਵਾਰ ਤਿੜਕਦਾ ਹੈ ਹੌਂਸਲਾ

ਕੀ ਕਰਾਂ, ਕਿਧਰ ਜਾਵਾਂ
ਹਾਰ ਮੰਨ ਲੈਣੀ ਮਨ ਨਹੀਂ ਚਾਹੁੰਦਾ
ਤੇ ਤੁਰਨ ਦਾ ਰਾਹ ਸਪੱਸ਼ਟ ਨਹੀਂ

ਆਣ ਪੁੱਜਿਆ ਹਾਂ ਕਿਸ ਮੋੜ 'ਤੇ

### ਸੁਪਨਿਆਂ ਦਾ ਮੀਂਹ

ਦੂਰ ਦੁਮੇਲ 'ਤੇ, ਇਕ ਬੱਦਲੀ ਚੜ੍ਹੀ ਹੈ
ਆਸ ਹੋ ਗਈ ਹੈ ਮੀਂਹ ਦੀ
ਕਿ ਬੱਦਲ ਨਾਲ, ਜੁੜਿਆ ਹੁੰਦਾ ਹੈ ਮੀਂਹ
ਉਂਜ ਕਈ ਵਾਰ
ਪਰ ਘਨਘੋਰ ਘਟਾਵਾਂ ਸਿਰ ਉਪਰੋਂ ਹੋ ਕੇ ਵੀ
ਬਿਨ-ਵਰ੍ਹਿਆਂ ਲੰਘ ਜਾਂਦੀਆਂ

ਉਹਨੂੰ ਤਕਦਿਆਂ
ਦਿਲ 'ਚ ਬਹੁਤ ਕੁਝ ਉਗਮਿਆ ਹੈ
ਫੈਲਰੀਆਂ, ਕਿੰਨੇ ਹੀ ਸੁਪਨਿਆਂ ਦੀਆਂ ਲਗਰਾਂ
ਤੇ ਕਲਪਿਆ, ਸੁਪਨ-ਸੰਸਾਰ
ਉਸਦੇ ਨਕਸ਼ਾਂ ਜਿਹਾ
ਪਤਾ ਨਹੀਂ, ਸੁਪਨਿਆਂ ਦਾ ਮੀਂਹ ਪੈਂਦਾ ਹੈ
ਕਿ ਤਰਸਦਾ ਹੀ ਰਹੇਗਾ ਦਿਲ
ਥਲ ਦੀ ਪਿਆਸ ਵਾਂਗ

ਬੇਮੌਸਮੀ ਬਾਰਸ਼
ਤਬਾਹ ਕਰ ਦੇਂਦੀ ਹੈ ਖੇਤਾਂ 'ਚ ਫ਼ਸਲਾਂ
ਤੇ ਫ਼ਸਲਾਂ ਦੀ ਆਸ 'ਤੇ ਪਲਦੇ
ਘਰਾਂ 'ਚ ਸੁਪਨੇ
ਬੇਮੌਸਮੀ ਬਾਰਸ਼, ਪਰ ਕਰ ਜਾਂਦੀ ਹੈ
ਜੰਗਲ ਨੂੰ ਹੋਰ ਹਰਾਭਰਾ
ਜੜ੍ਹਾਂ 'ਚ ਰਿਸਦਾ ਪਾਣੀ, ਤੇ ਮੌਲਦੇ ਰੁੱਖ
ਜੰਗਲ ਹਰ ਪਲ ਕਰਦਾ ਹੈ ਉਡੀਕ, ਮੀਂਹ ਦੀ
ਕੋਈ ਬਾਰਸ਼ ਬੇਮੌਸਮੀ ਨਹੀਂ ਹੁੰਦੀ, ਜੰਗਲ ਲਈ
ਤੇ ਨਾ ਕੋਈ ਰਿਸ਼ਤਾ ਵਰਜਿਤ/ਬੇਮੌਸਮਾਂ
ਮਨ ਦੇ ਸੁਪਨਿਆਂ 'ਚ ਹੁੰਦਾ

[ਸਾਹਿਤ ਸੰਪਾਦਕ, ਰੋਜ਼ਾਨਾ 'ਨਵਾਂ ਜ਼ਮਾਨਾ', ਜਲੰਧਰ]

## ਮੈਨੂੰ ਪਤਾ ਹੈ

### ਸੁਰਜੀਤ ਸਿੰਘ ਬਰਾੜ

ਫਿਲਹਾਲ ਆਹਿੰਸਾ ਨੂੰ, ਮੇਰੇ ਕੋਲੋਂ ਪਰ੍ਹੇ ਲੈ ਜਾਉ
ਮੈਨੂੰ ਪਤਾ ਹੈ, ਕਿ ਲਹੂ ਦਾ ਚਿੱਕੜ ਲੰਘਣ ਪਿੱਛੋਂ ਹੀ
ਮੈਂ ਮੰਜ਼ਲ 'ਤੇ ਪੁੱਜ ਸਕਾਂਗਾ

ਮੈਨੂੰ ਪਤਾ ਹੈ, ਸੱਚ ਨੂੰ ਪਹੀਏ ਲਾਉਣੇ,
ਬਹੁਤ ਕਠਿਨ ਕੰਮ ਹੈ
ਪਰ ਮੇਰੇ ਕੋਲ ਸਿਰ ਵੀ ਹੈ, ਹੱਥ ਵੀ ਹਨ, ਸੰਦ ਵੀ ਹਨ
ਮੈਂ ਅਜਿਹਾ ਕਰਕੇ ਹੀ ਰਹਾਂਗਾ

ਮੈਨੂੰ ਪਤਾ ਹੈ, ਇਹ ਜ਼ਖ਼ਮ ਸ਼ਬਦਾਂ ਨਾਲ ਨਹੀਂ
ਪਿਆਰ ਨਾਲ ਧੋਤੇ ਜਾਣਗੇ
ਮੈਨੂੰ ਪਤਾ ਹੈ, ਸਾਨੂੰ ਪਿਆਰ ਉਦੋਂ ਹੀ ਮਿਲਣਾ ਹੈ
ਜਦੋਂ ਅਸੀਂ ਨਫ਼ਰਤ, ਪੈਸੇ ਦੇ ਅੱਥਰੇ ਘੋੜੇ 'ਤੇ ਕਾਠੀ ਪਾ ਲਈ

ਉਹਨਾਂ ਨੂੰ ਐਵੇਂ ਵਹਿਮ ਹੈ
ਕਿ ਸਾਡੇ ਅੰਦਰੋਂ ਇੰਤਕਾਮ ਦੀ ਅੱਗ ਬੁਝ ਗਈ ਹੈ
ਪਰ ਅਜੇ ਤਾਂ ਇਸ ਅੱਗ ਨੇ, ਲਪਟਾਂ 'ਚ ਬਦਲਣਾ ਹੈ
ਆਕਾਸ਼ ਨੂੰ ਛੂਹਣਾ ਹੈ, ਅਤੇ ਆਪਣਾ ਹਿਸਾਬ ਚੁਕਤਾ ਕਰਨਾ ਹੈ

[ਘੋਲੀਆਂ ਕਲਾਂ, ਜ਼ਿਲਾ ਮੋਗਾ]



## ਇਕ ਸੋਗੀ ਅਹਿਸਾਸ

### ਪ੍ਰੇਮ ਕੁਮਾਰ

(ਅਮਨ ਦੇ ਨਾਂ)

ਅੱਜ ਪੁਰੇ ਦੀ ਹਵਾ ਲੈਕੇ ਆਈ ਤੇਰਾ ਖ਼ਿਆਲ
ਮੇਰੇ ਜ਼ਿਹਨ ਵਿਚ ਐ ਦੋਸਤ ਆਇਆ ਹੈ ਭੁਚਾਲ
ਮੈਂ ਸੁਣਿਆਂ ਹੈ ਤੇਰੇ ਅੰਬਰ 'ਤੋਂ, ਬਰੂਦ ਦਾ ਇਕ ਗੁਬਾਰ ਉਠਿਆ ਹੈ
ਮੇਰਾ ਅੱਜ ਦਿਲ ਵੀ ਰੋਇਆ ਹੈ, ਮੇਰਾ ਕਲੇਜਾ ਵੀ ਟੁੱਟਿਆ ਹੈ
ਅੱਜ ਫੇਰ ਇਕ ਸੁਪਨੇ ਦੀ ਕੁੱਖ ਵਿਚ, ਉਸਦਾ ਸੁਪਨਾ ਮੋਇਆ ਹੈ
ਤੇ ਇਕ ਮਾਸੂਮ ਲਾਸ਼ ਦਾ, ਸਰੇ ਬਾਜ਼ਾਰ ਜਸ਼ਨ ਹੋਇਆ ਹੈ ...

ਯਾਦ ਆਇਆ ਹੈ ਅੱਜ ਫੇਰ, ਸਮੁੰਦਰ ਪਾਰ ਉਹ ਗਰਾਂ
ਜਿੱਥੇ ਖੜ੍ਹੀਆਂ ਨੇ ਇਕ ਘਰ ਦੀਆਂ, ਸਿਰਫ ਚਾਰ ਕੰਧਾਂ
ਜਿਸਦੀ ਇਕ ਕੰਧ 'ਤੇ ਲਿਖੀ, ਮੇਰੀ ਜਨਮ ਘੜੀ ਸੀ
ਜਿੱਥੇ ਲਗਦੀ ਰਾਤ ਭਰ, ਕਦੀ ਲੋਰੀਆਂ ਦੀ ਝੜੀ ਸੀ
ਤੇ ਨੰਨ੍ਹੇ ਪੈਰ ਵਿਹੜੇ ਵਿਚ, ਦਿਨ ਭਰ ਪੈਲ ਪਾਉਂਦੇ ਸੀ
ਤੋਤਲੇ ਬੋਲ ਉਨੀਂਦੇ ਤਾਰਿਆਂ ਨੂੰ, ਮੁੜ ਮੁੜ ਜਗਾਉਂਦੇ ਸੀ
ਤੇ ਸੂਰਜ ਨਿਕਲਦਾ ਸੀ ਰੋਜ਼, ਮੇਰੀ ਮਹਿਬੂਬ ਦੀ ਮੁਸਕਾਣ ਵਰਗਾ
ਤੇ ਹਰ ਮੌਸਮ ਹੀ ਲੱਗਦਾ ਸੀ, ਇਸ਼ਕ ਦੀ ਪਹਿਲੀ ਪਹਿਚਾਣ ਵਰਗਾ ...

ਉਸ ਕਲ੍ਹ ਦੀ ਉਮਰ, ਜਦ ਮੇਰੀ ਅੱਜ ਵਿਚ ਚਲਦੀ ਹੈ
ਤਾਂ ਮੇਰੀ ਅੱਖ ਵਿਚ, ਹਰ ਸ਼ਾਮ ਧੁਖਦੀ ਹੈ, ਬਲਦੀ ਹੈ
ਉਸ ਕਲ੍ਹ ਦੇ ਅੱਜ ਵਿਚ, ਜੋ ਸਮੁੰਦਰਾਂ ਦੇ ਫਾਸਲੇ
ਨਾ ਪਹੁੰਚਣਗੇ ਹੰਝੂ ਤਕ, ਕਦੀ ਦਰਿਆਵਾਂ ਦੇ ਕਾਫਲੇ
ਤੁਰਦੇ ਜਾ ਰਹੇ ਹਾਂ ਫਿਰ ਵੀ, ਬੇਨਾਮ ਰਾਹਾਂ ਦੇ ਰਹਿਮ 'ਤੇ
ਟੁੱਟ ਗਏ ਹਾਂ ਕਦਮ ਕਦਮ, ਬੇਦਰਦ ਮੰਜ਼ਿਲ ਤੋਂ ਸਹਿਮ ਕੇ
ਇੰਜ ਰਹਿਮ ਜਾਂ ਸਹਿਮ 'ਤੇ, ਟਿਕਦੀ ਰਹੀ ਜ਼ਿੰਦਗੀ
ਮੌਤ ਦੀ ਮੰਡੀ 'ਚ, ਸਸਤੀ ਵਿਕਦੀ ਰਹੀ ਜ਼ਿੰਦਗੀ...

ਅੱਜ ਪੁਰੇ ਦੀ ਹਵਾ ਸੰਗ, ਮੈਂ ਅੱਗ ਦੇ ਦੇਸ ਜਾਵਾਂਗਾ
ਤੇ ਲਟਲਟ ਬਲਦੀਆਂ ਗਲੀਆਂ 'ਚ, ਬਰਫਾਨੀ ਪੈਰ ਪਾਵਾਂਗਾ
ਮੈਂ ਸੜਕਾਂ 'ਤੇ ਉਡਦੀ ਧੂੜ ਦਾ, ਮੱਥੇ 'ਤੇ ਤਿਲਕ ਲਾਵਾਂਗਾ
ਤੇ ਲਹੂ ਦੀ ਬੂੰਦ ਬਣਕੇ, ਨਦੀ ਦਾ ਕਰਜ਼ਾ ਚੁਕਾਵਾਂਗਾ
ਇਹ ਵਾਦੀਆਂ, ਇਹ ਖੇਤ ਰਹਿਣ, ਅਮਾਨਤ ਆਉਂਦੀ ਨਸਲ ਦੀ

ਮੈਂ ਮੰਗਦਾ ਰਹਾਂਗਾ ਖ਼ੈਰ, ਹਰ ਨਵੀਂ ਫਸਲ ਦੀ
ਇਸ ਤਰ੍ਹਾਂ ਮਿੱਟੀ ਤੇ ਰੋਟੀ ਦਾ, ਰਿਸ਼ਤਾ ਜੁੜਿਆ ਰਹੇ
ਕਿ ਫਿਰ ਕੋਈ ਰੋਜ਼ੀ ਲਈ, ਨਾ ਵਤਨ ਨੂੰ ਅਲਵਿਦਾ ਕਹੇ...

ਇਸ ਤੋ ਪਹਿਲਾਂ ਕਿ ਟੁੱਟ ਜਾਵੇ, ਜ਼ਿੰਦਗੀ ਦਾ ਹਰ ਸਾਜ਼
ਤੇ ਬੰਬਾਂ ਦੇ ਸ਼ੋਰ ਵਿਚ, ਡੁੱਬ ਜਾਵੇ ਮੇਰੀ ਆਵਾਜ਼
ਮੈਂ ਮੰਦਰਾਂ ਤੇ ਮਸਜਿਦਾਂ ਦੇ, ਦਰ ਖਟਕਾਵਾਂਗਾ
ਮੈਂ ਜੰਗਬਾਜ਼ਾਂ ਦੀ ਮਹਿਫਲ ਵਿਚ, ਨਾਅ੍ਹਰੇ ਲਾਵਾਂਗਾ
"ਇਹ ਅਜੰਤਾ ਦਾ ਹੁਨਰ, ਇਹ ਤਾਜ ਦੀ ਕਹਾਣੀ
ਇਹ ਹਿਮਾਲਾ ਦੀ ਸਿਖਰ, ਇਹ ਗੰਗਾ ਦਾ ਪਾਣੀ
ਇਹ ਲਾਡਲਾ ਬਚਪਨ, ਇਹ ਅੱਥਰੀ ਜਵਾਨੀ
ਇਨ੍ਹਾਂ ਦੇ ਦਮ 'ਤੇ ਹੈ ਜ਼ਿੰਦਗੀ, ਇਨ੍ਹਾਂ ਤੋਂ ਕੁਰਬਾਨ ਜ਼ਿੰਦਗਾਨੀ...
ਦੇ ਨਹੀਂ ਸਕਦਾ ਕੋਈ ਹੁਣ, ਇਸ ਧਰਤ ਨੂੰ ਐਟਮੀ ਤਸੀਹਾ
ਇਸਦੇ ਹਰ ਜ਼ੱਰੇ 'ਚੋਂ ਜਨਮੇਗਾ, ਅਮਨ ਦਾ ਮਸੀਹਾ"

[4609-194 Ave. S.E., **ISSAQUAH, WA.** 98027-9357, U.S.A.]

## ਨਿੱਕੀਆਂ ਕਵਿਤਾਵਾਂ

**ਸੁਖਮਿੰਦਰ ਸੇਖੋਂ**

### ਅਣਕਿਹਾ

ਚੁੱਪ ਕਰ, ਹੁਣ ਕੁਝ ਨਾ ਬੋਲ
ਕੁਝ ਅਣਕਿਹਾ ਵੀ ਰਹਿਣ ਦੇ
ਸ਼ੀਸ਼ੇ ਦੇ ਮਕਾਨ ਵਿਚ ਰਹਿਣ ਦਾ
ਕੁਝ ਤਾਂ ਸਲੀਕਾ ਸਿੱਖ

### ਆਪਣਾ ਲਹੂ

ਨਸ਼ਤਰ ਖੁਭ ਗਿਆ
ਸੀਨਾ ਛਲਣੀ ਛਲਣੀ ਬੇਜਾਨ ਹੋ
ਜ਼ਮੀਨ 'ਤੇ ਉਹ ਇਉਂ ਡਿੱਗਿਆ
ਜਿਵੇਂ ਅੰਗੂਰ ਦੀ ਵੇਲ ਤੋਂ
ਕਿਸੇ ਨੇ ਬੱਕਰੇ ਦਾ ਲਹੂ ਚੋਇਆ ਹੋਵੇ

### ਧੜਕਦਾ ਦਿਲ

ਪਿਆਰ ਦੇ ਅਰਥ ਜਾਣਦੇ ਹੋ ਤੁਸੀਂ ?
ਜੇਕਰ 'ਨਹੀਂ' ਤਾਂ ਫਿਰ
ਪਿਆਰ ਕਵਿਤਾ ਕਿੰਝ ਲਿਖੋਗੇ ?
ਕੁਝ ਪਲ ਰੁਕੋ ਤੇ ਸੋਚੋ, ਫਿਰ ਬੋਲੋ ਤੇ ਕਹੋ



ਤੁਹਾਡੇ ਸੀਨੇ ਅੰਦਰ
ਦਿਲ ਹਾਲੇ ਵੀ ਧੜਕਦਾ ਏ ?

### ਤੌਂਖਲੇ

ਮਤਲਬ ਤਾਂ ਬਹੁਤ ਸਿੱਧਾ ਹੈ
ਜੇਕਰ ਸਮਝ ਨਹੀਂ ਆਇਆ,
ਤਾਂ ਧਿਆਨ ਧਰ ਮੇਰੀ ਮਹਿਬੂਬ
ਜੇਕਰ ਪਿਆਰ ਕਰਨਾ ਏ, ਤਾਂ ਮਨ ਦੇ ਤੌਂਖਲਿਆਂ ਨੂੰ
ਘਰ ਦੀ ਅਲਮਾਰੀ ਵਿਚ, ਸਾਂਭ ਕੇ ਆਇਆ ਕਰ

### ਹਸਤਾਖਰ

ਬਾਜ਼ਾਰ ਬੰਦ ਸੀ
ਮਾਯੂਸ ਪਰਤ ਆਇਆ ਮੈਂ
ਸੋਚਿਆ, ਸ਼ਾਇਦ ਮੇਰੇ ਨਸੀਬ ਦੇ ਪਹਿਲੇ ਪੰਨੇ 'ਤੇ
ਤੂੰ ਆਪਣੇ ਹਸਤਾਖਰ ਕਰਨਾ ਭੁੱਲ ਗਈ ਏਂ

### ਮਨ

ਮੰਜ਼ਿਲ ਕਰੀਬ ਸੀ
ਸੋਚਿਆ, ਚੱਲ ਮਨਾਂ
ਕੁਝ ਪਲ ਬਿਰਖ ਹੇਠ ਲੇਟਿਆ ਜਾਏ
ਪਰ ਜਦੋਂ ਜਾਗ ਆਈ
ਤਾਂ ਮੰਜ਼ਿਲ ਕਿਧਰੇ ਵੀ ਨਜ਼ਰ ਨਾ ਆਈ

### ਜਿੱਤ

ਮੁਆਮਲਾ ਗੰਭੀਰ ਸੀ
ਕਚਿਹਰੀ ਵਿਚ ਪੇਸ਼ੀ ਸੀ
ਪਰ ਕੰਬਖਤ ! ਦਿਲ ਨਾ ਮੰਨਿਆ
ਤੇ ਅਪੀਲ ਕਰ ਦਿੱਤੀ ਜ਼ਮੀਰ ਨੂੰ
ਫੈਸਲਾ ਸਿਰ ਮੱਥੇ
ਹਾਰਕੇ ਵੀ ਮੈਂ ਜਿੱਤਿਆ

### ਗੁਸਤਾਖੀ

ਕੁਰਸੀ 'ਤੇ ਬੈਠੋ ਸਰਕਾਰ
ਵਰਤੋ ਆਪਣੇ ਸਾਰੇ ਅਖਤਿਆਰ
ਜਨਤਾ ਸੁਣੇਗੀ, ਵਿਚਾਰੇਗੀ
ਦਰਖਾਸਤ ਕਰੇਗੀ ਆਪਣੇ ਸ਼ਬਦਾਂ ਨਾਲ
ਜੇਕਰ ਪ੍ਰਵਾਨ ਹੋਵੇ ਤਾਂ ਸ਼ੁਕਰੀਆ
ਨਹੀਂ ਸਰਕਾਰ ਗੁਸਤਾਖੀ ਮੁਆਫ !

### ਖਾਮੋਸ਼ੀ

ਦਰਮਿਆਨ ਸਾਡੇ ਕੋਈ ਨਹੀਂ ਸੀ
ਚੁੱਪ ਦਾ ਸੱਨਾਟਾ ਸੀ, ਬੱਦਲਾਂ ਦੀ ਗਰਜਣ ਸੀ
ਕੁਝ ਤਾਂ ਸੀ ਪਰ-ਜੋ ਸਾਡੇ ਦਰਮਿਆਨ ਸੀ

### ਬੇ-ਯਕੀਨੀ

ਘਰ ਸੀ, ਖੁਸ਼ਬੂ ਖੁਸ਼ਬੂ, ਬਹਾਰ ਬਹਾਰ
ਪਰੰਤੂ ਜਦੋਂ ਪਹਿਲੀ ਮਰਤਬਾ
ਉਸ ਮੇਰੇ ਦਰੋ-ਦੀਵਾਰ 'ਤੇ
ਅਵਿਸ਼ਵਾਸ ਦਾ ਇਸ਼ਤਿਹਾਰ ਚਿਪਕਾਇਆ
ਤਾਂ ਘਰ ਘਰ ਨਾ ਰਿਹਾ, ਇੱਟਾਂ ਪੱਥਰ ਹੋ ਗਏ

[329 - ਪਾਂਡੂਸਰ, ਨਾਭਾ - 147201]

## ਤਿੰਨ ਕਵਿਤਾਵਾਂ

ਸੁਰਿੰਦਰ ਸੱਗੂ

### ਅੱਜ ਕੱਲ

ਮਨ ਨੂੰ ਸੋਚ ਜ਼ੰਜੀਰੀ ਪਾਕੇ,
ਉਦਾਸੀਆਂ ਦੀ ਘੁੰਮਣ ਘੇਰੀ 'ਚ ਦੂਰ ਨਿਕਲ ਜਾਈਦੈ

ਦਿਨ ਨੂੰ ਸੁਪਨੇ ਉਣਦਾ ਹਾਂ,
ਅੱਖਾਂ 'ਚ ਬੇਬਸੀ ਝਲਕਦੀ ਹੈ
ਇਕ ਦਰਦ ਚੀਖ ਬਣ ਉਠਦਾ ਹੈ
ਤੇ ਫਿਰ ਬਹੁਤ ਉਦਾਸ ਹੋ ਜਾਈਦੈ

ਉੱਡਦੇ ਪੰਛੀਆਂ ਨੂੰ ਤੱਕਣਾ
ਵਗਦੀ ਪਉਣ ਨੂੰ ਡੱਕਣ ਦੀ ਨਾਕਾਮ ਕੋਸ਼ਿਸ਼ ਕਰਨਾ ਤੇ ਬਿਖਰ ਜਾਣਾ
ਤੀਲਾ ਤੀਲਾ ਹੋਕੇ ਬਿਖਰ ਜਾਈਦੈ

ਦੋਸਤਾਂ ਨਾਲ ਮਿਲ ਬੈਠਣਾ
ਗੱਲਾਂ ਕਰਦੇ ਕਰਦੇ ਹੋ ਜਾਣਾ ਗੁੰਮ-ਸੁੰਮ,
ਤੇ ਉਭੱੜ-ਬਾਹੇ ਉੱਠਣਾ
ਤੇ ਪਸੀਨੇ ਸੰਗ ਤਰ-ਬਤਰ ਹੋ ਜਾਣਦੈ
ਕੁਝ ਬੇਨਾਮ ਖ਼ਤ ਲਿਖ ਕੇ, ਆਪੇ ਹੀ ਪੜ੍ਹੀ ਜਾਣੇ
ਤੇ ਉਨ੍ਹਾਂ ਖ਼ਤਾਂ ਵਾਂਗ ਹੀ, ਟੁੱਟਦੇ ਹੋਏ ਤਾਰੇ ਸੰਗ



ਉੱਡਦੀ ਰੇਤ ਸੰਗ, ਵਗਦੀ ਪਉਣ ਸੰਗ
ਖਿੰਡ ਜਾਈਦੈ, ਰੁਲ ਜਾਈਦੈ, ਅੱਜਕੱਲ

### ਸਾਹਸ, ਉਡੀਕ ਤੇ ਤੇਜ਼ ਹਨੇਰੀ

ਤੂੰ ਇੰਝ ਲੰਘ ਜਾਵੇਂਗੀ,
ਮੈਂ ਸੋਚਿਆ ਨਹੀਂ ਸੀ
ਮੇਰੀਆਂ ਤਾਂ ਅੱਖਾਂ 'ਚ ਅਜੇ ਵੀ ਸਨ ਸੋਨ-ਰੰਗੇ ਸੁਫਨੇ
ਮੇਰੇ ਮਸਤਕ 'ਚ ਤਾਂ ਅਜੇ ਵੀ ਤੇਰੀ ਉਡੀਕ ਹੈ
ਮੇਰੇ ਸਾਹਾਂ 'ਚ ਤਾਂ ਅਜੇ ਵੀ ਤੇਰਾ ਸੇਕ ਹੈ
ਮੇਰੀ ਰੂਹ ਤਾਂ ਅਜੇ ਵੀ ਅਸ਼ਾਂਤ ਹੈ
ਕਿੰਨੀ ਲੰਬੀ ਉਡੀਕ, ਕਿੰਨਾ ਲੰਬਾ ਸਾਹਸ ਹੈ ਮੇਰਾ
ਪਰ ਤੂੰ ਕੋਲ ਦੀ ਇੰਝ ਲੰਘ ਗਈ, ਜਿਵੇਂ ਨਦੀ ਦਾ ਤੇਜ਼ ਪਾਣੀ
ਜਿਵੇਂ ਜਿਸਮ 'ਚੋਂ ਰੂਹ, ਜਿਵੇਂ ਕੋਈ ਤੇਜ਼ ਹਨੇਰੀ

### ਕਦੇ ਸੋਚਿਆ ਵੀ ਨਹੀਂ ਸੀ

ਕਦੇ ਸੋਚਿਆ ਵੀ ਨਹੀਂ ਸੀ ਕਿ
ਮੇਰੀਆਂ ਬਾਹਾਂ ਘੁੱਟ ਦੇਣਗੀਆਂ ਮੇਰਾ ਹੀ ਗਲਾ,
ਕਿ ਦੋਸਤੀ ਇੰਝ ਰੇਤ ਵਾਂਗ ਖਿੰਡ ਜਾਵੇਗੀ,
ਇੰਝ ਇਕ ਰਿਸ਼ਤਾ ਬਿਖਰ ਜਾਵੇਗਾ
ਇਕ ਮੋਹ-ਭੰਗ ਹੋ ਜਾਵੇਗਾ, ਇਕ ਵਿਸ਼ਵਾਸ ਤਿੜਕੇਗਾ

ਕਦੇ ਸੋਚਿਆ ਵੀ ਨਹੀਂ ਸੀ,
ਕਿ ਦੋਸਤ ਨਿੱਘੇ ਹੱਥਾਂ ਤੋਂ ਕੈਕਟਸ ਬਣ ਜਾਣਗੇ
ਕਿ ਆਪਣੇ ਖੰਜਰ ਬਣ ਪਿੱਠ ਅੰਦਰ ਧਸ ਜਾਣਗੇ
ਕਿ ਮੋਹ ਤੋਂ ਮਤਲਬ ਬਣ ਜਾਣਗੇ

ਕਦੇ ਸੋਚਿਆ ਵੀ ਨਹੀਂ ਸੀ,
ਕਿ ਮੈਨੂੰ ਦੋਸਤਾਂ ਨਾਲੋਂ ਕੁੱਤਿਆਂ 'ਤੇ ਵਿਸ਼ਵਾਸ਼ ਵਧ ਜਾਵੇਗਾ
ਕਦੇ ਸੋਚਿਆ ਵੀ ਨਹੀਂ ਸੀ,
ਕਦੇ ਸੋਚਿਆ ਵੀ ਨਹੀਂ ਸੀ

[ਪਿੰਡ ਤੇ ਡਾਕ, ਭੰਮੀਪੁਰਾ ਕਲਾਂ, ਤਹਿਸੀਲ ਜਗਰਾਉਂ, ਜ਼ਿਲਾ ਲੁਧਿਆਣਾ]

# ਜਗਦੇ ਮਘਦੇ ਸੂਰਜ/ਸੁਰਿੰਦਰ ਗਿੱਲ

[ਗੁਰਦੀਪ ਅਤੇ ਸਾਹਿੱਤ ਵਿਚਾਰ ਮੰਚ ਵਿੰਨੀਪੈਂਗ (ਕੈਨੇਡਾ) ਦੇ ਹੋਰ ਸਾਥੀਆਂ ਨੂੰ]

*ਪਿਛਲੇ ਅੰਕ ਵਿਚ ਸੁਰਿੰਦਰ ਗਿੱਲ ਦੀਆਂ ਚਾਰ ਕਵਿਤਾਵਾਂ ਵਿਚ ਸ਼ਾਮਲ ਇਹ ਕਵਿਤਾ ਗ਼ਲਤੀ ਨਾਲ ਅਧੂਰੇ ਰੂਪ ਵਿਚ ਛਪ ਗਈ ਸੀ, ਜਿਸਦਾ ਸਾਨੂੰ ਖੇਦ ਹੈ। ਇਹ ਕਵਿਤਾ ਮੁਕੰਮਲ ਰੂਪ ਵਿਚ ਹੇਠਾਂ ਛਾਪੀ ਜਾ ਰਹੀ ਹੈ।*

ਦੂਰ ਸਾਗਰੋਂ ਪਾਰ ਓਪਰੀ ਧਰਤੀ ਉਤੇ ਤੂੰ ਵਸਦਾ ਹੈਂ।

ਏਥੇ ਆਕੇ
ਵੱਡੀਆਂ ਵੱਡੀਆਂ ਅੱਗ ਦੀਆਂ ਨਾਲਾਂ ਵੀ ਠਰ ਗਈਆਂ
ਜਵਾਨ ਇਰਾਦੇ ਸੌਂ ਗਏ, ਤੇ ਰੀਝਾਂ ਮਰ ਗਈਆਂ।

ਏਥੇ ਆਈਆਂ, ਅਭਿਲਾਸ਼ਾ ਚੁੰਧਿਆਈਆਂ ਅੱਖਾਂ
ਤਮ੍ਹਾਂ ਡੰਗੋਰੀ ਫੜ ਕੇ ਤੁਰੀਆਂ, ਘਰ ਨਾ ਮੁੜੀਆਂ।

ਏਸ ਓਪਰੀ ਧਰਤੀ ਉਤੇ ਆ ਕੇ, ਕਈ ਤਾਂ
ਆਪਣੇ ਸਿਰਜੇ ਮੱਕੜੀ-ਜਾਲ 'ਚ ਫਸ ਕੇ ਰਹਿ ਗਏ
ਆਪਣੇ ਘਰ ਦੀਆਂ ਕੰਧਾਂ ਤੋਂ ਜੋ ਬਾਹਰ ਦੇਖ ਨਹੀਂ ਸਕਦੇ।
ਆਪਣੇ ਨਿਜ ਤੋਂ ਪਾਰ ਸੋਚ ਨਹੀਂ ਸਕਦੇ
ਸਵੈ ਸੀਮਾ ਵਿਚ ਸੁੰਗੜੇ ਘੋਗੇ, ਕੇਵਲ ਆਪਣੇ ਜੋਗੇ।

ਜਿਉਣ ਜੋਗਿਆ ਮਿੱਤਰਾ!
ਏਥੇ ਆ ਕੇ
ਇਸ ਮਾਹੌਲ ਵਿਚ ਵਰ੍ਹਿਆਂ-ਬੱਧੀ ਰਹਿ ਕੇ ਵੀ ਤੂੰ
ਆਪਣਾ ਆਪ ਕਾਇਮ ਰੱਖਿਆ ਹੈ
ਹੁਣ ਤਕ ਆਪਣੇ ਦਿਲ ਵਿਚ ਦਿਲ ਸਾਂਭੀ ਰੱਖਿਆ ਹੈ
ਚੜ੍ਹਦੀ ਜਵਾਨੀ ਵਾਲੀ ਲਾਟ ਅਜੇ ਤਕ ਜਗਦੀ ਰੱਖੀ
ਸੋਚ ਕਾਂਗੜੀ ਮਘਦੀ ਰੱਖੀ।

ਲਹੂ ਪਸੀਨਾ ਕੀਤਾ, ਮੁੜ੍ਹਕਾ ਚੋਇਆ
ਬਾਜ਼ਾਰਾਂ ਦੀ ਵਸਤੂ ਬਣਕੇ ਵਿਕਿਆ, ਪੋਟਾ ਪੋਟਾ ਭੁਰਿਆ
ਫੌਂਡਰੀਆਂ ਵਿਚ ਨੰਗੇ ਪੈਰੀਂ ਤੁਰਿਆ, ਤਿਪ ਤਿਪ ਖੁਰਿਆ
ਫਿਰ ਵੀ ਆਪਣਾ ਆਪ ਸੰਭਾਲੀ ਰੱਖਿਆ
ਚੜ੍ਹਦੀ ਜੁਆਨੀ ਵਾਲੀ ਲਾਟ ਅਜੇ ਵੀ ਮਘਦੀ ਰੱਖੀ
ਤੂੰ ਤੇ ਤੇਰੇ ਵਰਗੇ ਮਿੱਤਰ ਪਿਆਰੇ ਜਿਹੜੇ
ਅਜੇ ਵੀ ਜਿਉਂਦੇ ਅਤੇ ਜਾਗਦੇ
ਏਸ ਧੁੰਦਲੇ ਯੁੱਗ ਦੇ ਜਗਦੇ ਮਘਦੇ ਸੂਰਜ

ਤੇਰਾ ਤੇਰੇ ਸੰਗੀਆਂ ਦਾ ਹਰ ਪਲ ਸਰਘੀ ਹੈ
ਤੇਰੇ ਵਰਗੇ ਮਿੱਤਰਾਂ ਸਦਕਾ ਹੀ
ਇਹ ਜ਼ਿੰਦਗੀ, ਨਿੱਘੀ ਧੁੱਪ ਵਰਗੀ ਹੈ।

[20, ਜਰਮਨੀ ਦਾਸ ਪਾਰਕ, ਕਪੂਰਥਲਾ]



# ਮੁਹੱਬਤ

## ਪਿਆਰਾ ਸਿੰਘ ਭੋਗਲ

ਮਾਥਰ ਦਾ ਖਿਆਲ ਆਉਂਦਿਆਂ ਹੀ ਮੈਂ ਡਰ ਜਾਂਦੀ ਆਂ। ਕੀ ਮੈਨੂੰ ਇਕ ਵਾਰ ਫੇਰ ਇਸ਼ਕ ਦੀ ਮਰਜ਼ ਤਾਂ ਨਹੀਂ ਲੱਗ ਰਹੀ? ਤੋਬਾ! ਤੋਬਾ! ਬਾਜ਼ ਆਈ ਮੈਂ। ਬਹੁਤ ਧੋਖੇ ਖਾ ਲਏ। ਬਹੁਤ ਤੜਪ ਲਿਆ। ਰੋ ਲਿਆ। ਹੋਰ ਨਹੀਂ ਹੁਣ ਹਿੰਮਤ। ਚਾਲੀ ਸਾਲ ਦੀ ਹੋਣ ਲੱਗੀ ਆਂ। ਮੈਂ ਕੌਂਪਲ ਨੂੰ ਗੋਦ ਵਿੱਚ ਲੈ ਕੇ ਆਪਣੀ ਇਕੱਲ ਨੂੰ ਮੁਸਕਰਾਹਟਾਂ ਤੇ ਮਾਸੂਮ-ਮੁਹੱਬਤ ਨਾਲ ਭਰ ਲਿਆ ਐ। ਮਸਾਂ ਮਸਾਂ ਸਕੂਨ ਆਇਆ ਐ। ਬਾਹਰ ਵੀ ਭਰਿਆ ਭਰਿਆ ਲਗਦਾ ਐ, ਘਰ ਵੀ। ਦਫਤਰ ਦੇ ਰੁਝੇਵੇਂ ਦੇ ਨਾਲ ਨਾਲ ਘਰ ਵੀ ਰੁੱਝੀ ਰਹਿੰਦੀ ਆਂ। ਸਵੇਰ ਤੋਂ ਸ਼ਾਮ ਤੱਕ ਕੌਂਪਲ ਲਈ ਕਰਨ ਵਾਲੇ ਕੰਮ, ਉਸ ਦੀਆਂ ਲੋੜਾਂ ਤੇ ਫਰਮਾਇਸ਼ਾਂ ਤੇ ਫੇਰ ਸਕੂਲ ਤੋਂ ਉਸਦੀ ਵਾਪਸੀ ਦੀਆਂ ਉਡੀਕਾਂ ਮੈਨੂੰ ਵਿਹਲ ਕਿੱਥੇ ਦਿੰਦੀਆਂ ਐ? ਰਾਤ ਨੂੰ ਜਦੋਂ ਵੀ ਜਾਗ ਖੁਲ੍ਹਦੀ ਐ, ਹੱਥ ਪਸਾਰ ਕੇ ਕੌਂਪਲ ਨੂੰ ਛੂਹ ਕੇ ਦੇਖਦੀ ਆਂ। ਕਿਤੇ ਉਹਨੂੰ ਠੰਡ ਤਾਂ ਨਹੀ ਲੱਗ ਰਹੀ? ਕਿਤੇ ਉਹ ਖਿਸਕਦੀ ਖਿਸਕਦੀ ਬਿਸਤਰੇ ਦੇ ਕਿਨਾਰੇ ਤਾਂ ਨਹੀਂ ਚਲੀ ਗਈ? ਕਿਤੇ ਡਿਗ ਨਾ ਪਵੇ? ਰਾਤ ਨੂੰ ਸੁੱਤੀ ਕੌਂਪਲ ਆਵਾਜ਼ ਮਾਰਦੀ ਐ- ਮਮੀ। ਮੈਂ ਭਾਵੇਂ ਕਿੰਨੀ ਗੂੜ੍ਹੀ ਨੀਂਦ ਵਿਚ ਹੋਵਾਂ, ਉਠ ਕੇ ਬੈਠ ਜਾਂਦੀ ਆਂ। ਉਸਨੂੰ ਪੁੱਛਦੀ ਆਂ- ਬੇਟੇ! ਕੀ ਗੱਲ ਐ? ਤੁਸੀਂ ਕਿੱਥੇ ਓ ਮਮੀ? ਮੈਂ ਤਹਾਨੂੰ ਲਭਦੀ ਆਂ। ਤੁਸੀਂ ਮੇਰੇ ਨੇੜੇ ਆਓ। ਮੈਨੂੰ ਡਰ ਲੱਗਣ ਲੱਗ ਪਿਆ ਸੀ, ਮਮੀ ਕਿਤੇ ਚਲੇ ਗਏ। ਮੈਂ ਤੁਹਾਨੂੰ ਆਵਾਜ਼ਾਂ ਮਾਰਦੀ ਸੀ। ਗਲੀਆਂ ਵਿਚ ਤੁਹਾਨੂੰ ਲਭਦੀ ਫਿਰਦੀ ਸਾਂ। ਮੇਰੀ ਘਿੱਗੀ ਵੱਜ ਗਈ ਸੀ। ਫੇਰ ਤੁਸੀਂ ਮੈਨੂੰ ਲੱਭ ਪਏ। ਤੁਸੀਂ ਮੈਨੂੰ ਘਰ ਲੈ ਆਏ। ਪਰ ਹੁਣ ਵੀ ਮੈਨੂੰ ਡਰ ਲਗਦਾ ਰਹਿੰਦਾ ਐ, ਕਿਤੇ ਤੁਸੀਂ ਮੈਨੂੰ ਛੱਡਕੇ ਨਾ ਚਲੇ ਜਾਉ। ਨਹੀ ਕੌਂਪਲ ਬੇਟਾ, ਮੇਰੀ ਪਿਆਰੀ ਕੌਂਪਲ, ਮੈਂ ਤੈਨੂੰ ਛੱਡਕੇ ਕਿੱਥੇ ਜਾ ਸਕਦੀ ਆਂ? ਮੈਂ ਵੀ ਤੈਨੂੰ ਕਈ ਸਾਲ ਲੱਭਦੀ ਰਹੀ। ਮੈਂ ਤੇਰੇ ਜਿੰਨਾ ਉਦਾਸ ਸੀ। ਦਫਤਰਾਂ, ਸੜਕਾਂ ਤੇ ਬਾਜ਼ਾਰਾਂ ਵਿਚ ਭਟਕਦੀ ਰਹੀ। ਨਾਲ ਲਗਦਿਆਂ ਈ ਮੈਨੂੰ ਚੈਨ ਆ ਗਿਆ। ਝੱਟ ਪੱਟ ਅੰਦਰੋਂ ਆਵਾਜ਼ ਆਈ, ਇਹ ਤਾਂ ਮੇਰੀ ਧੀ ਐ। ਮੇਰੇ ਆਪੇ ਦਾ ਹਿੱਸਾ। ਮੇਰੇ ਤਨ ਮਨ ਦੀ ਲੋੜ। ਮੇਰੀ ਰੌਣਕ, ਮੇਰੀ ਮੁਸਕਰਾਹਟ, ਮੇਰੀ ਉਡੀਕ, ਮੇਰੀ ਭੁੱਖ, ਮੇਰੀ ਪਿਆਸ, ਸਵੇਰੇ ਉਠਦਿਆਂ ਹੀ ਮੈਨੂੰ ਕੌਂਪਲ ਦਾ ਖ਼ਿਆਲ ਆਉਂਦਾ ਐ। ਸੁੱਤੀ ਪਈ ਨੂੰ ਦੇਖਦੀ ਆਂ, ਜਿਵੇਂ ਵਿਹੜੇ ਵਿਚ ਖਿੜੇ ਗੁਲਾਬ ਦੀ ਤਾਜ਼ੀ ਖਿੜੀ ਡੋਡੀ ਨੂੰ ਕੋਈ ਦੇਖੇ। ਦਿਲ ਕਰਦਾ ਐ, ਸੁੱਤੀ ਪਈ ਨੂੰ ਜਗਾਵਾਂ ਨਾ। ਇਹਦੇ ਭੋਲੇ-ਭਾਲੇ ਮੂੰਹ ਨੂੰ ਦੇਖਦੀ ਹਾਂ। ਫੇਰ, ਚੇਤਾ ਆਉਂਦਾ ਹੈ। ਕੌਂਪਲ ਨੂੰ ਸਕੂਲ ਭੇਜਣਾ ਐ। ਸਕੂਲ ਵੈਨ ਆ ਜਾਣੀ ਐ। ਮੈਂ ਪੋਲਾ ਪੋਲਾ ਹੱਥ ਇਹਦੇ ਮੱਥੇ ਉਤੇ ਫੇਰਦੀ ਆਂ। ਮੁਲਾਇਮ ਵਾਲਾਂ ਨੂੰ ਉਂਗਲੀ ਨਾਲ ਛੇੜਦੀ ਆਂ। ਇਸਨੂੰ ਮੇਰੇ ਹੱਥ ਦੀ ਸਪੱਰਸ਼ ਦੀ ਪਛਾਣ ਹੋ ਗਈ ਐ। ਅੱਖਾਂ ਮਲ ਲੈਂਦੀ ਐ। ਮੰਦ ਮੰਦ ਮੁਸਕਰਾਉਂਦੀ ਐ। ਕਦੇ ਮੈਂ ਇਸਨੂੰ ਖਿਝਕੇ ਜਾਂ ਰੋਕੇ ਉਠਦੀ ਨਹੀਂ ਦੇਖਿਆ। ਇਹ ਗੁਸਲਖਾਨੇ ਜਾਂਦੀ ਐ। ਵਾਸ਼-ਬੈਸਣ 'ਤੇ ਮੈਂ ਆਪ ਬੁਰਸ਼ ਨੂੰ ਟੂੱਥ ਪੇਸਟ ਲਾ ਕੇ ਦਿੰਦੀ ਆਂ। ਇਹ ਬੜੇ ਧਿਆਨ ਨਾਲ ਨਿੱਕੇ ਜਿਹੇ ਬੁਰਸ਼ ਨਾਲ ਆਪਣੇ ਨਿੱਕੇ ਚਿੱਟੇ ਦੰਦ ਸਾਫ਼ ਕਰਦੀ ਐ। ਮੈਂ ਆਪਣੇ, ਹੱਥੀਂ ਇਹਨੂੰ ਨਹਾਉਂਦੀ ਆਂ। ਧੋਤੇ ਤੇ ਪ੍ਰੈੱਸ ਕੀਤੇ ਕੱਪੜੇ ਪਹਿਨਾਉਂਦੀ ਆਂ। ਪਰਾਉਂਠੀ ਪਕਾ ਕੇ ਦਹੀਂ ਨਾਲ ਖਾਣ ਨੂੰ ਦਿੰਦੀ ਆਂ। ਇਹ ਪਹਿਲੇ ਦਿਨ ਤੋਂ ਹੀ ਰੋਟੀ ਆਪ ਹੀ ਖਾ ਲੈਂਦੀ ਐ। ਖੁਆਉਣ ਦੀ ਲੋੜ ਨਹੀਂ ਪੈਂਦੀ। ਤਾਂ ਵੀ ਜਦੋਂ ਇਹ ਰੋਟੀ ਖਾਂਦੀ ਐ, ਮੈਂ ਦੂਜੀ ਕੁਰਸੀ ਉਤੇ ਇਸ ਦੇ ਨਾਲ ਬੈਠਦੀ ਆਂ। ਇਸਨੂੰ ਖਾਣਾ ਖਾਂਦਿਆਂ ਦੇਖਦੀ ਆਂ। ਮੈਨੂੰ ਇਹਦੇ ਖਾਣਾ ਖਾਣ ਨਾਲ ਵੀ ਬੜਾ ਅਨੰਦ ਆਉਂਦਾ ਐ। ਜਦੋਂ ਸਕੂਲ ਦੀ ਵੈਨ ਇਸਨੂੰ ਲੈ ਜਾਂਦੀ ਐ, ਤਾਂ ਮੈਂ ਚਾਹ ਦਾ ਪਹਿਲਾ ਕੱਪ ਆਪਣੇ ਲਈ ਬਣਾਉਂਦੀ ਆਂ। ਕਮਰੇ ਦੇ ਬਾਹਰ ਵਰਾਂਡੇ ਵਿਚ ਬੈਠ ਕੇ ਚਾਹ ਪੀਂਦੀ ਆਂ, ਤੇ ਅਖਬਾਰ ਫੋਲਦੀ ਆਂ।

ਫੇਰ ਦੂਜਾ ਪਿਆਲਾ ਬਣਾਉਂਦੀ ਆਂ। ਕਦੀ ਕਦੀ ਅਖਬਾਰ ਛੱਡ ਕੇ ਕਾਗਜ਼-ਪੈੱਨ ਲੈ ਕੇ ਲਿਖਣ ਬੈਠ ਜਾਂਦੀ ਆਂ। ਲਿਖਦਿਆਂ ਚਾਹ ਦੀ ਤਲਬ ਮਹਿਸੂਸ ਹੁੰਦੀ ਐ। ਫੇਰ ਤੀਜਾ ਪਿਆਲਾ ਬਣਾਉਂਦੀ ਆਂ। ਚਾਹ ਮੈਂ ਪਹਿਲਾਂ ਵੀ ਬਹੁਤ ਪੀਂਦੀ ਸੀ। ਕਾਗਜ਼ ਕਲਮ ਲੈ ਕੇ ਵੀ ਬੈਠਦੀ ਸਾਂ। ਪਰ ਉਦੋਂ ਇਸ ਸਭ ਕੁਝ ਤੋਂ ਸੁਆਦ ਆਉਣੋਂ ਹਟ ਗਿਆ ਸੀ। ਖਿਝ ਆਉਣ ਲੱਗ ਪਈ ਸੀ। ਅਕੇਵਾਂ ਮਹਿਸੂਸ ਹੁੰਦਾ ਸੀ। ਲਿਖੇ ਹੋਏ ਵਰਕੇ ਪਾੜ ਪਾੜ ਕੇ ਸੁੱਟ ਦਿੰਦੀ ਸਾਂ। ਚਾਹ ਜ਼ਹਿਰ ਵਰਗੀ ਕੌੜੀ ਲੱਗਣ ਲੱਗ ਪਈ ਸੀ। ਕਈ ਵਾਰ ਨਾਸ਼ਤਾ ਕਰਨ ਨੂੰ ਵੀ ਜੀਅ ਨਹੀਂ ਕਰਦਾ ਸੀ। ਪਰ ਜਦੋਂ ਦੀ ਕੌਂਪਲ ਆਈ ਐ, ਚਾਹ ਇਕ ਵਾਰ ਫੇਰ ਜ਼ਾਇਕੇਦਾਰ ਹੋ ਗਈ ਐ। ਲਿਖਣ ਵਿਚ ਇਕ ਵਾਰ ਫੇਰ ਲੁਤਫ਼ ਆਉਣ ਲੱਗ ਪਿਆ ਹੈ। ਖਾਣਾ ਖਾਣਾ ਚੰਗਾ ਲਗਦਾ ਹੈ।

ਪਰ ਹੁਣ ਇਹ ਮਾਥਰ ਮੇਰੇ ਖ਼ਿਆਲਾਂ ਵਿਚ ਦਾਖਲ ਹੋਣ ਲੱਗ ਪਿਆ ਐ। ਉਹ ਵੀ ਉਦੋਂ, ਜਦੋਂ ਮੈਂ ਕੌਂਪਲ ਦੇ ਖ਼ਿਆਲਾਂ ਨਾਲ ਆਪਣੇ ਤਨ ਮਨ ਦੀ ਦੁਨੀਆ ਨੂੰ ਭਰ ਲਿਆ ਸੀ। ਇਹ ਚੁੱਪ ਕੀਤਾ ਈ, ਬਿਨਾ ਦਸਤਕ ਦਿੱਤਿਆਂ, ਮੇਰੀ ਦੁਨੀਆਂ ਵਿਚ ਆ ਵੜਿਆ ਐ। ਹਿੰਦੀ ਵਿਚ ਲਿਖੇ ਇਹਦੇ ਨਾਟਕ ਦਾ ਪੰਜਾਬੀ ਰੂਪਾਂਤਰ "ਕਿੰਨਾ ਮੁਸ਼ਕਲ ਹੁੰਦਾ ਹੈ?" ਅਸੀਂ ਆਪਣੇ ਟੈਲੀਵੀਜ਼ਨ ਸਟੇਸ਼ਨ ਤੋਂ ਦਿਖਾਇਆ ਸੀ। ਹਿੰਦੀ ਨਾਟਕ ਦੀ ਸਾਡੇ ਸਟੇਸ਼ਨ ਦੀ ਨਿਰਮਾਤਾ ਸ਼ੀਲਾ ਸਚਦੇਵਾ ਹਿੰਦੀ ਵਿਚ ਛਪੇ ਇਹਦੇ ਨਾਟਕਾਂ ਦੀ ਪ੍ਰਸ਼ੰਸਕ-ਪਾਠਕ ਸੀ। ਜਦੋਂ ਇਹ ਨਾਟਕ ਭਾਰਤ ਦੀਆਂ ਸਭ ਜ਼ਬਾਨਾਂ ਵਿਚ ਪੇਸ਼ ਕਰਨ ਲਈ ਚੁਣਿਆ ਗਿਆ ਤੇ ਇਕ ਪ੍ਰਤੀ ਸਾਨੂੰ ਵੀ ਪਹੁੰਚੀ, ਤਾਂ ਸ਼ੀਲਾ ਚਾਅ ਨਾਲ ਉੱਛਲਦੀ ਮੇਰੇ ਪਾਸ ਆਈ। "ਇਹ ਨਾਟਕ ਪੜ੍ਹੋ। ਤੁਹਾਨੂੰ ਚੰਗੇ ਸਾਹਿਤ ਦੀ ਪਛਾਣ ਐ। ਦੇਖੋ, ਇਹ ਤੁਹਾਨੂੰ ਕਿੰਨਾ ਕੁ ਚੰਗਾ ਲਗਦਾ ਐ?" ਮੈਂ ਪੜ੍ਹਿਆ, ਸੱਚ ਮੁੱਚ ਮੈਨੂੰ ਚੰਗਾ ਲੱਗਾ। ਹੁਣ ਤੱਕ, ਆਪਣੇ ਅਨੁਭਵ ਦੇ ਆਧਾਰ 'ਤੇ ਸਮਝਦੀ ਸਾਂ, ਪੁਰਖ ਹੀ ਕਠੋਰ ਹੁੰਦੇ ਐ। ਅਹਿਸਾਸ ਤੋਂ ਖਾਲੀ। ਪਰ ਇਸ ਨਾਟਕ ਦੀ ਮੁਖ ਨਾਰੀ ਪਾਤਰ ਨਾਟਕ ਦੇ ਨਾਇਕ ਨੂੰ ਬਹੁਤ ਦੁੱਖ ਦਿੰਦੀ ਐ। ਇਉਂ ਲਗਦਾ ਐ, ਉਸਨੂੰ ਦੁੱਖ ਦੇਣ ਵਿਚ ਅਨੰਦ ਆਉਂਦਾ ਐ। ਇਹ ਤੀਵੀਂ ਆਦਮੀ ਪਤੀ-ਪਤਨੀ ਹੈਨ। ਦੋਨਾਂ ਨੇ ਪ੍ਰੇਮ-ਵਿਆਹ ਨਹੀਂ ਕਰਵਾਇਆ ਸੀ, ਤਾਂ ਵੀ ਦੋਨਾਂ ਨੇ ਇਕ ਦੂਜੇ ਨੂੰ ਦੇਖਕੇ, ਪਸੰਦ ਕਰਕੇ ਵਿਆਹ ਕਰਵਾਇਆ ਸੀ। ਦਸ ਸਾਲ ਵਿਆਹੇ ਰਹੇ। ਇਕ ਪੁੱਤਰ ਦੇ ਮਾਂ -ਪਿਉ ਬਣੇ। ਪਰ ਪਤਨੀ ਨੂੰ ਨਾ ਪ੍ਰੇਮ ਲੈਣਾ ਆਇਆ, ਨਾ ਪ੍ਰੇਮ ਕਰਨਾ। ਇਸਤੋਂ ਉਲਟ ਪਤੀ, ਜੋ ਆਪ ਕਵੀ ਹੈ, ਕੋਮਲ-ਭਾਵੀ ਹੀ ਨਹੀਂ ਜ਼ਿੰਦਗੀ ਨੂੰ ਰਸਾਂ ਨਾਲ ਭਰਨ ਵਿਚ ਯਕੀਨ ਰਖਦਾ ਐ, ਆਪਣੀ ਕਠੋਰ -ਚਿੱਤ ਪਤਨੀ ਨੂੰ ਬਹੁਤ ਪ੍ਰੇਮ ਕਰਦਾ ਐ। ਉਹ ਤਾਂ ਪਤਨੀ ਦਾ ਰੂਪ ਦੇਖਕੇ ਹੀ ਉਸ ਨੂੰ ਮਾਸ਼ੂਕਾ ਸਮਝਣ ਦੀ ਭ੍ਰਾਂਤੀ ਦਾ ਸ਼ਿਕਾਰ ਹੋ ਜਾਂਦਾ ਐ। ਇਸ ਦਾ ਤਨ ਕਿੰਨਾ ਸੋਹਣਾ ਐ। ਇਹ ਕਿੰਨਾ ਸੋਹਣਾ ਹੱਸਦੀ ਐ ! ਇਸ ਵਿਚ ਆਤਮ-ਵਿਸ਼ਵਾਸ਼ ਕਿੰਨਾ ਜ਼ਿਆਦਾ ਐ !! ਇਹ ਤਾਂ ਆਦਰਸ਼ਕ ਨਾਰੀ ਦਾ ਸਾਕਾਰ ਰੂਪ ਐ। ਪਰ ਉਸਨੂੰ ਬਹੁਤ ਮਾਯੂਸੀ ਹੁੰਦੀ ਐ। ਇਸਦੀਆਂ ਆਪਣੀਆਂ ਪ੍ਰੇਮ-ਭਾਵਨਾਵਾਂ ਕਿੱਥੇ ਹਨ? ਇਸਦੀ ਸੁਹਜ-ਭਾਵਨਾ ਕਿੱਥੇ ਐ? ਚਲੋ! ਇਹ ਮੈਨੂੰ ਪ੍ਰੇਮ ਨਹੀਂ ਕਰ ਸਕਦੀ। ਕਿਸੇ ਹੋਰ ਪੁਰਖ ਨੂੰ ਹੀ ਪ੍ਰੇਮ ਕਰੇ। ਆਪਣੇ ਪੁੱਤਰ ਨੂੰ ਹੀ ਪ੍ਰੇਮ ਕਰੇ। ਪਰ ਇਸ ਨੂੰ ਪ੍ਰੇਮ ਨਾਮ ਦੀ ਚੀਜ਼ ਦੀ ਸਮਝ ਈ ਨਹੀਂ। ਇੰਨਾ ਜ਼ਿਆਦਾ ਪੜ੍ਹੀ ਲਿਖੀ ਤੇ ਇੰਨੀ ਜ਼ਿਆਦਾ ਖੂਬਸੂਰਤ ਔਰਤ ਭਾਵਨਾਵਾਂ ਤੋਂ ਇੰਨੀ ਜ਼ਿਆਦਾ ਖਾਲੀ ਹੋ ਸਕਦੀ ਐ ? ਹਾਰ ਕੇ ਪਤੀ ਤਲਾਕ ਦੀ ਦਰਖਾਸਤ ਦਿੰਦਾ ਐ। ਪਰ ਪਤਨੀ ਤਲਾਕ ਨਹੀਂ ਦੇਣਾ ਚਾਹੁੰਦੀ। ਉਹ ਜੱਜ ਨੂੰ ਕਹਿੰਦੀ ਐ, ਮੈਨੂੰ ਪਤੀ ਵਿਰੁੱਧ ਕੋਈ ਸ਼ਿਕਾਇਤ ਨਹੀਂ। ਸਾਡਾ ਕੋਈ ਝਗੜਾ ਨਹੀਂ। ਅਸੀਂ ਤਲਾਕ ਕਿਉਂ ਲਈਏ? ਪਤੀ ਬੜੀ ਮੁਸ਼ਕਲ ਨਾਲ ਜੱਜਣੀ ਨੂੰ ਸਮਝਾਉਂਦਾ ਹੈ, ਮੈਂ ਬਹੁਤ ਸਜ਼ਾ ਭੋਗ ਲਈ ਐ, ਮੈਨੂੰ ਮੁਕਤੀ ਦਿਲਵਾਉ। ਤੇ ਆਖਰ ਤਲਾਕ ਪ੍ਰਵਾਨ ਹੁੰਦਾ ਐ, ਤਾਂ ਪਤਨੀ ਦਾਅਵਾ ਕਰਦੀ ਐ ਕਿ ਇਹ ਆਦਮੀ ਪੁੱਤਰ ਨੂੰ ਸੰਭਾਲਣ ਤੇ ਪਾਲਣ ਦੇ ਯੋਗ ਨਹੀਂ। ਪੁੱਤਰ ਸਿਰਫ਼ ਮੇਰੇ ਪਾਸ



ਰਹੇ। ਪਤੀ ਜਾਣਦਾ ਹੈ ਕਿ ਇਹ ਔਰਤ ਬੱਚੇ ਨੂੰ ਪ੍ਰੇਮ ਨਹੀਂ ਕਰਦੀ, ਪਰ ਉਹ ਇਹ ਸਾਬਤ ਕਰਨ ਵਿਚ ਫੇਲ੍ਹ ਹੋ ਜਾਂਦਾ ਹੈ ਕਿ ਮੈਂ ਇਕ ਚੰਗਾ ਬਾਪ ਹਾਂ। ਸੋ, ਪਤਨੀ ਪਿਉਂ ਤੋਂ ਪੁੱਤਰ ਵੀ ਖੋਹ ਲੈਂਦੀ ਹੈ। ਪੁਰਖ ਨੂੰ ਮੁਕਤੀ ਮਿਲ ਜਾਂਦੀ ਐ, ਪਰ ਖੁਸ਼ੀ ਨਹੀਂ ਮਿਲੀ। ਉਸਨੂੰ ਆਪਣੀ ਖੂਬਸੂਰਤ ਸਾਬਕਾ ਪਤਨੀ ਦੀ ਯਾਦ ਆਉਣੋਂ ਨਹੀਂ ਹਟਦੀ। ਉਹ ਹੁਣ ਵੀ ਦੁਨੀਆਂ ਦੀਆਂ ਖੂਬਸੂਰਤ-ਤਰੀਨ ਔਰਤਾਂ ਵਿਚੋਂ ਇਕ ਹੈ। ਪੁੱਤਰ ਨਾਲ ਤਾਂ ਬਾਪ ਦਾ ਪ੍ਰੇਮ ਹੈ ਹੀ। ਉਹ ਤਾਂ ਭੁੱਲਦਾ ਈ ਨਹੀਂ।

ਮੈਂ ਨਾਟਕ ਕੀ ਪੜ੍ਹਿਆ, ਮੈਂ ਉਸ ਨਾਟਕੀ ਪਤੀ ਦੇ ਖ਼ਿਆਲਾਂ ਵਿਚ ਡੁੱਬ ਗਈ। ਔਰਤ ਨੂੰ ਬੇਪਨਾਹ ਮੁਹੱਬਤ ਕਰਨ ਵਾਲਾ ਉਹ ਦੁਖੀ ਪਤੀ ਮੇਰੀ ਕਲਪਣਾ ਵਿਚ ਉਕਰਿਆ ਗਿਆ। ਲੇਖਕ ਨੇ ਕਿਸ ਕਿਸਮ ਦੇ ਦੋ ਪਾਤਰ ਘੜੇ? ਖ਼ਿਆਲ ਤੇ ਤਸੱਵਰ ਦੀ ਕਿੰਨੀ ਅਨੋਖੀ ਸਿਰਜਣਾ ! ਫੇਰ, ਨਾਟਕ ਵਿਚ ਫੈਲਿਆ ਹੋਇਆ ਬੇਅੰਤ ਦੁੱਖ। ਇਹ ਦੁੱਖ ਪੁਰਖ ਦੇ ਮਨ ਵਿਚ ਹੀ ਹੈ। ਉਹ ਆਪਣੇ ਇਸ ਦੁੱਖ ਨੂੰ ਹੋਰ ਲੋਕਾਂ ਨੂੰ ਸਮਝਾ ਨਹੀਂ ਸਕਦਾ। ਜੱਜਣੀ ਨੂੰ ਸਮਝਾਉਣ ਦਾ ਯਤਨ ਕਰਦਾ ਹੈ, ਪਰ ਉਸਨੂੰ ਆਪਣੇ ਲਫ਼ਜ਼ ਫੋਕੇ ਲਗਦੇ ਹਨ। ਸ਼ਿਅਰਾਂ ਵਿਚ ਆਪਣਾ ਦੁੱਖ ਵਰਨਣ ਕਰਨ ਦਾ ਯਤਨ ਕਰਦਾ ਐ, ਪਰ ਪੜ੍ਹਨ ਸੁਣਨ ਵਾਲਿਆਂ ਨੂੰ ਇਹ ਸ਼ਿਅਰ ਵੀ ਰਵਾਇਤੀ ਲਗਦੇ ਐ। ਸਨਮ (ਪ੍ਰੇਮਕਾ) ਸੁੰਦਰ ਹੈ। ਬੇਦਰਦ ਹੈ। ਬੇਪ੍ਰਵਾਹ ਹੈ। ਮੈਂ ਉਸਨੂੰ ਮੁਹੱਬਤ ਕਰਦਾ ਹਾਂ। ਬਹੁਤ ਮੁਹੱਬਤ ਕਰਦਾ ਹਾਂ। ਪਰ ਉਸ ਦੇ ਦਿਲ ਉੱਤੇ ਕੋਈ ਅਸਰ ਨਹੀਂ ਹੁੰਦਾ। ਉਹ ਖੂਬਸੂਰਤ ਬੁੱਤ ਹੈ। ਮੈਂ ਇਸ ਬੁੱਤ ਦਾ ਪ੍ਰਸਤਾਰ ਹਾਂ, ਬੁੱਤ ਮੁਸਕਰਾ ਰਿਹਾ ਹੈ, ਪਰ ਇਸਨੇ ਤਾਂ ਮੁਸਕਰਾਈ ਹੀ ਜਾਣਾ ਹੈ। ਭਾਵੇਂ ਮੈਂ ਰੋਵਾਂ ਜਾਂ ਹੱਸਾਂ। ਉਰਦੂ ਗ਼ਜ਼ਲਾਂ ਵਿਚ ਇਹੋ ਜਿਹੇ ਹਜ਼ਾਰਾਂ ਸ਼ਿਅਰ ਲਿਖੇ ਗਏ ਹਨ। ਮੇਰੇ ਸ਼ਿਆਰਾਂ ਵਿਚ ਕੀ ਨਵੀਨਤਾ ਹੈ?

ਫੇਰ, ਇਕ ਦਿਨ ਖਬਰ ਆਈ, ਮਾਥਰ ਸਾਹਿਬ ਡਿਪਟੀ ਡਾਇਰੈਕਟਰ ਬਣਕੇ ਸਾਡੇ ਸਟੇਸ਼ਨ ਉਤੇ ਹੀ ਆ ਗਏ ਹਨ। ਸਟਾਫ਼ ਮੀਟਿੰਗ ਹੋਈ। ਮੈਂ ਉਹਨਾਂ ਨੂੰ ਦੇਖਿਆ। ਪਹਿਲੇ ਦਿਨ ਇਉਂ ਲੱਗਾ, ਜਿਵੇਂ ਇਹ ਮਾਥਰ ਨਹੀਂ। ਨਾਟਕ ਦਾ ਦੁਖੀ ਪੁਰਖ ਪਾਤਰ ਹੈ। ਅਸਲ ਵਿਚ ਇਸ ਪਹਿਲੀ ਬੈਠਕ ਵਿਚ ਮੈਂ ਉਸਨੂੰ ਆਪਣੀ ਅੱਖਾਂ ਨਾਲ ਘੱਟ ਕਲਪਣਾ ਦੀਆਂ ਅੱਖਾਂ ਨਾਲ ਵੱਧ ਦੇਖਿਆ। ਮੈਨੂੰ ਉਹ ਹਮਦਰਦੀ ਦਾ ਪਾਤਰ ਮੁਹੱਬਤੀ ਇਨਸਾਨ ਲੱਗਿਆ।

ਫੇਰ ਉਹ ਮੇਰਾ ਗੁਆਂਢੀ ਬਣ ਗਿਆ, ਜਿਹੜੀ ਕੋਠੀ ਵਿਚ ਮੈਂ ਕਰਾਏ ਉਤੇ ਰਹਿ ਰਹੀ ਹਾਂ, ਉਸਦੇ ਮਾਲਕ ਮਕਾਨ ਨੇ ਖੁਦਮੁਖਤਾਰ ਪੋਰਸ਼ਨ ਬਣਾਏ ਹੋਏ ਹਨ। ਇਕ ਪੋਰਸ਼ਨ ਦਾ ਇਕ ਬੈਡ ਰੂਮ ਤੇ ਬੈਠਕ ਮੇਰੇ ਪਾਸ ਹਨ। ਬਾਕੀ ਦੇ ਦੋ ਕਮਰੇ ਮਾਲਕ ਮਕਾਨ ਨੇ ਆਪਣਾ ਸਮਾਨ ਰੱਖਕੇ ਬੰਦ ਕੀਤੇ ਹੋਏ ਹਨ। ਦੂਜਾ ਪੂਰਾ ਖਾਲੀ ਪੋਰਸ਼ਨ ਮਾਥਰ ਨੇ ਲੈ ਲਿਆ। ਸਟੇਸ਼ਨ ਦੇ ਗੋਰਖੇ ਸੰਤਰੀ ਰਾਹੀਂ ਉਸਨੇ ਇਕ ਗੋਰਖਾ ਮੁੰਡੂ ਨੌਕਰ ਵੀ ਰੱਖ ਲਿਆ ਹੈ। ਉਹ ਸਟੇਸ਼ਨ ਦਾ ਵੱਡਾ ਅਧਿਕਾਰੀ ਹੈ। ਮੈਂ ਛੋਟੀ ਅਧਿਕਾਰੀ ਹਾਂ। ਇਸ ਲਈ ਰਸਮ ਤੇ ਫਾਸਲਾ ਰੱਖਣਾ ਪੈਂਦਾ ਹੈ। ਤਾਂ ਵੀ, ਮੈਨੂੰ ਉਸ ਦੇ ਨਾਟਕ ਦਾ ਪਾਤਰ ਨਹੀਂ ਭੁੱਲ ਰਿਹਾ ਤੇ ਉਸ ਪਾਤਰ ਵਿਚ ਰਲ ਗੱਡ ਹੋ ਰਹੀ ਉਸਦੀ ਸ਼ਖਸੀਅਤ ਨਹੀਂ ਭੁੱਲ ਰਹੀ। ਮੇਰੇ ਜੀਅ ਕਰਦਾ ਹੈ, ਮੈਂ ਉਸਦੀ ਆਪ ਬੀਤੀ ਸੁਣਾਂ।

ਪਰ ਅਚਾਨਕ ਮੈਨੂੰ ਖ਼ਿਆਲ ਫੁਰਦਾ ਹੈ ਕਿ ਮੈਨੂੰ ਮਾਥਰ ਦਾ ਪਾਤਰ ਤੇ ਮਾਥਰ ਆਪ ਸਿਰਫ਼ ਇਸ ਕਰਕੇ ਤਾਂ ਚੰਗੇ ਨਹੀਂ ਲੱਗ ਰਹੇ, ਕਿਉਂਕਿ ਜੋ ਮਾਥਰ ਨਾਲ ਗੁਜ਼ਰੀ, ਉਹ ਮੇਰੇ ਨਾਲ ਇਕ ਵਾਰ ਨਹੀਂ, ਦੋ ਵਾਰ ਗੁਜ਼ਰੀ ਹੈ। ਫ਼ਰਕ ਸਿਰਫ਼ ਇਹ ਸੀ ਕਿ ਉਹ ਪੁਰਖ ਹੈ। ਮੈਂ ਨਾਰੀ ਹਾਂ। ਪਰ ਹੋਰ ਫ਼ਰਕ ਵੀ ਹੈ। ਪਰ ਕੀ ਹੋਰ ਫਰਕ ਵਾਲੀ ਗਲ ਸੱਚ ਹੈ? ਆਪਣੇ ਆਪ ਨੂੰ ਵਡਿਆਉਣ ਲਈ ਹੀ ਤਾਂ ਨਹੀਂ ਹੋਰ ਫਰਕ ਵਾਲੀ ਗੱਲ ਜੋੜੀ ਜਾ ਰਹੀ? ਕੰਮਬਖਤ ਸੱਚ ਕੀ ਹੈ? ਝੂਠ ਕੀ ਹੈ? ਇਸਦਾ ਫੈਸਲਾ ਕਈ ਵਾਰ ਵਰ੍ਹਿਆਂ ਦੇ ਵਰ੍ਹੇ ਲੰਘ ਜਾਣ ਤੋਂ ਬਾਅਦ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ।

ਕੀ ਗੁਰਨਾਮ ਗੁਰੀਲਾ ਸੱਚ ਮੁੱਚ ਹੀ, ਮੈਨੂੰ ਮੁਹੱਬਤ ਨਹੀਂ ਸੀ ਕਰਦਾ? ਕੀ ਉਹ ਭਾਵਨਾਵਾਂ ਤੋਂ ਬਿਲਕੁਲ ਕੋਰਾ ਸੀ? ਮੇਰੇ ਨਾਲ ਉਸਦਾ ਵਿਹਾਰ ਸਿਰਫ਼ ਵਕਤ ਕਟੀ ਹੀ ਸੀ ?

ਇਹ ਠੀਕ ਹੈ, ਮੈਂ ਉਦੋਂ ਰੁਮਾਂਟਿਕ ਜ਼ਿਆਦਾ ਸਾਂ। ਮੈਨੂੰ ਅੰਗਰੇਜ਼ੀ ਜ਼ੁਬਾਨ ਦੇ ਦੋ ਕਵੀਆਂ ਸ਼ੈਲੇ ਤੇ ਕੀਟਸ ਦੀ ਸ਼ਾਇਰੀ ਦੇ ਨਾਲ ਨਾਲ ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਦੀ ਸ਼ਾਇਰੀ ਬਹੁਤ ਚੰਗੀ ਲਗਦੀ ਸੀ। ਹਾਏ ! ਜਦੋਂ ਸ਼ਿਵ ਕੁਮਾਰ ਬਟਾਲਵੀ ਨੂੰ ਪਹਿਲੀ ਵਾਰ ਅੰਮ੍ਰਿਤਸਰ ਸ਼ਹਿਰ ਵਿਚ ਆਪਣਾ ਗੀਤ ਗਾਉਂਦਿਆਂ ਸੁਣਿਆ, ਤਾਂ ਮੈਂ ਲੁੱਟੀ-ਪੁੱਟੀ ਗਈ ਸਾਂ। ਮੇਰਾ ਤਾਂ ਦਿਲ ਕਢ ਕੇ ਲੈ ਗਿਆ ਸੀ, ਉਹ ਪਤਲਾ, ਲੰਮਾ, ਗੋਰਾ, ਜੁਆਨ ਤੇ ਉਦਾਸ ਚਿਹਰੇ ਵਾਲਾ ਸ਼ਿਵ ਕੁਮਾਰ। ਉਹਦੇ ਬੋਲ, ਉਹਦੀ ਜ਼ਬਾਨੀ ਸੁਣੇ, ਹੁਣ ਤਕ ਕੰਨਾਂ ਵਿਚ ਗੂੰਜ ਰਹੇ ਹਨ:

ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨਦੇ।
ਭੱਠੀ ਵਾਲੀਏ, ਚੰਬੇ ਦੀਏ ਡਾਲੀਏ,
ਨੀ ਦੁੱਖਾਂ ਦਾ ਪਰਾਗਾ ਭੁੰਨ ਦੇ।
ਛੇਤੀ ਛੇਤੀ ਕਰੀਂ ਮੈਂ ਤਾਂ ਜਾਣਾ ਬੜੀ ਦੂਰ ਨੀ,
ਜਿੱਥੇ ਮੇਰੇ ਹਾਣੀਆਂ ਦਾ ਟੁਰ ਗਿਆ ਪੂਰ ਨੀ,
ਉਸ ਪਿੰਡ ਜਾ ਸੁਣੀਂਦੈ ਰਾਹ ਮਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ।

ਪਹਿਲੀ ਵਾਰ ਪਤਾ ਲੱਗਾ, ਪੀੜਾਂ ਦੇ ਦੁੱਖਾਂ ਦੇ ਵੀ ਪਰਾਗੇ ਹੁੰਦੇ ਐ। ਇਹ ਵੀ ਪਤਾ ਲੱਗਾ, ਕਈਆਂ ਦਾ ਇਹ ਹੌਸਲਾ ਹੁੰਦਾ ਐ, ਇਨ੍ਹਾਂ ਪੀੜਾਂ ਨੂੰ ਜ਼ਿੰਦਗੀ ਦੀ ਭੱਠੀ ਉਤੇ ਭੁੰਨਵਾ ਲੈਣਾ, ਹੋਰ ਰੜ੍ਹੇ ਹੋਏ ਕਰਵਾ ਲੈਣਾ। ਦੁੱਖ ਨੂੰ ਵਧਾਉਣਾ। ਦੁੱਖ ਨੂੰ ਪਰੋਸਣਾ। ਇਸ ਵਿਚੋਂ ਸੁਆਦ ਲੈਣਾ। ਸ਼ੈਲੇ ਦੇ ਗੀਤ ਦੀਆਂ ਪੰਗਤੀਆਂ ਦੇ ਅਰਥ ਵੀ ਉਸ ਦਿਨ ਸਮਝ ਆਏ- Our sweetest songs are those that tell of saddest thought. ਦਿਲ ਕਰੇ, ਸ਼ਿਵ ਕੁਮਾਰ ਨੂੰ ਮਿਲਾਂ, ਉਸਨੂੰ ਨੇੜਿਉ ਦੇਖਾਂ। ਉਸਦੇ ਜੀਵਨ ਵਿਚ ਝਾਤੀ ਪਾਵਾਂ। ਸੱਚੀ ਗੱਲ ਹੈ, ਮਨ ਤਾਂ ਇਹ ਕਰੇ, ਸ਼ਿਵ ਕੁਮਾਰ ਮੈਨੂੰ ਦੇਖੇ। ਦੇਖਦੇ ਸਾਰ ਮੈਨੂੰ ਕਹੇ, ਅੱਛਾ! ਤੂੰ ਸੰਵੇਦਨਾ ਹੈਂ! ਮੈਨੂੰ ਤੇਰੀ ਹੀ ਤਲਾਸ਼ ਸੀ। ਪਰ ਇਹ ਤਾਂ ਚੜ੍ਹਦੀ ਜੁਆਨੀ ਦੀਆਂ ਖ਼ਿਆਲੀ ਉਡਾਰੀਆਂ ਸਨ। ਨਾ ਮੈਂ ਉਸਨੂੰ ਲੱਭ ਸਕੀ, ਨਾ ਉਹਨੇ ਮੈਨੂੰ ਲੱਭਿਆ। ਚੰਡੀਗੜ੍ਹ ਵਿਚ ਇਕਵਾਰ ਫੇਰ ਵੀ ਉਹਨੂੰ ਸੁਣਿਆ:

ਗ਼ਮਾਂ ਦੀ ਰਾਤ ਲੰਮੀ ਏ
ਜਾਂ ਮੇਰੇ ਗੀਤ ਲੰਮੇ ਨੇ।
ਨਾ ਭੈੜੀ ਰਾਤ ਮੁਕਦੀ ਏ,
ਨਾ ਮੇਰੇ ਗੀਤ ਮੁਕਦੇ ਨੇ।

ਕਿਉਂਕਿ ਚੰਡੀਗੜ੍ਹ ਦਾ ਇਕੱਠ ਸੀਮਿਤ ਤੇ ਚੋਣਵਾਂ ਸੀ, ਇਸ ਕਰਕੇ ਮੈਂ ਚਾਹ ਪੀਂਦਿਆਂ ਉਸਦੇ ਨੇੜੇ ਵੀ ਗਈ। ਆਖਿਆ ਮੈਂ ਤੁਹਡੀ ਫੈਨ ਹਾਂ। ਤੁਹਾਡਾ ਗਾਇਆ ਗੀਤ "ਪੀੜਾਂ ਦਾ ਪਰਾਗਾ" ਅੱਜ ਤਕ ਨਹੀਂ ਭੁੱਲਿਆ। ਉਸਨੇ ਮੁਸਕਰਾ ਕੇ ਸ਼ੁਕਰੀਆ ਆਖਿਆ। ਪਰ ਮੇਰੇ ਵਰਗੀਆਂ ਤੇ ਮੇਰੇ ਵਰਗੇ ਉਸਦੇ ਸੈਂਕੜੇ ਫੈਨ ਸਨ। ਉਸ ਇਕੱਠ ਵਿਚ ਹੀ ਸਾੜ੍ਹੀਆਂ ਤੇ ਜੀਨਾਂ ਪਹਿਨ ਕੇ ਆਈਆਂ ਪਤਲੀਆਂ ਪਤੰਗ, ਲੰਮੀਆਂ ਲੰਮੀਆਂ, ਚੰਡੀਗੜ੍ਹ ਦੀ ਕਥਿਤ ਉਚੀ ਸੁਸਾਇਟੀ ਦੀਆਂ ਦਰਜਨ ਤੋਂ ਵੱਧ ਸੁੰਦਰੀਆਂ ਸ਼ਾਮਲ ਸਨ। ਉਸਦਾ ਗੀਤ ਸੁਣਕੇ ਉਸਨੂੰ ਘੇਰੀ ਖੜ੍ਹੀਆਂ ਸਨ। ਅੰਗਰੇਜ਼ੀ ਬੋਲਕੇ ਕਹਿੰਦੀਆਂ-ਯੂ ਆਰ ਯੂਨੀਕ



ਪੋਇਟ। ਨੈਵਰ ਸੀਨ ਔਰ ਹਰਡ ਏ ਪੋਇਟ ਲਾਈਕ ਯੂ। ਯੂਅਰ ਵਾਇਸ ਇਜ਼ ਵੈਰੀ ਮੈਲੋਡੀਅਸ। ਵੈਰੀ ਸਟੱਰਿੰਗ ਵਾਇਸ। ਮੈਂ ਇਨ੍ਹਾਂ ਨਾਲੋਂ ਘੱਟ ਅੰਗਰੇਜ਼ੀ ਨਹੀਂ ਜਾਣਦੀ ਸਾਂ। ਇਨ੍ਹਾਂ ਵਰਗੀ ਹੀ ਅੰਗਰੇਜ਼ੀ ਬੋਲ ਸਕਦੀ ਸਾਂ। ਮੈਂ ਕਾਲੀ-ਕਲੋਟੀ ਨਹੀਂ ਸਾਂ। ਨਾ ਹੀ ਮੋਟੀ-ਗੁਠੱਲੀ। ਸਭ ਤੋਂ ਵੱਡੀ ਗੱਲ ਇਹ ਕਿ ਮੈਂ ਇਨ੍ਹਾਂ ਸਭ ਨਾਲੋਂ ਵਧ ਜ਼ਹੀਨ ਸਾਂ। ਜੇ ਮੈਨੂੰ ਮੌਕਾ ਮਿਲਦਾ, ਤਾਂ ਮੈਂ ਸ਼ਿਵ ਦੇ ਗੀਤਾਂ ਦਾ ਵਧੇਰੇ ਅਕਲ-ਮੰਦੀ ਭਰਿਆ ਵਿਸ਼ਲੇਸ਼ਣ ਕਰ ਸਕਦੀ ਸਾਂ। ਪਰ ਮੇਰੇ ਪਾਸ ਇਨ੍ਹਾਂ ਚੰਡੀਗੜ੍ਹੀਆਂ ਜਿਹਾ ਗਲੈਮਰ ਨਹੀਂ ਸੀ। ਤੇ ਇਹ ਮੈਨੂੰ ਬਹੁਤ ਪਿੱਛੋਂ ਪਤਾ ਲੱਗਾ, ਸ਼ਿਵ ਕੁਮਾਰ ਆਪ ਤਾਂ ਕੁੜਤਾ-ਪਾਜਾਮਾ ਹੀ ਪਹਿਨਦਾ ਸੀ, ਸ਼ਾਇਰੀ ਵਿਚ ਅਲੰਕਾਰ ਵੀ ਪੇਂਡੂ ਹੀ ਵਰਤਦਾ ਸੀ, ਪਰ ਆਪ ਪੇਂਡੂਆਂ ਵਾਂਗ ਸਾਦਗੀ-ਪੰਸਦ ਨਹੀਂ ਸੀ। ਉਹ ਗਲੈਮਰ ਦਾ ਦਿਲਦਾਦਾ ਸੀ। ਗਲੈਮਰੱਸ ਔਰਤਾਂ ਦਾ ਦਿਲਦਾਦਾ/ਗਲੈਮਰੱਸ ਜ਼ਿੰਦਗੀ ਦਾ ਦਿਲਦਾਦਾ। ਉਸ ਪਾਸ ਕਾਰ ਨਹੀਂ ਸੀ, ਪਰ ਬੱਸ ਵਿਚ ਸਫ਼ਰ ਨਹੀਂ ਕਰਦਾ ਸੀ। ਹਮੇਸ਼ਾ ਸਾਲਮ ਟੈਕਸੀ ਕਰਾਏ 'ਤੇ ਲੈ ਕੇ ਸਫ਼ਰ ਕਰਦਾ। ਮਹਿੰਗੀ ਸ਼ਰਾਬ ਪੀਂਦਾ। ਪੰਜ-ਤਾਰਾ ਹੋਟਲਾਂ ਵਿਚ ਠਹਿਰਾਏ ਜਾਣ ਦੀ ਮੰਗ ਕਰਦਾ।

ਤਾਂ ਵੀ, ਉਹਦੀ ਸ਼ਾਇਰੀ ਦੇ ਨੇੜੇ ਜਾ ਕੇ ਮੁੜ ਕੇ ਮੈਂ ਦੂਰ ਨਹੀਂ ਹਟ ਸਕੀ। ਸ਼ਿਵ ਕੁਮਾਰ ਤਾਂ ਦੂਰ ਹੀ ਰਿਹਾ, ਪਰ ਸ਼ਾਇਰੀ ਨੇੜੇ ਆਉਂਦੀ ਗਈ। ਹੁਣ ਪਿੱਛੇ ਵੱਲ ਸੋਚਦੀ ਹਾਂ, ਤਾਂ ਇਸਦਾ ਅਸਲ ਕਾਰਨ ਮੇਰੇ ਅੰਦਰ ਸੀ। ਮੁਹੱਬਤ ਦਾ ਜਜ਼ਬਾ ਮੇਰੇ ਤਨ ਮਨ ਵਿਚ ਬਹੁਤ ਡੂੰਘਾ ਤੇ ਤਿੱਖਾ ਸੀ। ਮੇਰੇ ਮਨ ਦੀਆਂ ਤਾਰਾਂ ਦੀ ਸਭ ਤੋਂ ਵਧੀਆ ਟੁਣਕਾਰ ਮੁਹੱਬਤ ਦੇ ਪੋਟਿਆਂ ਨਾਲ ਹੀ ਨਿਕਲਦੀ ਸੀ। ਸ਼ਿਵ ਕਮੁਾਰ ਦੀ ਸ਼ਾਇਰੀ ਦੀ ਤਾਕਤ ਇਸ ਵਿਚ ਫੈਲਿਆ ਮੁਹੱਬਤ ਦਾ ਦਰਦ ਸੀ। ਇਹੋ ਕਾਰਨ ਹੈ, ਗੁਰਨਾਮ ਗੁਰੀਲੇ ਨੇ ਵੀ ਮੈਨੂੰ ਪੈਰੋਂ ਕੱਢ ਛੱਡਿਆ ਸੀ। ਉਹ ਸ਼ਿਵ ਕੁਮਾਰ ਵਾਂਗ ਪਤਲਾ, ਲੰਮਾ ਤੇ ਗੋਰਾ ਨਹੀਂ ਸੀ। ਨਾ ਹੀ ਉਸਦੇ ਚਿਹਰੇ ਉਤੇ ਦਰਦ-ਮੰਦ ਇਨਸਾਨ ਵਾਲੀ ਉਦਾਸੀ ਛਾਈ ਨਜ਼ਰ ਆਉਂਦੀ ਸੀ। ਤਾਂ ਵੀ, ਉਹ ਤਿੱਖੇ ਤੇ ਭੜਕੀਲੇ ਜਜ਼ਬਿਆਂ ਵਾਲਾ ਮੁੰਡਾ ਸੀ। ਸ਼ਿਵ ਕੁਮਾਰ ਵਾਂਗ ਹੀ ਪੇਂਡੂ ਪਰ ਉਸ ਵਾਂਗ ਕੁੜਤਾ ਪਾਜਾਮਾ ਪਾਉਣ ਵਾਲਾ ਨਹੀਂ। ਪ੍ਰੈੱਸ ਕੀਤੀ ਹੋਈ ਕਮੀਜ਼ ਤੇ ਪਤਲੂਨ ਪਹਿਨਣ ਦਾ ਸ਼ੁਕੀਨ। ਸਰਦੀਆਂ ਵਿਚ ਥਰੀ ਪੀਸ ਸੂਟ ਤੇ ਨਾਲ ਟਾਈ ਪਹਿਨਣ ਦਾ ਸ਼ੁਕੀਨ। ਮੇਰੀ ਅੰਗਰੇਜ਼ੀ ਐਮ. ਏ. ਦੀ ਜਮਾਤ ਦੇ ਦੂਜੇ ਸਾਲ ਵਿਚ ਦਾਖਲ ਹੋਇਆ ਸੀ। ਬਠਿੰਡੇ ਇਪਟਾ ਦੇ ਨਾਟਕਾਂ ਵਿਚ ਹਿੱਸਾ ਲੈਂਦਾ ਆਇਆ ਸੀ। ਆਪ ਲਿਖਦਾ ਨਹੀਂ ਸੀ। ਮੋਹਨ ਸਿੰਘ ਤੇ ਸ਼ਿਵ ਕੁਮਾਰ ਦੇ ਗੀਤ ਗਾਉਂਦਾ, ਮੋਹਨ ਸਿੰਘ ਤੇ ਸ. ਸ. ਮੀਸ਼ਾ ਦੀਆਂ ਗ਼ਜ਼ਲਾਂ ਵੀ ਗਾਉਂਦਾ। ਬਹੁਤ ਸੁਰੀਲੀ ਤੇ ਭਰਵੀਂ ਆਵਾਜ਼। ਗਾਉਂਦਾ, ਤਾਂ ਇਉਂ ਮਹਿਸੂਸ ਹੁੰਦਾ, ਜਿਵੇਂ ਸ਼ਾਇਰ ਦੀ ਸ਼ਾਇਰੀ ਦੇ ਨਾਲ ਨਾਲ ਗੁਰਨਾਮ ਦਾ ਹਿਰਦਾ ਵੀ ਗਾ ਰਿਹਾ ਸੀ। ਸ਼ਿਵ ਕੁਮਾਰ ਦਾ ਦੂਜਾ ਪ੍ਰਸਿੱਧ ਗੀਤ "ਸ਼ਿਕਰਾ ਯਾਰ ਬਣਾਇਆ" ਉਸਦੀ ਜ਼ਬਾਨੀ ਯੂਨੀਵਰਸਿਟੀ-ਮੰਚ ਉਤੇ ਸੁਣਿਆ, ਤਾਂ ਮੈਂ ਇਕ ਵਾਰ ਫੇਰ ਸ਼ਿਵ ਦੀ ਸ਼ਾਇਰੀ ਉਤੇ ਫੜਕ ਉੱਠੀ ਸਾਂ:

ਮਾਏ ਨੀ ਮਾਏ, ਮੈਂ ਸ਼ਿਕਰਾ ਯਾਰ ਬਣਾਇਆ
ਇਕ ਉਹਦੇ ਰੂਪ ਦੀ ਧੁੱਪ ਤਿਖੇਰੀ
ਦੂਜਾ ਮਹਿਕਾਂ ਦਾ ਤਿਰਹਾਇਆ
ਤੀਜਾ ਉਹਦਾ ਰੰਗ ਗੁਲਾਬੀ,
ਕਿਸੇ ਗੋਰੀ ਮਾਂ ਦਾ ਜਾਇਆ।

ਇਸੇ ਮੰਚ ਉਤੇ ਮੈਂ ਵੀ ਇਕ ਨਜ਼ਮ ਸੁਣਾਈ ਸੀ:

ਜੀਊਣਾ ਮੁਲਤਵੀ ਨਾ ਕਰੋ, ਕਲ੍ਹ ਜੀਊਣਾ ਨਹੀਂ ਮਿਲਣਾ।
ਜੇ ਜੀਊਣਾ ਹੈ, ਤਾਂ ਅੱਜ ਹੀ ਜੀਉ।

ਹੱਸਣਾ ਮਲਤਵੀ ਨਾ ਕਰੋ।
ਜੋ ਅੱਜ ਨਹੀਂ ਹੱਸਦਾ, ਉਹ ਕਦੀ ਨਹੀਂ ਹੱਸਦਾ।
ਪਾਬੰਦੀਆਂ ਤੋਂ ਨਾ ਡਰੋ,
ਪਾਬੰਦੀਆਂ ਲਗਦੀਆਂ ਹੀ ਇਸ ਕਰਕੇ ਹਨ,
ਕਿਉਂਕਿ ਕੁਝ ਇਕ ਨੇ ਇਨ੍ਹਾਂ ਨੂੰ ਤੋੜਨਾ ਹੁੰਦੈ।
ਪਾਬੰਦੀਆਂ ਤੋੜੋ।
ਪਾਬੰਦੀਆਂ ਤੋੜੇ ਬਿਨਾਂ ਮੰਜ਼ਲ ਨਹੀਂ ਮਿਲਣੀ।
ਪਾਬੰਦੀ ਤਾਂ ਮਨੁੱਖ ਨੂੰ ਬੱਚਾ ਬਣਾਈ ਰੱਖਦੀ ਹੈ।
ਜੇ ਜਵਾਨੀ ਵਿਚ ਪੈਰ ਧਰਨਾ ਹੈ,
ਤਾਂ ਬਚਪਨ ਦੀ ਮਾਸੂਮੀਅਤ ਤਿਆਗ ਦਿਉ।
ਮਾਸੂਮੀਅਤ ਦਾ ਤਿਆਗ ਹੀ ਜਵਾਨੀ ਹੈ।

ਮੇਰੀ ਨਜ਼ਮ ਸੁਣਕੇ ਗੁਰਨਾਮ ਗੁਰੀਲਾ ਦੌੜਕੇ ਮੇਰੇ ਵੱਲ ਆਇਆ ਸੀ। ਬਿਨਾ ਕਿਸੇ ਰਸਮੀ ਜਾਣ-ਪਛਾਣ ਦੇ ਬੋਲਿਆ ਸੀ-ਤੇਰਾ ਨਾਮ ਹੀ ਸੰਵੇਦਨਾ ਨਹੀਂ, ਤੂੰ ਸੱਚ ਮੁੱਚ ਹੀ ਸੰਵੇਦਨਾ ਹੈਂ। Sensible and sensitive. ਮੈਂ ਅੱਜ ਤੋਂ ਤੇਰਾ ਫੈਨ ਹੋ ਗਿਆ ਹਾਂ। ਹੁਣ ਤਕ ਜਿਹੜੇ ਸ਼ਾਇਰਾਂ ਦੀ ਸ਼ਾਇਰੀ ਗਾਉਂਦਾ ਰਿਹਾ ਆਂ, ਉਨ੍ਹਾਂ ਵਿਚ ਤੇਰੇ ਵਾਲੀ ਸ਼ਾਰਪਨੈੱਸ ਨਹੀਂ। ਤੂੰ ਥੋੜ੍ਹੀਆਂ ਜਿਹੀਆਂ ਪੰਗਤੀਆਂ ਵਿਚ ਜ਼ਿੰਦਗੀ ਦੀ ਫ਼ਿਲਾਸਫ਼ੀ ਪਰੋ ਦਿੱਤੀ ਹੈ। ਕਿੰਨੀ ਵੱਡੀ ਹਕੀਕਤ ਹੈ-ਜੀਊਣਾ ਮੁਲਤਵੀ ਨਾ ਕਰੋ।

ਮੈਂ ਸੰਗਾਊ ਕੁੜੀ ਵਾਂਗ ਸੰਗ ਗਈ। ਜਵਾਬ ਨਾ ਅਹੁੜੇ। ਕਹਿਣ ਵਾਲੇ ਲਫ਼ਜ਼ ਭੁੱਲ ਗਈ। ਫਰਕਦੀਆਂ ਗੱਲ੍ਹਾਂ ਨਾਲ ਕਦੇ ਮੂੰਹ ਵੱਲ ਦੇਖਾਂ। ਕਦੇ ਜ਼ਮੀਨ ਵੱਲ। ਪਰ ਗੁਰਨਾਮ ਪਾਸ ਨਾ ਲਫ਼ਜ਼ ਥੁੜਦੇ ਸਨ, ਨਾ ਗੱਲ ਕਹਿਣ ਤੋਂ ਉਕਦਾ ਸੀ।

"ਸੰਵੇਦਨਾ ! ਇਸ ਵੇਲੇ ਤੇਰੀਆਂ ਗਲ੍ਹਾਂ ਵਿਚ ਜੋ ਡੂੰਘ ਪੈ ਰਹੇ ਐ, ਉਨ੍ਹਾਂ ਨਾਲ ਤੂੰ ਬਹੁਤ ਹੁਸੀਨ ਲੱਗ ਰਹੀ ਐਂ। ਮੈਨੂੰ ਡਰ ਲਗਦਾ ਐ, ਮੈਂ ਤੇਰੇ ਉਤੇ ਆਸ਼ਕ ਹੋ ਜਾਣਾ ਐ।"

ਮੈਨੂੰ ਬੋਲਣਾ ਹੀ ਨਹੀਂ ਭੁੱਲ ਗਿਆ ਸੀ, ਮੈਂ ਪੈਰੋਂ ਨਿਕਲ ਗਈ ਸਾਂ।

ਮੈਂ ਦਸਵੀਂ ਤੱਕ ਸ਼ਿਮਲੇ ਦੇ ਪ੍ਰਸਿੱਧ ਸੇਂਟ ਮੇਰੀ ਸਕੂਲ ਵਿਚ ਪੜ੍ਹੀ ਸਾਂ। ਬੀ. ਏ. ਆਨਰਜ਼ ਅੰਮ੍ਰਿਤਸਰ ਤੋਂ ਕੀਤੀ ਸੀ। ਐਮ. ਏ. ਅੰਗਰੇਜ਼ੀ ਪੰਜਾਬ ਯੂਨੀਵਰਸਿਟੀ ਤੋਂ ਕਰ ਰਹੀ ਸਾਂ। ਉੱਚ-ਵਿਦਿਆ ਪ੍ਰਾਪਤ ਟੱਬਰ ਦੀ ਕੁੜੀ ਸਾਂ। ਦੋ ਭਰਾ ਵੱਡੀਆਂ ਅੰਤਰ-ਰਾਸ਼ਟਰੀ ਫਰਮਾਂ ਦੇ ਬਿਜ਼ਨੈੱਸ ਮੈਨੇਜਰ ਸਨ। ਪਿਤਾ ਡਾਕਖਾਨਿਆਂ ਦੇ ਮਹਿਕਮੇ ਦਾ ਡਵੀਜਨਲ ਮੈਨੇਜਰ ਸਨ, ਮਾਂ ਪੁਰਾਣੇ ਜ਼ਮਾਨੇ ਦੀ ਬੀ. ਏ. ਪਾਸ। ਤਾਂ ਵੀ, ਪਹਿਲਾਂ ਮੈਨੂੰ ਸ਼ਿਵ ਕੁਮਾਰ ਗੀਤ ਗਾਕੇ ਲੁੱਟ-ਪੁੱਟ ਕੇ ਲੈ ਗਿਆ ਸੀ। ਹੁਣ ਇਹ ਪੇਂਡੂ ਮੁੰਡਾ ਆਪਣੀ ਚਰਬ-ਜ਼ਬਾਨੀ ਨਾਲ ਮੇਰੇ ਉਤੇ ਜਾਦੂ ਧੂੜੀ ਜਾ ਰਿਹਾ ਸੀ। ਮੇਰੀ ਬੋਲਤੀ ਕਿਉਂ ਬੰਦ ਹੋ ਗਈ ਸੀ? "ਸੰਵੇਦਨਾ ਚਲ ਕਾਫੀ ਹਾਊਸ ਚੱਲੀਏ, ਕਾਫ਼ੀ ਪੀਵੀਏ।" ਗੁਰਨਾਮ ਨੇ ਮੇਰੀ ਮੂਰਛਾ ਤੋੜੀ।

ਉਥੇ ਜਾਕੇ ਵੀ ਬਹੁਤਾ ਫਰਕ ਨਹੀਂ ਪਿਆ। ਸਿਰਫ਼ ਮੈਂ ਹੁਣ ਉਹਦੇ ਕਣਕ-ਵੰਨੇ ਚਿਹਰੇ, ਬਾਜ਼ ਵਰਗੀਆਂ ਤਿੱਖੀਆਂ ਅੱਖਾਂ ਤੇ ਤੋਤੇ ਵਰਗੀ ਤਿੱਖੀ ਨੱਕ ਨੂੰ ਜ਼ਰਾ ਦਲੇਰੀ ਨਾਲ ਦੇਖਿਆ ਸੀ। ਇਹ ਵੀ ਦੇਖਿਆ ਸੀ, ਉਹ ਭਰਵੇਂ ਜੁੱਸੇ ਵਾਲਾ ਸਿਹਤ-ਮੰਦ ਨੌਜਵਾਨ ਸੀ। ਕਾਫੀ ਪੀਂਦਿਆਂ ਵੀ ਉਹੋ ਹੀ ਬੋਲੀ ਗਿਆ।

"ਇਹ ਚੰਡੀਗੜ੍ਹ ਮੁਰਦਾ ਸ਼ਹਿਰ ਐ, ਨਾ ਇਸਦੀ ਰੂਹ ਐ, ਨਾ ਜਾਨ ਐ। ਸਿਰਫ ਧੜ ਹੀ ਧੜ ਐ! ਉਹ ਵੀ ਬੇਡੌਲ। ਇੱਥੋਂ ਦੇ ਲੋਕ ਵੀ ਤੁਰਦੀਆਂ ਫਿਰਦੀਆਂ ਲਾਸ਼ਾਂ ਹਨ। ਸੰਗ ਮਰ ਮਰ ਦੀਆਂ



ਮੂਰਤਾਂ। ਜਾਂ ਚਾਬੀ ਵਾਲੇ ਖਿਡੌਣੇ। ਐਹ ਯੂਨੀਵਰਸਿਟੀ ਦੇਖ ਲਉ। ਆਪਣਾ ਅੰਗਰੇਜ਼ੀ ਡੀਪਾਰਟਮੈਂਟ ਦੇਖ ਲਉ। ਆਖਣ ਨੂੰ ਇਹ ਸਾਹਿਤ ਪੜ੍ਹਾਉਂਦੇ ਐ, ਪਰ ਸਾਹਿਤ ਤਾਂ ਜ਼ਿੰਦਗੀ ਵਾਂਗ ਜੀਵਤ ਤੇ ਧੜਕਦਾ ਹੁੰਦੈ। ਪੜ੍ਹਾਏ ਜਾਂਦੇ ਸਾਹਿਤ ਵਿਚੋਂ ਜ਼ਿੰਦਗੀ ਧੜਕਣੀ ਚਾਹੀਦੀ ਐ, ਪਰ ਹੈ ਕਿਸੇ ਪ੍ਰੋਫੈਸਰ ਦੇ ਲੈਕਚਰ ਵਿਚ ਧੜਕਦੀ ਜ਼ਿੰਦਗੀ? ਉਸ ਦਿਨ ਪ੍ਰੋ: ਦਵੇਦੀ ਓਥੈਲੋ ਪੜ੍ਹਾ ਰਹੇ ਸਨ। ਕਿੰਨਾ ਫੁਸਫੁਸਾ ਲੈਕਚਰ ਸੀ! ਕਿੱਥੇ ਨਾਟਕ ਦਾ ਬਲਵਾਨ ਨਾਇਕ ਓਥੈਲੋ, ਤੇ ਉਹਦੀ ਹੁਸੀਨ ਪਤਨੀ ਡੈਸਡੇਮੋਨਾ। ਮੇਰਾ ਦਿਲ ਕਰੇ, ਮੈਂ ਪ੍ਰੋਫੈਸਰ ਸਾਹਿਬ ਨੂੰ ਨਾਟਕ ਦਾ ਇਕ ਦ੍ਰਿਸ਼ ਕਲਾਸ ਵਿਚ ਖੇਲ ਕੇ ਦਿਖਾਵਾਂ। ਦੱਸਾਂ, "ਸ਼ੈਕਸਪੀਅਰ ਕਿਵੇਂ ਨਾਟਕ ਦੇ ਕਾਗਜ਼ਾਂ ਵਿਚ ਲਫਜ਼ਾਂ ਰਾਹੀਂ ਹੀ ਜਾਨ ਪਾ ਦਿੰਦਾ ਹੈ? ਇਹ ਲੋਕ ਤਾਂ ਇਉਂ ਪੜ੍ਹਾਉਂਦੇ ਐ, ਜਿਵੇਂ ਨਿੰਮ ਪੀ ਰਹੇ ਹੋਣ ਤੇ ਨਿੰਮ ਪਿਲਾ ਰਹੇ ਹੋਣ।"

ਜਿਸ ਦਿਨ ਪ੍ਰੋ: ਦਵੇਦੀ ਨੇ ਓਥੈਲੋ ਉਤੇ ਲੈਕਚਰ ਸੀ, ਮੈਨੂੰ ਚੰਗਾ ਲੱਗਾ ਸੀ। ਮੈਂ ਨਾਟਕ ਚੰਗੀ ਤਰ੍ਹਾਂ ਪੜ੍ਹਿਆ ਹੋਇਆ ਸੀ। ਪਹਿਲਾਂ ਦਸਵੀਂ ਦੀ ਜਮਾਤ ਵਿਚ ਸ਼ਿਮਲੇ ਇਸਦਾ ਕੁਝ ਸਰਲੀਕ੍ਰਿਤ ਰੂਪ ਪੜ੍ਹਿਆ ਸੀ। ਹੁਣ ਐਮ. ਏ. ਦੂਜਾ ਸਾਲ ਦੀ ਜਮਾਤ ਸ਼ੁਰੂ ਹੋਈ, ਤਾਂ ਮੈਂ ਸਾਰੀਆਂ ਪਾਠ-ਪੁਸਤਕਾਂ ਖਰੀਦ ਲਈਆਂ ਸਨ। ਕਿਉਂਕਿ ਮੈਨੂੰ ਓਥੈਲੋ ਦੀ ਟਰੈਜਿਡੀ ਨੇ ਸਕੂਲ ਵਿਚ ਹੀ ਬਹੁਤ ਹਲੂਣਿਆ ਸੀ, ਇਸ ਕਰਕੇ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ ਸੈਕਸਪੀਅਰ ਦਾ ਮੂਲ-ਪਾਠ ਇਕ ਵਾਰ ਪੜ੍ਹ ਲਿਆ ਸੀ। ਦਵੇਦੀ ਨਾਟਕਾਂ ਦੀਆਂ ਸਥਿਤੀਆਂ, ਨਾਟਕੀ ਤਣਾਉ, ਪਾਤਰਾਂ ਦੇ ਸੁਭਾਅ ਤੇ ਸੰਵਾਦਾਂ ਦੇ ਅਰਥਾਂ ਦੀਆਂ ਤਹਿਆਂ ਬਹੁਤ ਕਾਬਲੀਅਤ ਨਾਲ ਸਮਝਾਉਂਦੇ ਸਨ। ਪਰ ਮੈਂ ਗੁਰਨਾਮ ਦੀ ਗੱਲ ਨੂੰ ਕੱਟਿਆ ਨਹੀਂ।

ਇਕ ਦਿਨ ਆਪਣੇ ਗਰਲਜ਼ ਹੋਸਟਲ ਤੋਂ ਮੈਂ ਆਪਣੇ ਡੀਪਾਰਟਮੈਂਟ ਨੂੰ ਪੈਦਲ ਜਾ ਰਹੀ ਸਾਂ, ਤਾਂ ਪਿੱਛਿਉਂ ਸਕੂਟਰ ਉਤੇ ਮੇਰੇ ਬਰਾਬਰ ਆ ਰੁਕਿਆ। ਉਨ੍ਹਾਂ ਦਿਨਾਂ ਵਿਚ ਸਕੂਟਰ ਆਮ ਨਹੀਂ ਸਨ। ਵਿੱਦਿਆਰਥੀ ਪਾਸ ਸਕੂਟਰ ਹੋਣਾ ਤਾਂ ਲਗ ਪਗ ਅਸੰਭਵ ਸੀ। ਇਸਤੋਂ ਪਹਿਲਾਂ ਉਸ ਪਾਸ ਸਕੂਟਰ ਕਦੇ ਨਹੀਂ ਦੇਖਿਆ ਸੀ।

"ਸੰਵੇਦਨਾ ! ਆ——ਬੈਠ। ਚੱਲੀਏ ਕਲਾਸ ਪੜ੍ਹਨ" ਮੈਂ ਝਿਜਕ ਨਾਲ ਉਸਦੇ ਮੂੰਹ ਵੱਲ ਦੇਖਿਆ। ਤੇ ਫੇਰ ਉਸਦੇ ਪਿੱਛੇ ਬੈਠ ਗਈ।

ਇਕ ਹੋਰ ਦਿਨ ਸਤਾਰਾਂ ਸੈਕਟਰ ਵਿਚ ਕੋਈ ਕਿਤਾਬ ਲੱਭਦੀ ਫਿਰ ਰਹੀ ਸਾਂ, ਤਾਂ ਅਚਾਨਕ ਬਰਾਬਰ ਆ ਖੜ੍ਹਾ ਹੋਇਆ। ਅੱਜ ਉਸ ਪਾਸ ਇਕ ਪੁਰਾਣਾ ਮੋਟਰ ਸਾਈਕਲ ਸੀ। ਮੇਰੇ ਨਾਲ ਦੁਕਾਨ ਦੇ ਅੰਦਰ ਗਿਆ। ਮੈਂ ਕਿਤਾਬ ਖਰੀਦੀ। ਮੇਰੇ ਨਾਲ ਹੀ ਬਾਹਰ ਆਇਆ।

"ਚੱਲ ਬੈਠ ਪਿੱਛੇ। ਸੁਖਨਾ ਝੀਲ ਚੱਲੀਏ। ਕੰਕਰੀਟ ਦੇ ਜੰਗਲ 'ਚੋਂ ਬਾਹਰ ਨਿਕਲ ਕੇ, ਕੁਦਰਤ ਦਾ ਸੁਹਜ ਮਾਣੀਏ।"

ਸੁਖਨਾ ਉੱਤੇ ਪਹਿਲਾਂ ਵੀ ਦੋ ਵਾਰ ਗਈ ਸਾਂ, ਪਰ ਸੁਖਨਾ ਮੈਨੂੰ ਹਮੇਸ਼ਾ ਖਿੱਚਦੀ ਐ। ਉਂਜ ਵੀ ਗੁਰਨਾਮ ਨੂੰ ਨਾਂਹ ਨਹੀਂ ਹੋ ਸਕਣੀ। ਮੈਂ ਬੈਠ ਗਈ। ਝੀਲ ਦੇ ਕਿਨਾਰੇ ਘੁੰਮੇ, ਬੇੜੀ ਲੈ ਕੇ ਸੈਰ ਕੀਤੀ।

ਅੱਜ ਉਹ ਬਹੁਤਾ ਨਹੀਂ ਬੋਲਿਆ, ਪਰ ਜਦੋਂ ਮੋਟਰ ਸਾਈਕਲ ਭਜਾ ਰਿਹਾ ਸੀ, ਤਾਂ ਪਿੱਛੇ ਨੂੰ ਹੱਥ ਕਰਕੇ ਮੇਰੇ ਸਰੀਰ ਨੂੰ ਛੂਹਿਆ," ਸੰਭਲ ਕੇ ਬੈਠੀਂ, ਡਿਗ ਨਾ ਪਈਂ।"

"ਨਹੀਂ ਡਿਗਦੀ।"

ਜਦੋਂ ਬੇੜੀ ਵਿਚ ਬੈਠਣਾ ਸੀ, ਤਾਂ ਕਿਨਾਰੇ ਖੜ੍ਹੀ ਦਾ ਉਸਨੇ ਹੱਥ ਘੁੱਟ ਕੇ ਫੜਿਆ ਸੀ, ਤੇ ਫੇਰ ਮੈਨੂੰ ਬੇੜੀ ਵਿਚ ਨੂੰ ਖਿੱਚਿਆ ਸੀ-

"ਮਾਈ ਡੀਅਰ ! ਦੇਖੀਂ, ਪਾਣੀ ਵਿਚ ਨਾ ਡਿਗ ਪਈਂ।"

"ਨਹੀਂ। ਇੰਨੀ ਅਣਜਾਣ ਤੇ ਕਮਜ਼ੋਰ ਨਹੀਂ," ਮੈਂ ਹੱਸਕੇ ਆਖਿਆ ਸੀ।

ਉਸ ਦੇ ਤਨ ਦੀ ਛੁਹ ਹੀ ਨਹੀਂ, ਉਸਦੀ ਸਮੁੱਚੀ ਸ਼ਖ਼ਸੀਅਤ ਹੌਲੀ-ਹੌਲੀ ਮੈਨੂੰ ਮੱਲੀ ਜਾ ਰਹੀ ਸੀ। ਮੈਂ ਹੈਰਾਨ ਸਾਂ। ਉਸਨੇ ਮੇਰੇ ਬਾਰੇ ਕਦੇ ਕੁਝ ਨਹੀਂ ਪੁੱਛਿਆ ਸੀ। ਮੈਂ ਪੁੱਛਣਾ ਚਾਹੁੰਦੀ ਸਾਂ, ਪਰ ਸਮਝਦੀ ਸਾਂ, ਅਜੇ ਕਾਫੀ ਬੇਤਕੱਲਫੀ ਨਹੀਂ।

ਦਸੰਬਰ ਦੀਆਂ ਜਮਾਤ-ਪ੍ਰੀਖਿਆਵਾਂ ਆ ਰਹੀਆਂ ਸਨ। ਮੈਂ ਪਿਛਲੀਆਂ ਸਭ ਜਮਾਤਾਂ ਵਿਚ ਸਿਖਰ ਉਤੇ ਰਹੀ ਸਾਂ। ਹੁਣ ਵੀ ਪਹਿਲਾ ਸਥਾਨ ਕਾਇਮ ਰੱਖਣਾ ਚਾਹੁੰਦੀ ਸਾਂ। ਸਾਹਿਤ ਮੇਰਾ ਮਨ ਭਾਉਂਦਾ ਵਿਸ਼ਾ ਵੀ ਸੀ। ਇਸ ਲਈ ਮੈਂ ਇਕ ਮਹੀਨਾ ਪੜ੍ਹਾਈ ਵਿਚ ਖੁਭ ਜਾਣ ਦਾ ਫੈਸਲਾ ਕਰ ਲਿਆ। ਜਮਾਤ ਵਿਚ ਬਾਕਾਇਦਗੀ ਵਧਾਈ। ਲਾਇਬ੍ਰੇਰੀ ਜਾਣ ਦਾ ਸਿਲਸਲਾ ਵਧ ਗਿਆ। ਕਈ ਵਾਰ ਲਾਇਬ੍ਰੇਰੀ ਵਿਚ ਹੀ ਬੈਠੀ ਰਹਿੰਦੀ। ਜਮਾਤ ਵਿਚ ਹੱਥ ਕੋਈ ਨਾ ਕੋਈ ਕਿਤਾਬ ਹੁੰਦੀ। ਤਾਂ ਵੀ, ਗੁਰਨਾਮ ਮੈਨੂੰ ਭੁੱਲਦਾ ਨਹੀਂ ਸੀ। ਕਿਤਾਬ ਪੜ੍ਹਦਿਆਂ ਜਾਂ ਕਾਪੀ ਵਿਚ ਲਿਖਦਿਆਂ ਉਸਦਾ ਗਠੀਲਾ ਜਿਸਮ ਅਤੇ ਉਸਦਾ ਅਲੱਗ ਕਿਸਮ ਦਾ ਚਿਹਰਾ ਕਾਗਜ਼ ਵਿਚ ਉਘੜ ਆਉਂਦਾ। ਬਹੁਤ ਰੁੱਝੀ ਹੋਣ ਦੇ ਬਾਵਜੂਦ ਮੇਰਾ ਦਿਲ ਕਰਦਾ, ਕੋਈ ਕਵਿਤਾ, ਕੋਈ ਗੀਤ ਲਿਖਾਂ। ਇਕ ਦਿਨ ਮੈਂ ਲਿਖਿਆ:

ਸਵੇਰੇ ਖਿਆਲ ਆਇਆ, ਸ਼ਾਮੀ ਖਿਆਲ ਆਇਆ।
ਸਾਂ ਤਾਂ ਮੈ ਇੱਕਲੀ, ਪਰ ਤੂੰ ਨਾਲ ਆਇਆ।

ਇਨ੍ਹਾਂ ਦਿਨਾਂ ਵਿਚ ਸ਼ਾਇਦ ਹੀ ਕੋਈ ਚੌਵੀ ਘੰਟੇ ਲੰਘੇ ਹੋਣ, ਜਦੋਂ ਖਿਆਲਾਂ ਵਿਚ ਉਹ ਮੇਰੇ ਸਾਹਮਣੇ ਨਹੀਂ ਸੀ, ਜਾਂ ਮੈਂ ਉਸਦੇ ਸਕੂਟਰ ਜਾਂ ਮੋਟਰ ਸਾਈਕਲ ਦੇ ਪਿੱਛੇ ਨਹੀਂ ਬੈਠੀ ਸਾਂ।

ਇਕ ਦਿਨ ਲਾਇਬ੍ਰੇਰੀ ਵਿਚ ਬੈਠੀ ਨੂੰ ਉਹਨੇ ਆ ਲੱਭਿਆ——"ਬਹੁਤ ਹੀ ਪੜ੍ਹਨ ਲੱਗ ਪਈ ਹੈਂ। ਲੱਭਦੀ ਈ ਨਹੀਂ।"

"ਇਮਤਿਹਾਨ ਸ਼ੁਰੂ ਹੋਣ ਵਾਲੇ ਐ।"

"ਦਸੰਬਰ- ਟੈਸਟ ਹੀ ਹਨ। ਸਾਲਾਨਾ ਇਮਤਿਹਾਨ ਤਾਂ ਨਹੀਂ।"

ਪਰ ਤੂੰ ਤਾਂ ਆਪਣੇ ਆਪ ਨੂੰ ਰੋਲ ਛੱਡਿਆ ਲਗਦੈ। ਸਿਰ ਦੀਆਂ ਜ਼ੁਲਫ਼ਾਂ, ਦੇਖ, ਕਿਵੇਂ ਖਿਲਰੀਆਂ ਹੋਈਆਂ।"

ਸਿਰ ਦੀਆਂ ਜ਼ੁਲਫ਼ਾਂ ਦੀ ਗੱਲ ਮੈਂ ਉਸਦੇ ਮੂੰਹੋਂ ਪਹਿਲੀ ਵਾਰ ਸੁਣੀ ਸੀ। ਮੈਂ ਸਿਰ ਦੇ ਵਾਲ ਹਮੇਸ਼ਾ ਛੋਟੇ ਕਰਵਾ ਕੇ ਰੱਖੇ ਐ, ਤੇ ਇਹ ਮੇਰੇ ਸਿਰ ਦੇ ਆਲੇ-ਦੁਆਲੇ ਖਿਲਰੇ ਰਹਿੰਦੇ ਐ। ਅੱਜ ਕੋਈ ਨਵੀਂ ਗੱਲ ਨਹੀਂ ਸੀ। ਤਾਂ ਵੀ ਮੈਂ ਉਹਦੀ ਗੱਲ ਸੁਣਕੇ ਹੱਸ ਪਈ।

"ਹੱਸਣ ਨਾਲ ਮੇਰੀਆਂ ਗੱਲ੍ਹਾਂ ਦੇ ਡੂੰਘ ਦਿਸੇ ਹੋਣਗੇ। ਕਹਿਣ ਲੱਗਾ," ਮੁੱਦਤ ਬਾਅਦ ਇਹ ਡਿੰਪਲਜ਼ ਨਜ਼ਰ ਆਏ ਐ।"

ਸਾਹਮਣੇ ਖੁਲ੍ਹੀ ਪਈ ਕਿਤਾਬ ਦੇਖ ਕੇ ਬੋਲਿਆ, ਬੰਦ ਕਰ ਕਿਤਾਬ, ਮੇਰੇ ਪਾਸ ਅੱਜ ਵੀ ਮੋਟਰ ਸਾਈਕਲ ਐ। ਬੈਠ ਪਿੱਛੇ, ਕਿਤੇ ਚੱਲੀਏ ਕਿਤਾਬਾਂ ਤੋਂ ਦੂਰ।

"ਨਹੀਂ। ਅੱਜ ਦੂਰ ਨਹੀਂ ਜਾਣਾ," ਹੱਸ ਕੇ ਪਿਆਰ ਭਰੇ ਲਹਿਜੇ ਵਿਚ ਆਖਿਆ, "ਕਾਫ਼ੀ ਦਾ ਇਕ ਇਕ ਕੱਪ ਜ਼ਰੂਰ ਪੀਤਾ ਜਾ ਸਕਦਾ ਐ।"

"ਕਾਫ਼ੀ ਦਾ ਕੀ ਪੀਣਾ ਐ ?"

"ਨਹੀਂ। ਥੱਕੀ ਹੋਈ ਆਂ । ਕਾਫੀ ਦੀ ਤਲਬ ਹੈ।"

ਉਹ ਚੁੱਪ ਕੀਤਾ ਮੇਰੇ ਚਿਹਰੇ ਵੱਲ ਦੇਖਦਾ ਰਿਹਾ। ਇਹ ਤੱਕਣੀ ਮੇਰੀ ਜਾਣੀ-ਪਛਾਣੀ ਬਣ ਚੁੱਕੀ ਸੀ। ਮੈਂ ਵੀ ਆਪਣੀ ਮਖ਼ਸੂਸ ਮਿੰਨ੍ਹੀ ਮਿੰਨ੍ਹੀ ਮੁਸਕਰਾਹਟ ਨਾਲ ਦੇਖਦੀ ਰਹੀ।

"ਹਜ਼ੂਰ ! ਇਕ ਅਦਦ ਕਾਫੀ ਦੇ ਪਿਆਲੇ ਦੀ ਫ਼ਰਮਾਇਸ਼ ਕੀਤੀ ਸੀ। ਅਨਾਇਤ ਨਹੀਂ ਹੋਏਗੀ?" ਮੈਂ ਆਖਿਆ।



ਉਰਦੂ ਦੇ ਲਫ਼ਜ਼ਾਂ ਵਾਲੇ ਇਹੋ ਜਿਹੇ ਫਿਕਰੇ ਉਹ ਕਈ ਵਾਰ ਬੋਲਦਾ ਸੀ। ਹੋਰ ਜਮਾਤੀਆਂ ਵਿਚ ਵੀ। ਕਦੇ ਕਦੇ ਮੇਰੇ ਨਾਲ ਵੀ। ਕਿਸੇ ਉਸਦੇ ਵਾਕਿਫ਼ ਜਮਾਤੀ ਨੇ ਉਸਨੂੰ ਮੇਰੇ ਸਾਹਮਣੇ ਆਖਿਆ ਸੀ- ਇਹ ਥੇਟਰ ਦੀ ਜ਼ਬਾਨ ਥੇਟਰ ਵਿਚ ਹੀ ਬੋਲਿਆ ਕਰ। ਉਸ ਦੀ ਇਸ ਜ਼ਬਾਨ ਦੀ ਮੈਨੂੰ ਪਛਾਣ ਹੋ ਗਈ ਸੀ। ਅੱਜ ਸਹਿਵਨ ਹੀ ਮੈਂ ਉਸਦੀ ਜ਼ਬਾਨ ਵਰਤ ਲਈ ਸੀ। ਉਹ ਕਾਫੀ ਹਾਊਸ ਜਾਣ ਲਈ ਮੰਨ ਗਿਆ ਸੀ।

ਕਾਫੀ ਹਾਊਸ ਜਾ ਕੇ ਕਾਫੀ ਮੰਗਵਾਈ। ਮੇਰਾ ਜੀਅ ਕੀਤਾ, ਕਾਫੀ-ਸੈਸ਼ਨ ਲੰਬਾ ਹੋ ਜਾਏ। ਮੈਂ ਉਸ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਾਂ। ਉਹ ਨਿੱਕੀਆਂ ਨਿੱਕੀਆਂ ਗੱਲ੍ਹਾਂ ਜੋ ਪੜ੍ਹਾਈ ਦੇ ਰੁਝੇਵੇਂ ਦੇ ਬਾਵਜੂਦ ਉਸ ਦੇ ਬਾਰੇ ਸੋਚਦੀ ਤੇ ਆਪਣੇ ਮਨ ਨਾਲ ਕਰਦੀ ਰਹੀ ਸਾਂ। ਮੇਰੇ ਪਾਸ ਤਾਂ ਦੱਸਣ ਲਈ ਬਹੁਤ ਕੁਝ ਸੀ। ਮੇਰਾ ਤਾਂ ਇਹ ਕਹਿਣ ਨੂੰ ਵੀ ਦਿਲ ਕਰਦਾ ਸੀ ਕਿ ਮੋਟਰ-ਸਾਈਕਲ ਦੇ ਪਿੱਛੇ ਬੈਠਿਆਂ ਉਸਦਾ ਪਿੱਛੇ ਨੂੰ ਹੱਥ ਕਰਕੇ ਮੈਨੂੰ ਛੂਹਣਾ ਤੇ ਬੇੜੀ ਉਤੇ ਚੜ੍ਹਾਉਣ ਲੱਗਿਆਂ ਆਪਣੇ ਪੰਜੇ ਵਿਚ ਮੇਰਾ ਪੰਜਾ ਲੈ ਲੈਣਾ ਮੈਨੂੰ ਦਰਜਨਾਂ ਵਾਰ ਯਾਰ ਆਇਆ ਹੈ। ਪਿਛਲੇ ਦਿਨਾਂ ਦੇ ਅਨੁਭਵਾਂ ਬਾਰੇ ਲਿਖੀਆਂ ਆਪਣੀਆਂ ਅਧੂਰੀਆਂ ਪੂਰੀਆਂ ਨਜ਼ਮਾਂ ਤੇ ਗੀਤਾਂ ਵਿਚੋਂ ਵੀ ਕਈ ਹਿੱਸੇ ਸੁਣਾਉਣ ਨੂੰ ਮਨ ਲੋਚ ਰਿਹਾ ਸੀ। ਪਰ ਉਹ ਖਾਮੋਸ਼ ਰਿਹਾ। ਕੋਈ ਗੱਲ ਨਹੀਂ ਛੇੜੀ। ਨਾ ਛੇੜਨ ਲਈ ਮੌਕਾ ਪੈਦਾ ਕੀਤਾ। ਉਹ ਤਾਂ ਜਿਵੇਂ ਕਾਫ਼ੀ ਪੀਣ ਲਈ ਬੈਠਾ ਹੋਵੇ। ਉਸਨੂੰ ਕਾਹਲ ਤੇ ਬੇਚੈਨੀ ਸੀ।

"ਨਹੀਂ ਚੱਲਣਾ ਕਿਧਰੇ ?" ਕਾਫੀ ਪੀਕੇ ਉਸ ਨੇ ਪੁੱਛਿਆ।

"ਨਹੀਂ ਡੀਅਰ ! ਨਾਰਾਜ਼ ਨਾ ਹੋਈ।"

"ਚੱਲ । ਫੇਰ, ਤੈਨੂੰ ਹੋਸਟਲ ਹੀ ਛੱਡ ਆਵਾਂ।"

"ਨਹੀਂ। ਹੋਸਟਲ ਹੁਣੇ ਜਾ ਕੇ ਕੀ ਕਰਾਂਗੀ ? ਇੱਥੇ ਬੈਠ ਕੇ ਕਾਫੀ ਹੋਰ ਪੀਆਂਗੀ, ਤੇ ਹੱਥ ਵਾਲੀ ਕਿਤਾਬ ਪੜ੍ਹਾਂਗੀ।"

"ਔਲ ਰਾਈਟ । ਮੈਂ ਕਿਧਰੇ ਜਾਣਾ ਐ। ਐਕਸਕੀਊਜ਼ ਮੀ।"

ਉਹ ਚਲਾ ਗਿਆ। ਮੈਂ ਹੋਰ ਮੰਗਵਾ ਲਈ। ਕਿਤਾਬ ਵੀ ਖੋਲ੍ਹ ਲਈ। ਪਰ ਪਹਿਲੇ ਵਾਲਾ ਮਜ਼ਾ ਨਹੀਂ ਆਇਆ। ਤਾਂ ਵੀ ਪੜ੍ਹਦੀ ਰਹੀ, ਤੇ ਸ਼ਾਮ ਤਕ ਮੁੜਕੇ ਪੜ੍ਹਾਈ ਵਿਚ ਖੁਭ ਗਈ।

ਇਮਤਿਹਾਨ ਸ਼ੁਰੂ ਹੋ ਗਏ। ਪਰਚੇ ਦਿੰਦਿਆਂ ਐਤਕੀਂ ਵੀ ਉਹੀ ਆਨੰਦ ਆਇਆ, ਜੋ ਚੰਗੀ ਤਿਆਰੀ ਕਰਕੇ ਇਮਤਿਹਾਨ ਦਿੰਦਿਆਂ ਮੈਨੂੰ ਹਮੇਸ਼ਾ ਆਉਂਦਾ ਰਿਹਾ ਸੀ।

ਗੁਰਨਾਮ ਇਕ ਦਿਨ ਤਾਂ ਇਮਤਿਹਾਨੀ- ਕਮਰੇ ਵਿਚ ਪਰਚਾ ਕਰਦਿਆਂ ਨਜ਼ਰ ਆਇਆ। ਮੁੜਕੇ ਨਹੀਂ।

ਹੁਣ ਕ੍ਰਿਸਮਿਸ ਦੀਆਂ ਛੁੱਟੀਆਂ ਲਈ ਯੂਨੀਵਰਸਿਟੀ ਬੰਦ ਹੋ ਗਈ ਸੀ। ਮੈਂ ਘਰ ਜਾਣਾ ਸੀ। ਪਰ ਕ੍ਰਿਸਮਿਸ ਦੀ ਸ਼ਾਮ ਨੂੰ ਮੋਟਰ-ਸਾਈਕਲ ਲੈ ਕੇ ਸਾਡੇ ਹੋਸਟਲ ਦੇ ਬਾਹਰ ਗੁਰਨਾਮ ਹਾਜ਼ਰ ਸੀ।

"ਅੱਜ ਤਾਂ ਚੱਲੇਂਗੀ ?" ਉਹ ਲਾਡਲੇ ਸੁਰ ਵਿਚ ਬੋਲਿਆ।

"ਕਿੱਥੇ ਜਾਣਾ ਐ?" ਮੈਂ ਵੀ ਅਪਣੱਤ ਨਾਲ ਹੀ ਬੋਲੀ।

"ਪੰਚਕੂਲੇ ਚਲਦੇ ਆਂ।"

"ਪੰਚਕੂਲੇ ਕੀ ਖਾਸ ਗੱਲ ਐ?"

"ਇਕ ਮਿੱਤਰ ਦਾ ਕਮਰਾ ਖਾਲੀ ਹੈ। ਉਥੇ ਕ੍ਰਿਸਮਿਸ ਸ਼ਾਮ ਮਨਾਵਾਂਗੇ।"

ਮੈਂ ਉਸਦੇ ਚਿਹਰੇ ਵੱਲ ਦੇਖਿਆ। ਉਹ ਆਮ ਨਾਲੋਂ ਵੱਧ ਗੰਭੀਰ ਸੀ।

ਮੈਂ ਉਸਦੇ ਪਿੱਛੇ ਬੈਠ ਗਈ। ਬਾਈ ਸੈਕਟਰ ਦੀ ਇਕ "ਵਾਈਨ ਐਂਡ ਬੀਅਰ ਸ਼ਾਪ" ਉਤੇ ਮੋਟਰ ਸਾਈਕਲ ਰੋਕ ਲਿਆ। "ਸ਼ੈਂਪੇਨ ਲੈ ਲਈਏ," ਗੁਰਨਾਮ ਨੇ ਆਖਿਆ। ਸਾਡੇ ਪਰਿਵਾਰ ਵਿਚ ਖਾਸ

ਖਾਸ ਮੌਕਿਆਂ ਉਤੇ ਸ਼ੈਂਪੇਨ ਦੀ ਬੋਤਲ ਖੋਲ੍ਹਣ ਅਤੇ ਪੀਣ ਦਾ ਰਿਵਾਜ ਸੀ। ਕਾਲਜ ਵਿਚ ਪੜ੍ਹਦਿਆਂ, ਪਰਿਵਾਰ ਵਿਚ ਬੈਠਕੇ, ਮੈਂ ਤਿੰਨ ਕੁ ਵਾਰ ਥੋੜ੍ਹੀ ਥੋੜ੍ਹੀ ਸ਼ੈਂਪੇਨ ਲਈ ਸੀ। ਮੈਨੂੰ ਉਸ ਦੀ ਤਜਵੀਜ਼ ਗੈਰ-ਮਾਮੂਲੀ ਨਹੀਂ ਲੱਗੀ। ਉਸ ਨੇ ਦੁਕਾਨਦਾਰ ਨੂੰ ਸ਼ੈਂਪੇਨ ਦਾ ਮੁੱਲ ਪੁੱਛਿਆ। "ਇਤਨੀ ਮਹਿੰਗੀ ਐ?" ਉਹ ਬੋਲਿਆ। ਹੋਰ ਬੇਸੁਆਦੀ ਤੋਂ ਬਚਣ ਲਈ ਮੈਂ ਆਪਣਾ ਪਰਸ ਖੋਲ੍ਹਿਆ। ਸ਼ੈਂਪੇਨ ਦੀ ਕੀਮਤ ਦੇ ਦਿੱਤੀ। ਗੁਰਨਾਮ ਨੇ ਬੋਤਲ ਚੁੱਕ ਕੇ ਮੋਟਰ ਸਾਈਕਲ ਨਾਲ ਲੱਗੇ ਥੈਲੇ ਵਿਚ ਤੁੰਨ ਲਈ।

ਕਮਰੇ ਵਿਚ ਪਹੁੰਚ ਕੇ, ਅੰਦਰ ਦੀ ਚਿਟਕਣੀ ਲਾਉਣ ਤੋਂ ਬਾਅਦ ਉਸਨੇ ਸ਼ੈਂਪੇਨ ਦੀ ਬੋਤਲ ਅਤੇ ਮੇਰਾ ਹੈਂਡ ਬੈਗ ਇਕ ਮੇਜ਼ ਉਤੇ ਟਿਕਾਉਂਦੇ ਸਾਰ, ਮੈਨੂੰ ਮਜ਼ਬੂਤ ਬਾਹਾਂ ਦੀ ਲਪੇਟ ਵਿਚ ਲੈ ਕੇ ਜ਼ੋਰ ਨਾਲ ਚੁੰਮਿਆ।

"ਬਹੁਤ ਪਿਆਸਾ ਆਂ ਮੈਂ ਸੰਵੇਦਨਾ ਅੱਜ। ਤਰਸ ਗਿਆ ਆਂ ਮੈਂ ਤੇਰੇ ਪਿਆਰ ਲਈ।"

ਉਸਨੇ ਇਕ ਵਾਰ ਫੇਰ ਬਾਹਾਂ ਦੀ ਲਪੇਟ ਵਿਚ ਲੈ ਕੇ ਮੈਨੂੰ ਕਈ ਵਾਰ ਚੁੰਮਿਆ।

ਉਸ ਦੀ ਇਸ ਅਚਾਨਕ ਦਲੇਰੀ ਉਤੇ ਮੈਂ ਹੈਰਾਨ ਹੋਈ। ਪਰ ਕਿਸੇ ਮਰਦ ਨੇ ਮੈਨੂੰ ਪਹਿਲੀ ਵਾਰ ਚੁੰਮਿਆ ਸੀ। ਮਰਦ ਵੀ ਉਹ, ਜਿਸ ਨੂੰ ਮੈਂ ਚਹਿਆ ਸੀ। ਝੂਠ ਨਹੀਂ ਬੋਲਣਾ। ਮੈਨੂੰ ਬਹੁਤ ਮਜ਼ਾ ਆਇਆ।

"ਇਹ ਮੈਨੂੰ ਖੋਲ੍ਹਣੀ ਨਹੀਂ ਆਉਂਦੀ। ਤੂੰ ਖੋਲ੍ਹ।" ਦੋ ਸਾਫ਼ ਗਲਾਸ ਲੱਭਕੇ ਮੇਜ਼ ਉਤੇ ਰਖਦਾ ਹੋਇਆ ਗੁਰਨਾਮ ਬੋਲਿਆ।

ਮੈਂ ਬੋਤਲ ਖੋਲ੍ਹੀ। ਗਲਾਸਾਂ ਵਿਚ ਪਾਈ। ਪੀ ਗਿਆ। ਮੇਰਾ ਖਾਲੀ ਹੱਥ ਪਕੜਕੇ ਦੋਨਾਂ ਹੱਥਾਂ ਨਾਲ ਪਲੋਸਦਾ ਰਿਹਾ। "ਤੂੰ ਕਿੰਨੀ ਮੁਲਾਇਮ ਹੈ ! ਤੇਰੀ ਸਕਿਨ ਬੜੀ ਰੇਸ਼ਮੀ ਐ।" ਮੇਰਾ ਹੱਥ ਚੁੱਕ ਕੇ ਆਪਣੇ ਬੁਲ੍ਹਾਂ ਨਾਲ ਲਾ ਲਿਆ। ਹੱਥ ਦੀ ਪਿੱਠ ਕਈ ਵਾਰ ਚੁੰਮੀ।

ਉਸਨੇ ਬੋਤਲ ਚੁੱਕੀ। ਗਲਾਸ ਇਕ ਵਾਰ ਫੇਰ ਭਰ ਲਿਆ। ਮੇਰੇ ਗਲਾਸ ਵੱਲ ਵੀ ਬੋਤਲ ਵਧਾਈ ਪਰ ਮੈਂ ਹਥੇਲੀ ਨਾਲ ਆਪਣਾ ਗਲਾਸ ਢਕ ਲਿਆ। ਮੇਰੇ ਲਈ ਏਨੀ ਹੀ ਬਹੁਤ ਐ," ਮੈਂ ਸਰੂਰ-ਭਰੀ ਅਵਾਜ਼ ਵਿਚ ਆਖਿਆ।

ਉਹ ਥਥਲਾਉਣ ਲੱਗ ਪਿਆ ਸੀ। ਉਸ ਨੇ ਬੋਤਲ ਖਾਲੀ ਕਰ ਦਿੱਤੀ ਸੀ।

"ਵੇਦਨਾ ! ਅੱਜ ਤੈਨੂੰ ਦੱਸਣ ਲੱਗਾਂ । ਮੈਂ ਤੈਨੂੰ ਇਸ਼ਕ ਕਰਦਾਂ। ਤਨ ਮਨ ਨਾਲ। ਤੇਰੇ ਜਿਹੀ ਔਰਤ ਤੂੰ ਸੰਸਾਰ ਵਿਚ ਇਕੱਲੀ ਹੈਂ। ਬਰੇਨ ਐਂਡ ਬੀਊਟੀ ਦਾ ਸਾਕਾਰ ਨਮੂਨਾ। ਮੇਰੇ ਦੋਸਤ ਆਖਿਆ ਕਰਦੇ ਐ, ਔਰਤਾਂ ਬੇਵਕੂਫ਼ ਹੁੰਦੀਆਂ ਐ। ਸਾਲੇ ਬਕਵਾਸ ਕਰਦੇ ਐ। ਉਨ੍ਹਾਂ ਨੇ ਤੈਨੂੰ ਨਹੀਂ ਦੇਖਿਆ। ਤੈਨੂੰ ਮੈਂ ਛਾਣਿਆ ਐ। ਤੂੰ ਬਹੁਤ ਬੁੱਧੀਮਾਨ ਹੈ। ਮੈਂ ਤੇਰੇ ਮੁਕਾਬਲੇ ਵਿਚ ਕੁਝ ਨਹੀ। ਮੈਂ ਕੀ, ਹੋਰ ਕੋਈ ਬੰਦਾ ਵੀ ਤੇਰੇ ਮੁਕਾਬਲੇ ਵਿਚ ਦਿਮਾਗ਼ੀ ਨਹੀਂ। ਪਰ ਤੂੰ ਸੁੰਦਰੀ ਵੀ ਹੈ। ਨਿਆਰੀ ਸੁੰਦਰੀ, ਰੇਸ਼ਮੀ ਸੁੰਦਰੀ। ਪਟੋਲਾ ਸੁੰਦਰੀ।"

"ਰੇਸ਼ਮੀ ਸੁੰਦਰੀ, ਪਟੋਲਾ ਸੁੰਦਰੀ" ਕਹਿੰਦਿਆਂ ਉਸਨੇ ਮੇਰਾ ਹੱਥ ਇਕਵਾਰ ਫੇਰ ਫੜ ਲਿਆ ਸੀ। ਐਤਕੀਂ ਚੁੰਮਿਆ ਹੀ ਨਹੀਂ, ਮੈਨੂੰ ਝਟਕੇ ਨਾਲ ਖਿੱਚ ਕੇ ਆਪਣੇ ਪੱਟਾਂ ਉੱਤੇ ਬੈਠਾ ਲਿਆ ਸੀ।

ਮੈਂ ਇਕ ਵਾਰ ਫੇਰ ਹੈਰਾਨ ਹੋਈ ਸੀ, ਪਰ ਉੱਠੀ ਨਹੀਂ ਸਾਂ।

ਉਸ ਦੇ ਹੱਥ ਅਜੇ ਹੋਰ ਅੱਗੇ ਵਧ ਰਹੇ ਸਨ। ਹੁਣ ਮੈਂ ਡਰੀ ਸਾਂ। ਮੈਂ ਉਠਣ ਦੀ ਕੋਸ਼ਸ਼ ਕੀਤੀ। ਪਰ ਉਸਦੀ ਪਕੜ ਮੇਰੀ ਆਸ਼ਾ ਤੋਂ ਬਹੁਤ ਵੱਧ ਮਜ਼ਬੂਤ ਸੀ।

"ਮੈਨੂੰ ਰੋਕ ਨਹੀਂ। ਵਰ੍ਹੇ ਦਾ ਦਿਨ ਐ। ਮਸੀਂ ਇਕੱਠੇ ਹੋਣ ਦਾ ਮੌਕਾ ਮਿਲਿਆ ਐ। ਡੀਅਰ! ਰੀਲੈਕਸ! ਇਨਜੋਇ! ਮੁਹੱਬਤ ਦੀ ਲੱਜ਼ਤ ਲੈ।"



ਉਸ ਦੇ ਹੱਥ ਤੇ ਬੁਲ੍ਹ ਮੇਰੇ ਤਨ ਦੇ ਉਨ੍ਹਾਂ ਹਿੱਸਿਆਂ ਨੂੰ ਪਕੜ ਰਹੇ ਸਨ, ਛੇੜ ਰਹੇ ਸਨ, ਚੁੰਮ ਰਹੇ ਸਨ, ਜਿਨ੍ਹਾਂ ਦੀ ਆਗਿਆ ਦੇਣ ਲਈ ਮੈਂ ਬਿਲਕੁਲ ਤਿਆਰ ਨਹੀਂ ਸਾਂ, ਮੈਂ ਰੋਕਦੀ ਰਹੀ। ਝਟਕਦੀ ਰਹੀ। ਗੁੱਸਾ ਜ਼ਾਹਰ ਕਰਦੀ ਰਹੀ। ਪਰ ਉਹ ਰੁਕਿਆ ਨਹੀਂ। ਜਿੰਨਾ ਵੱਧ ਮੈਂ ਉਸ ਨੂੰ ਰੋਕ ਰਹੀ ਸੀ, ਉਂਨਾ ਹੀ ਉਸ ਦੇ ਬੁਲ੍ਹਾਂ ਤੇ ਹੱਥਾਂ ਦੀ ਛੂਹ ਮੈਨੂੰ ਕਮਜ਼ੋਰ ਬਣਾ ਰਹੀ ਸੀ। ਪੰਘਰਾ ਰਹੀ ਸੀ।

ਜਦੋਂ ਅਸੀਂ ਕਮਰਾ ਛੱਡਕੇ ਵਾਪਸ ਆਉਣ ਲਈ ਤਿਆਰ ਹੋਏ, ਤਾਂ ਸਾਡੇ ਦੋਨਾਂ ਦੇ ਪੈਰ ਡੋਲ ਰਹੇ ਸਨ। ਉਸ ਦੇ ਪੈਰ ਡੋਲਣ ਦਾ ਕਾਰਨ ਤਾਂ ਸ਼ਾਇਦ ਸ਼ਰਾਬ ਈ ਸੀ, ਮੇਰੇ ਡੋਲਣ ਦਾ ਕਾਰਨ ਉਸ ਅਨੋਖੇ ਅਨੁਭਵ ਦਾ ਨਸ਼ਾ ਵੀ ਸੀ, ਜੋ ਉਸ ਦੀ ਸੰਗਤ ਵਿਚ, ਕੁਛ ਚਾਹੁੰਦਿਆਂ, ਬਹੁਤਾ ਨਾ ਚਾਹੁੰਦਿਆਂ, ਮੈਨੂੰ ਅੱਜ ਦੀ ਸ਼ਾਮ ਮਿਲਿਆ ਸੀ।

ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ਐਤਕੀਂ ਘਰ ਗਿਆ ਵਕਤ ਕੱਟਣਾ ਏਨਾ ਭਾਰਾ ਹੋ ਗਿਆ ਸੀ, ਜਿੰਨਾ ਪਹਿਲਾਂ ਕਦੀ ਨਹੀਂ ਸੀ ਹੋਇਆ।

ਵਾਪਸ ਯੂਨੀਵਰਸਿਟੀ ਆ ਕੇ ਮੈਂ ਗੁਰਨਾਮ ਨੂੰ ਦੇਖਣਾ ਵੀ ਚਾਹੁੰਦੀ ਸਾਂ, ਉਸ ਤੋਂ ਡਰਦੀ ਵੀ ਸਾਂ।

ਉਹ ਮਿਲਿਆ। ਹੱਸਦਾ ਹੱਸਦਾ ਖੁਸ਼ ਖੁਸ਼। ਇਉਂ ਲੱਗਾ, ਜਿਵੇਂ ਉਹ ਪਿੰਡ ਜਾ ਕੇ, ਸਾਡੀ ਆਖਰੀ ਮੁਲਾਕਾਤ ਨੂੰ ਯਾਦ ਕਰਕੇ, ਲਗਾਤਾਰ ਹੱਸਦਾ ਈ ਰਿਹਾ ਹੋਵੇ।

ਅਚਾਨਕ ਚੁੱਭਦਾ ਪ੍ਰਸ਼ਨ ਉਭਰਿਆ, ਕੀ ਇਹ ਆਦਮੀ ਸੋਚਦਾ ਨਹੀਂ ? ਕੀ ਇਸ ਨੇ ਛੁੱਟੀਆਂ ਵਿਚ ਆਪਣੇ ਤੇ ਮੇਰੇ ਸੰਬੰਧਾਂ ਬਾਰੇ ਗੰਭੀਰਤਾ ਨਾਲ ਸੋਚਿਆ ਨਹੀਂ ? ਕੀ ਇਹ ਫਿਕਰਮੰਦ ਨਹੀਂ ? ਮੈਂ ਇਹਦੀਆਂ ਸੋਚਾਂ ਵਿਚ ਸੁਆਦ ਸੁਆਦ ਵੀ ਹੁੰਦੀ ਰਹੀ ਆਂ, ਫਿਕਰਮੰਦ ਵੀ ਰਹੀ ਆਂ। ਮੈਨੂੰ ਇਹ ਬਰੇਨ ਤੇ ਬੀਊਟੀ ਦਾ ਸੁਮੇਲ ਦੱਸਦਾ ਸੀ। ਕੀ ਇਹ ਬਰੇਨ ਤੇ ਬਰਾਨ (ਦਿਮਾਗ਼ ਤੇ ਸਰੀਰਕ ਤਾਕਤ) ਦਾ ਸੁਮੇਲ ਨਹੀਂ ?

ਜਮਾਤ ਵਿਚ, ਪਹਿਲਾਂ ਵਾਂਗ ਹੀ ਕਦੇ ਕਦੇ, ਜਦੋਂ ਵੀ ਦਿਖਾਈ ਦਿੰਦਾ, ਮੈਂ ਹੱਸ ਕੇ ਹੈਲੋ ਕਹਿੰਦੀ। ਉਹ ਵੀ ਮੌਕਾ ਮਿਲਣ 'ਤੇ ਮੇਰੇ ਪਾਸ ਆ ਜਾਂਦਾ।

ਪਰ ਮੇਰਾ ਮਨ ਵਾਰ ਵਾਰ ਚਾਹੁੰਦਾ, ਮੇਰੇ ਨਾਲ ਬੈਠੇ। ਅਸੀਂ ਦੋਵੇਂ ਕੁਝ ਮਨ ਦੀਆਂ ਗੱਲਾਂ ਵੀ ਕਰੀਏ। ਪਰ ਮੌਕਾ ਨਹੀਂ ਬਣ ਰਿਹਾ ਸੀ। ਜ਼ਿੰਦਗੀ ਵਿਚ ਪਹਿਲੀ ਵਾਰ ਮੇਰਾ ਮਨ ਪੜ੍ਹਾਈ ਵਿਚ ਖੁਭ ਨਹੀ ਰਿਹਾ ਸੀ। ਡੀਪਾਰਟਮੈਂਟ ਦੇ ਵਿਹੜੇ ਵਿਚ ਗੁਲਦਾਉਦੀ ਖਿੜੀ ਹੋਈ ਸੀ। ਇਹ ਮੇਰਾ ਮਨ ਭਾਉਂਦਾ ਫੁੱਲ ਸੀ। ਧੁੱਪ ਵੀ ਨਿੱਘੀ ਨਿੱਘੀ ਸੀ। ਮੈਨੂੰ ਸਿਆਲ ਦੀ ਨਿੱਘੀ ਧੁੱਪ ਵਿਚ ਬੈਠਣ ਤੇ ਕਾਫੀ ਹਾਊਸ ਦੇ ਧੁੱਪ ਵਾਲੇ ਵਿਹੜੇ ਵਿਚ ਪਈਆਂ ਕੁਰਸੀਆਂ ਉਤੇ ਬੈਠ ਕੇ ਕਾਫੀ ਪੀਣ ਦਾ ਬਹੁਤ ਸੁਆਦ ਆਉਂਦਾ ਹੈ। ਪਹਿਲੇ ਸਿਆਲਾਂ ਵਿਚ ਮੈਂ ਕਿਸੇ ਵੀ ਜਮਾਤੀ ਜਾਂ ਜਮਾਤਣ ਨਾਲ ਇਹ ਸੁਆਦ ਮਾਣ ਲੈਂਦੀ ਸਾਂ। ਪਰ ਐਤਕੀਂ ਮੈਂ ਸਿਰਫ਼ ਗੁਰਨਾਮ ਨਾਲ ਬੈਠਣਾ ਚਾਹੁੰਦੀ ਸਾਂ, ਪਰ ਗੁਰਨਾਮ ਨਜ਼ਰ ਆਉਂਦਾ ਸੀ, ਮਿਲਦਾ ਵੀ ਸੀ, ਪਰ ਬੈਠਦਾ ਨਹੀਂ ਸੀ।

ਜਨਵਰੀ ਦਾ ਮਹੀਨਾ ਲੰਘਦਾ ਜਾ ਰਿਹਾ ਸੀ। ਸਾਲਾਨਾ ਇਮਤਿਹਾਨ ਦਾ ਫਿਕਰ ਮਹਿਸੂਸ ਹੋਣ ਲੱਗ ਪਿਆ ਸੀ। ਪੜ੍ਹਾਈ ਵਿਚ ਮਨ ਇਕ ਵਾਰ ਫੇਰ ਖੋਭਣ ਦਾ ਯਤਨ ਕਰ ਰਹੀ ਸਾ, ਪਰ ਭੈੜਾ ਗੁਰਨਾਮ ਯਾਦ ਆਉਣੋਂ ਨਹੀਂ ਹਟ ਰਿਹਾ ਸੀ।

ਹੁਣ ਵਾਰ ਵਾਰ ਇਹ ਪ੍ਰਸ਼ਨ ਸਿਰ ਚੁੱਕ ਰਿਹਾ ਸੀ ਕਿ ਮੈਂ ਮੱਧ ਵਰਗ ਦੇ ਉਚ ਘਰਾਣੇ ਦੀ ਇਕ ਇੱਜ਼ਤਦਾਰ ਤੇ ਬਹੁਤ ਲਾਇਕ ਲੜਕੀ ਗੁਰਨਾਮ ਗੁਰੀਲੇ ਦੇ ਪਿੱਛੇ ਅੱਖਾਂ ਮੀਟਕੇ ਕਿਉਂ ਲੱਗ ਤੁਰੀ ਸੀ? ਇਹ ਠੀਕ ਐ ਕਿ ਪਰਿਵਾਰਕ ਜ਼ਾਬਤੇ ਵਿਚ ਅਸੀਂ ਖੁਲ੍ਹ ਕੇ ਜੀਊਣ, ਖੁਲ੍ਹ ਕੇ ਹੱਸਣ ਤੇ ਖੁਲ੍ਹ ਕੇ ਮੁਹੱਬਤ ਕਰਨ ਦੀ ਜਾਚ ਭੁੱਲ ਗਏ ਸਾਂ। ਅਸੀਂ ਸਾਰਾ ਟੱਬਰ ਲਕੀਰ ਦੇ ਫ਼ਕੀਰ ਬਣ ਗਏ ਸਾਂ। ਮੈਂ ਲਕੀਰ ਤੋਂ ਪਰ੍ਹਾਂ

ਹਟਣਾ ਚਾਹੁੰਦੀ ਸਾਂ। ਪਰ੍ਹਾਂ ਹਟੀ ਸਾਂ। ਪਰ ਇਹ ਗੁਰਨਾਮ ਗੁਰੀਲਾ ਕਿਹੋ ਜਿਹਾ ਆਦਮੀ ਨਿਕਲਿਆ ਸੀ? ਕੀ ਉਸਨੂੰ ਮੇਰੀ ਮੁਹੱਬਤ ਦੀ ਸ਼ਿੱਦਤ ਦੀ ਸਮਝ ਹੀ ਨਹੀਂ ? ਕੀ ਮੈਂ ਬੇਵਕੂਫ਼ ਔਰਤ ਨਹੀਂ ਸਾਬਤ ਹੋਈ, ਜਿਸ ਪਾਸ ਬੀਊਟੀ ਹੈ, ਬਰੇਨ ਨਹੀਂ?

ਇਕ ਦਿਨ ਗੁਰਨਾਮ ਅਚਾਨਕ ਕਾਫੀ ਹਾਊਸ ਦੇ ਧੁੱਪ ਵਿਹੜੇ ਵਿਚ ਮੇਰੇ ਮੇਜ਼ ਦੇ ਸਾਹਮਣੇ ਦੀ ਕੁਰਸੀ ਉਤੇ ਆ ਬੈਠਾ। ਉਹੋ ਪੁਰਾਣਾ ਖੜ ਖੜ ਕਰਦਾ ਮੋਟਰ ਸਾਈਕਲ ਬਾਹਰ ਖੜ੍ਹਾ ਕਰਕੇ ਆਇਆ ਸੀ।

"ਸੰਵੇਦਨਾ ਜੀ ! ਕੀ ਹਾਲ ਹੈ ?" ਸੰਵੇਦਨਾ ਨਾਲ "ਜੀ" ਲਾਉਣ ਦੇ ਨਾਲ ਨਾਲ ਉਸ ਦੀ ਆਵਾਜ਼ ਵਿਚ ਮਿਠਾਸ ਵੀ ਸੀ।

"ਠੀਕ ਹੈ।" ਮੈਂ ਵੀ ਹੱਸਕੇ ਹੀ ਜਵਾਬ ਦਿੱਤਾ।

"ਅੱਜ ਮਨ ਉਚਾਟ ਐ, ਉਦਾਸ ਉਦਾਸ," ਗੰਭੀਰ ਸੁਰ ਤੇ ਗ਼ਮਗੀਨ ਆਵਾਜ਼ ਬਣਾਉਣ ਦਾ ਯਤਨ ਕਰਦਿਆਂ ਬੋਲਿਆ।

"ਕੀ ਗੱਲ ਐ ?"

"ਤੈਨੂੰ ਪਿਆਰ ਕਰਨ ਨੂੰ ਮਨ ਬਹੁਤ ਬੇਚੈਨ ਐ।"

"ਅੱਛਾ ?"

"ਚੱਲ। ਅੱਜ ਫੇਰ ਪੰਚਕੂਲੇ ਚੱਲੀਏ। ਕਮਰਾ ਅੱਜ ਫੇਰ ਖਾਲੀ ਐ।"

"ਨਹੀਂ। ਬਿਲਕੁਲ ਨਹੀਂ।" ਮੇਰੀ ਆਵਾਜ਼ ਅਚਾਨਕ ਕੁਰੱਖਤ ਹੋ ਗਈ।

"ਕੀ ਗੱਲ ਐ ? ਨਾਰਾਜ਼ ਐਂ ?"

"ਦੇਖ ਗੁਰਨਾਮ ! ਤੈਨੂੰ ਮੁਹੱਬਤ ਦੀ ਸਮਝ ਐ ? ਮੁਹੱਬਤ ਦੇ ਦਰਦ ਦਾ ਅਹਿਸਾਸ ਐ ?"

"ਸਮਝ ਕਿਉਂ ਨਹੀਂ ?"

"ਤੇਰਾ ਮੇਰਾ ਰਿਸ਼ਤਾ ਕੀ ਐ ?"

"ਆਸ਼ਕ ਤੇ ਮਾਸ਼ੂਕ ਦਾ।"

"ਕਦੀ ਸੋਚਿਆ ਐ, ਮਹਿਸੂਸ ਕੀਤਾ ਐ, ਮਾਸ਼ੂਕ ਚੌਵੀ ਘੰਟੇ ਤੇਰੇ ਬਾਰੇ ਤੇ ਤੇਰੇ ਤੇ ਆਪਣੇ ਭਵਿਖਤ ਬਾਰੇ ਕੀ ਸੋਚਦੀ ਐ ? ਕੀ ਮਹਿਸੂਸ ਕਰਦੀ ਹੈ ? ਪੰਚਕੂਲੇ ਦੀ ਉਸ ਮੁਲਾਕਾਤ ਤੋਂ ਬਾਅਦ ਕੀ ਤੂੰ ਮੇਰੇ ਮਨ ਦੀ ਹਾਲਤ ਸਮਝਣ ਦੀ ਕੋਸ਼ਸ਼ ਕੀਤੀ ਹੈ ? ਭਵਿਖਤ ਬਾਰੇ ਆਪਣੀ ਜ਼ੁੰਮੇਵਾਰੀ ਮਹਿਸੂਸ ਕੀਤੀ ਐ ? ਇਸ਼ਕ ਦਰਦ ਦਿੰਦਾ ਐ। ਇਸ਼ਕ ਫਿਕਰ ਪੈਦਾ ਕਰਦਾ ਐ। ਇਸ਼ਕ ਦਿਨ ਰਾਤ ਦੀ ਬੇਚੈਨੀ ਪੈਦਾ ਕਰਦਾ ਐ। ਰਾਤਾਂ ਨੂੰ ਸੌਣ ਨਹੀਂ ਦਿੰਦਾ। ਉਡੀਕਣ ਦੀ ਆਦਤ ਲਾਉਂਦਾ ਐ। ਇਸ਼ਕ ਬਾਕੀ ਦੁਨੀਆ ਤੋਂ ਅਲੱਗ ਥਲੱਗ ਕਰਕੇ, ਔਰਤ ਨੂੰ ਇਸ ਮਰਦ ਦੀ ਹਸਤੀ ਨਾਲ, ਬੰਨ੍ਹ ਦਿੰਦਾ ਐ। ਔਰਤ ਦੀ ਸਾਰੀ ਸੋਚ ਬਦਲ ਜਾਂਦੀ ਐ। ਤੇਰੇ ਨਾਲ ਪਹਿਲੀ ਮੁਲਾਕਾਤ ਤੋਂ ਬਾਅਦ ਹੀ ਮੈਂ ਉਹ ਨਹੀਂ ਰਹਿ ਗਈ ਸੀ, ਜੋ ਉਮਰ ਦੇ ਇੱਕੀ ਸਾਲ ਪਹਿਲਾਂ ਰਹੀ ਸੀ। ਪੰਚਕੂਲੇ ਦੀ ਸ਼ਾਮ ਨੇ ਮੈਨੂੰ ਬੁਰੀ ਤਰ੍ਹਾਂ ਪਿੰਜ ਦਿੱਤਾ। ਮੈਂ ਤੇਰੇ ਸੂਰਜ ਦੇ ਦੁਆਲੇ ਘੁੰਮਣ ਵਾਲੀ ਇਕ ਗ੍ਰਹਿ ਬਣ ਗਈ। ਮੇਰੇ ਅੰਦਰ ਉਹ ਦਰਦ ਪੈਦਾ ਹੋਇਆ, ਜਿਸਦਾ ਅਨੁਭਵ ਮੈਨੂੰ ਬਿਲਕੁਲ ਨਹੀਂ ਸੀ। ਪਰ ਪਿਛਲੇ ਡੇਢ ਮਹੀਨੇ ਵਿਚ ਮੈਂ ਇਹ ਸਮਝ ਗਈ ਆਂ, ਤੈਨੂੰ ਮੇਰੇ ਦਰਦ ਦਾ ਕੋਈ ਅਹਿਸਾਸ ਨਹੀਂ।"

"ਅਹਿਸਾਸ ਕਿਉਂ ਨਹੀਂ ? ਤਾਂ ਹੀ ਤੈਨੂੰ ਕਹਿ ਰਿਹਾਂ, ਚੱਲ ਨਿਵੇਕਲੇ ਕਮਰੇ ਵਿਚ ਚਲ ਕੇ ਬੈਠੀਏ।"

ਮੈਨੂੰ ਉਹ ਉੱਜਡ ਆਦਮੀ ਲੱਗਾ। ਉਸ ਨਾਲ ਗੱਲਬਾਤ ਕਰਨੀ ਫਜ਼ੂਲ ਲੱਗੀ। ਵਾਰ ਵਾਰ ਸੋਚਾਂ ਕੀ ਜੀਵਨ ਇਸ ਲਈ ਐਕਟਿੰਗ ਈ ਹੈ ?



ਕਾਫ਼ੀ ਦਾ ਪਿਆਲਾ ਪਿਆ ਪਿਆ ਠੰਡਾ ਹੋ ਗਿਆ ਸੀ। ਬਹਿਰਾ ਆਇਆ, ਬਿਨਾਂ ਮੂੰਹ ਤੋਂ ਬੋਲਿਆਂ, ਇਕ ਉਂਗਲੀ ਖੜੀ ਕਰਕੇ, ਕਾਫ਼ੀ ਦਾ ਇਕ ਹੋਰ ਪਿਆਲਾ ਲਿਆਉਣ ਲਈ ਇਸ਼ਾਰਾ ਕੀਤਾ।

"ਫੇਰ, ਨਹੀਂ ਚੱਲਣਾ ਮੇਰੇ ਨਾਲ ? ਮੈਂ ਦੋਸਤ ਨੂੰ ਮੁਸ਼ਕਲ ਨਾਲ ਲੱਭ ਕੇ ਕਮਰੇ ਦੀ ਚਾਬੀ ਲਈ। ਚੰਡੀਗੜ੍ਹ ਵਿਚ ਕਮਰਾ ਲੱਭਣਾ ਕਿੰਨਾ ਮੁਸ਼ਕਲ ਐ ?" ਗੁਰਨਾਮ ਨੇ ਇਕ ਵਾਰ ਫੇਰ ਪੁੱਛਿਆ। ਮੇਰਾ ਮਨ ਕੀਤਾ, ਉਸ ਦੇ ਮੂੰਹ ਉਤੇ ਕਰਾਰੀ ਚਪੇੜ ਮਾਰਾਂ।

ਇਹ ਸੋਚ ਕੇ ਸ਼ਰਮ ਵੀ ਆਈ, ਮੈਂ ਪਿੱਤਲ ਨੂੰ ਸੋਨਾ ਸਮਝ ਬੈਠੀ। ਇਸ ਗੱਲ ਦੀ ਵੀ ਗਿਲਾਨੀ ਆਈ, ਇਨਸਾਨ ਨੂੰ ਪਛਾਨਣ ਤੇ ਸਮਝਣ ਦੀ ਮੇਰੀ ਕਾਬਲੀਅਤ ਕਿੰਨੀ ਨਾਕਾਮ ਸਾਬਤ ਹੋਈ ਹੈ?

ਉਹ ਉੱਠ ਕੇ ਚਲਾ ਗਿਆ।

ਮੈਨੂੰ ਸੁਖ ਦਾ ਸਾਹ ਆਇਆ।

ਪਰ ਸੁਖ ਦਾ ਸਾਹ ਲੈਂਦੇ ਰਹਿਣਾ ਕਿਹੜਾ ਸੌਖਾ ਐ ? ਜਿਹੜਾ ਆਦਮੀ ਇੰਨੇ ਮਹੀਨੇ ਜ਼ਿੰਦਗੀ ਦੇ ਤਾਣੇ-ਪੇਟੇ ਵਿਚ ਧਾਗਾ ਬਣਕੇ ਸਮਾਇਆ ਰਿਹਾ ਹੋਵੇ, ਉਸ ਨੂੰ ਨਫ਼ਰਤ ਤੇ ਸ਼ਰਮ ਵੀ ਕਿੱਥੇ ਆਸਾਨੀ ਨਾਲ ਬਾਹਰ ਕਢਕੇ ਵਗਾਹ ਮਾਰ ਸਕਦੀ ਐ ?

ਗੁਰਨਾਮ ਦੇ ਹੀ ਗਾਏ ਹੋਏ ਸ਼ਿਵਕੁਮਾਰ ਦੇ ਗੀਤਾਂ ਦੀਆਂ ਪੰਗਤੀਆਂ ਹੁਣ ਚੇਤੇ ਆਉਂਦੀਆਂ :

ਇਸ਼ਕੇ ਦਾ ਇਕ ਪਲੰਘ ਨਵਾਰੀ,
ਅਸੀਂ ਚਾਨਣੀਆਂ ਵਿਚ ਡਾਹਿਆ।
ਤਨ ਦੀ ਚਾਦਰ ਹੋ ਗਈ ਮੈਲੀ,
ਉਸ ਪੈਰ ਜਾਂ ਪਲੰਘੇ ਪਾਇਆ।
ਚੂਰੀ ਕੁੱਟਾਂ ਤਾਂ ਉਹ ਖਾਂਦਾ ਨਾਹੀਂ,
ਉਸ ਨੂੰ ਦਿਲ ਦਾ ਮਾਸ ਖੁਆਇਆ।
ਇਕ ਉਡਾਰੀ ਐਸੀ ਮਾਰੀ,
ਉਹ ਮੁੜ ਵਤਨੀਂ ਨਾ ਆਇਆ।

ਅਗਲੇ ਤਿੰਨ ਮਹੀਨੇ ਮੁਹੱਬਤ ਤੇ ਨਫ਼ਰਤ ਮਨ ਵਿਚ ਖੌਰੂ ਪਾਉਂਦੀਆਂ ਰਹੀਆਂ। ਤਾਂ ਵੀ ਮੈਂ ਮਨ ਪੜ੍ਹਾਈ ਵਿਚ ਲਾ ਲਿਆ। ਸਾਹਿਤ ਦੀ ਪੜ੍ਹਾਈ ਇਸ ਮਨੋਦਸ਼ਾ ਵਿਚ ਸਹਾਈ ਵੀ ਹੋਈ, ਕਿਉਂਕਿ ਕਿਹੜਾ ਦਰਦ ਐ, ਜੋ ਸਾਹਿਤ ਵਿਚ ਵਰਨਣ ਕੀਤਾ ਹੋਇਆ ਨਹੀਂ ਮਿਲਦਾ ? ਕਿਹੜਾ ਦਰਦ ਐ, ਜਿਸਦੀ ਦੁਆਈ ਸਾਹਿਤਕਾਰਾਂ ਨੇ ਦੱਸਣ ਦੀ ਕੋਸ਼ਸ਼ ਨਹੀਂ ਕੀਤੀ। ਸਾਹਿਤ ਅਤੇ ਨਿੱਜੀ ਜ਼ਿੰਦਗੀ ਇਨ੍ਹਾਂ ਦਿਨਾਂ ਵਿਚ ਮੇਰੇ ਖ਼ਿਆਲਾਂ ਵਿਚ ਰਲ-ਗੱਡ ਹੋਈਆਂ ਰਹੀਆਂ। ਕਦੇ ਕੋਈ ਪਾਤਰ ਸੰਵਾਦ ਬੋਲਦਾ, ਤਾਂ ਮੈਨੂੰ ਲਗਦਾ, ਮੈਂ ਆਪ ਹੀ ਬੋਲ ਰਹੀ ਆਂ। ਕਦੇ ਮੇਰੇ ਮਨ ਦੀ ਸੋਚ ਅਤੇ ਮਨੋਭਾਵ ਕਿਸੇ ਕਵੀ ਦੀ ਲਿਖੀ ਹੋਈ ਪੰਗਤੀ ਬਣ ਜਾਂਦੇ।

ਇਮਤਿਹਾਨ ਹੋ ਗਏ। ਮੈਂ ਘਰ ਚਲੀ ਗਈ। ਆਮ ਆਦਤ ਤੋਂ ਉਲਟ ਮੈਂ ਘਰ ਜਾਕੇ ਐਤਕੀਂ ਘਰ ਦੇ ਕੰਮਾਂ ਵਿਚ ਮੱਲੋ ਮੱਲੀ ਆਪਣੇ ਆਪ ਨੂੰ ਉਲਝਾ ਲਿਆ। ਕਿਤਾਬਾਂ ਵਾਲੀਆਂ ਅਲਮਾਰੀਆਂ ਦੀਆਂ ਕਿਤਾਬਾਂ ਬਾਹਰ ਕੱਢ ਲਈਆਂ। ਝਾੜੀ ਪੂੰਝੀਆਂ। ਕਿਤਾਬਾਂ ਦੀ ਸਫ਼ਾਈ ਕਰਦਿਆਂ ਕੋਈ ਕਹਾਣੀ, ਕਿਸੇ ਨਾਵਲ ਦਾ ਕੋਈ ਕਾਂਡ, ਕੋਈ ਕਵਿਤਾ, ਅਚਾਨਕ ਆਪ ਬੀਤੀ ਨਾਲ ਜੁੜ ਜਾਂਦੀ, ਤੇ ਫਰਸ਼ ਉਤੇ ਹੀ ਬੈਠੀ ਬੈਠੀ ਪੜ੍ਹਨ ਲੱਗ ਪੈਂਦੀ। ਕਿਤਾਬਾਂ ਮੁੜ ਕਰੀਨੇ ਨਾਲ ਟਿਕਾਈਆਂ। ਕਪੜਿਆਂ ਵਾਲੀਆਂ ਅਲਮਾਰੀਆਂ ਦੇ ਕੱਪੜੇ ਕਢਕੇ, ਪਲੰਘ ਉਤੇ ਸੁੱਟ ਲਏ। ਅਲਮਾਰੀਆਂ ਦੇ ਖੂੰਜੇ ਸਾਫ਼ ਕੀਤੇ। ਕੱਪੜਿਆਂ

ਨੂੰ ਹਵਾ ਲਗਵਾਈ। ਮੁੜਕੇ ਹੈਂਗਰਾਂ ਉੱਤ ਟੰਗੇ। ਹੁਣ, ਰਸੋਈ ਦੀ ਵਾਰੀ ਆਈ। ਰਸੋਈ ਦੀਆਂ ਬੰਦ ਸ਼ੈਲਫਾਂ ਖਾਲੀ ਕੀਤੀਆਂ। ਮਿੱਟੀ-ਘੱਟਾ ਸਾਫ਼ ਕੀਤਾ। ਬਰਤਨ ਝਾੜ-ਪੂੰਝਕੇ ਤਰਤੀਬ ਨਾਲ ਸਜਾਏ। ਇਨ੍ਹਾਂ ਕੰਮਾਂ ਨੇ ਮਨ ਦੇ ਸ਼ੋਰ ਨੂੰ ਕਾਫੀ ਘੱਟ ਕੀਤਾ।

ਨਤੀਜਾ ਨਿਕਲਿਆ। ਫਸਟ ਕਲਾਸ ਆ ਗਈ। ਕਪੂਰਥਲੇ ਲੈਕਚਰਾਰ ਦੀ ਆਰਜ਼ੀ ਨੌਕਰੀ ਮਿਲ ਗਈ। ਪਹਿਲੀ ਵਾਰ ਪੜ੍ਹਾਉਣਾ ਸੀ, ਇਸ ਕਰਕੇ ਦਿਨ ਰਾਤ ਦਾ ਸਖਤ ਕੰਮ ਸੋਚਣ ਲਈ ਵਿਹਲ ਅਤੇ ਸ਼ਕਤੀ ਨਹੀਂ ਛੱਡਦਾ ਸੀ।

ਅਗਲੇ ਸਾਲ ਚੰਡੀਗੜ੍ਹ ਦੇ ਇਕ ਕੋ-ਐਜੂਕੇਸ਼ਨਲ ਕਾਲਿਜ ਵਿਚ ਨੌਕਰੀ ਮਿਲ ਗਈ।

ਇੱਥੇ ਪਵਨ ਕੁਮਾਰ ਮਿਲਿਆ। ਮਿਲਦੇ ਸਾਰ ਹੀ ਪ੍ਰਸ਼ਨ ਕੱਢ ਮਾਰਿਆ।

"ਗੁਰੀਲਾ ਨਹੀਂ ਮੁੜਕੇ ਮਿਲਿਆ, ਸੰਵੇਦਨਾ ਮੈਡਮ ਜੀ ?" ਸਵਾਲ ਸੁਣ ਕੇ ਸਕਤੇ ਵਿਚ ਆ ਗਈ।

"ਹੈਰਾਨ ਨਾ ਹੋਵੋ, ਮੈਂ ਤੁਹਾਡੀ ਸਾਰੀ ਕਹਾਣੀ ਜਾਣਦਾ ਆਂ।" ਹਿੰਦੀ ਦਾ ਲੈਕਚਰਾਰ ਪਵਨ ਕੁਮਾਰ ਬੋਲਿਆ।

ਮੈਂ ਅਜੇ ਵੀ ਚੁੱਪ ਰਹੀ।

"ਗੁਰੀਲਾ ਹਰਾਮਜ਼ਾਦਾ ਸਾਡਾ ਦੋਸਤ ਸੀ। ਆਪਣੀਆਂ ਜਿੱਤਾਂ ਦੀਆਂ ਫੜ੍ਹਾਂ ਸਾਡੇ ਪਾਸ ਮਾਰਦਾ ਰਹਿੰਦਾ ਸੀ।"

"ਜਿੱਤਾਂ ਦੀਆਂ ਫੜ੍ਹਾਂ ?" ਲਫ਼ਜ਼ ਮੇਰੇ ਦਿਮਾਗ਼ ਵਿਚ ਸਵਾਲ ਬਣ ਕੇ ਖੜ੍ਹੇ ਹੋ ਗਏ।" ਕਿਹੜੀਆਂ ਜਿੱਤਾਂ ?" ਖਾਮੋਸ਼ੀ ਵਿਚ ਹੀ ਪੁੱਛਿਆ।

"ਅਸੀਂ ਉਹਦਾ ਨਾਮ ਐਵੇਂ ਨਹੀਂ ਸੀ ਗੁਰੀਲਾ ਰੱਖਿਆ ਹੋਇਆ ? ਉਹ ਉਹਨਾਂ ਖਾਸ ਲੋਕਾਂ ਵਿਚ ਬੜੀ ਆਸਾਨੀ ਨਾਲ ਵੜ ਜਾਣ ਦੀ ਜਾਚ ਰਖਦਾ ਸੀ, ਜਿਨ੍ਹਾਂ ਵਿਚ ਹਮਾਤੜ ਨਹੀਂ ਜਾ ਸਕਦੇ। ਬਠਿੰਡੇ ਉਸ ਨੇ ਅਮੀਰ ਬਾਣੀਆਂ ਦੀ ਕੁੜੀ ਆਪਣੀ ਚਾਟ ਉਤੇ ਲਾ ਲਈ ਸੀ। ਚੰਡੀਗੜ੍ਹ ਤੁਹਾਡੇ ਨਾਲ ਦੋਸਤੀ ਪਾ ਲਈ। ਸਾਲਾ ਚਲਿੱਤਰੀ। ਮੋਮੋਠਗਣਾ। ਪੱਤੇਬਾਜ਼। ਦਿਲ ਦਾ ਮਾੜਾ ਨਹੀਂ। ਪਰ ਟਿਕਾਊ ਨਹੀਂ।"

ਮੈਂ ਨਾ ਬੋਲੀ, ਨਾ ਬੋਲਣ ਨੂੰ ਦਿਲ ਕੀਤਾ।

"ਉਹ ਤਾਂ ਦਾਅ ਉਤੇ ਸੀ। ਨਾਇਬ-ਤਹਿਸੀਲਦਾਰੀ ਦੀ ਨੌਕਰੀ ਲਈ ਦਰਖਾਸਤ ਦਿੱਤੀ ਹੋਈ ਸੀ। ਚੁਣੇ ਜਾਣ ਲਈ ਬਾ-ਰਸੂਖ ਲੋਕਾਂ ਮਗਰ ਗੇੜੇ ਕੱਢਣ ਲਈ ਚੰਡੀਗੜ੍ਹ ਵਿਚ ਬੈਠਣਾ ਜ਼ਰੂਰੀ ਸੀ। ਇਸ ਲਈ ਯੂਨੀਵਰਸਿਟੀ ਵਿਚ ਦਾਖਲਾ ਲੈ ਕੇ ਹੋਸਟਲ ਵਿਚ ਟਿਕਾਣਾ ਬਣਾ ਲਿਆ। ਉਸਦੇ ਪਿੰਡਾਂ ਵੱਲ ਦੇ ਕਾਫ਼ੀ ਲੋਕ ਇੱਥੇ ਚੰਡੀਗੜ੍ਹ ਵਿਚ ਨੌਕਰੀਆਂ ਕਰਦੇ ਐ। ਕਿਸੇ ਦਾ ਸਕੂਟਰ ਮੰਗ ਲਿਆਇਆ, ਕਿਸੇ ਦਾ ਮੋਟਰ ਸਾਈਕਲ ਲੈ ਆਇਆ। ਦਿਲ-ਲਗੀ ਲਈ ਤੁਸੀਂ ਮਿਲ ਪਏ।"

"ਦਿਲ-ਲਗੀ" ਸ਼ਬਦ ਸੀਨੇ ਵਿਚ ਤੀਰ ਵਾਂਗ ਖੁਭ ਗਏ।

"ਹੁਣ ਨਾਇਬ-ਤਹਿਸੀਲਦਾਰੀ ਵੀ ਮਿਲ ਗਈ ਐ। ਤੇ ਸਮਾਣੇ ਦੇ ਐਸ. ਡੀ. ਐਮ. ਦੀ ਧੀ ਨਾਲ ਵਿਆਹ ਵੀ ਕਰਵਾ ਲਿਆ ਹੈ।"

ਹੁਣ ਕਈ ਤੀਰ ਇਕੱਠੇ ਹੀ ਮੈਨੂੰ ਜ਼ਖ਼ਮੀ ਕਰ ਗਏ। ਖਿਝ ਆਈ, ਇਹ ਪਵਨ ਕੁਮਾਰ ਚੁੱਪ ਕਿਉਂ ਨਹੀਂ ਕਰਦਾ ? ਕੀ ਜ਼ਖ਼ਮਾਂ ਉਤੇ ਨਿਮਕ ਛਿੜਕਣਾ ਇਸਦਾ ਸ਼ੁਗਲ ਹੈ?

ਪਛਤਾਈ, ਚੰਡੀਗੜ੍ਹ ਮੁੜਕੇ ਕਿਉਂ ਆ ਗਈ ? ਖਬਰੇ ਇੱਥੇ ਕਿਸ ਨੂੰ ਮੇਰੀ ਰੁੱਸਵਾਈ ਦੀ ਦਾਸਤਾਨ ਦਾ ਪਤਾ ਐ? ਕਾਲਿਜ ਦੇ ਪੂਰੇ ਸਟਾਫ਼ ਤੋਂ ਡਰ ਆਉਣ ਲੱਗ ਪਿਆ? ਯੂਨੀਵਰਸਿਟੀ ਕੈਂਪਸ ਵਿਚ ਵੀ ਜਾਣ ਤੋਂ ਡਰਾਂ। ਬਿਹਤਰ ਸੀ, ਕਪੂਰਥਲੇ ਵਰਗੇ ਨਿੱਕੇ ਕਾਲਿਜ ਵਿਚ ਗੁਆਚੀ ਜਾਂਦੀ।



ਇੱਥੇ ਪਵਨ ਕੁਮਾਰ ਦੀਆਂ ਗੱਲਾਂ ਸੁਣਨ ਤੋਂ ਬਾਅਦ, ਕਿਤਾਬਾਂ ਪੜ੍ਹਨ ਦੀਆਂ ਗੱਲਾਂ ਸੁਣਨ ਤੋਂ ਬਾਅਦ, ਕਿਤਾਬਾਂ ਪੜ੍ਹਨ ਅਤੇ ਕੁੜੀਆਂ ਮੁੰਡਿਆਂ ਨੂੰ ਕਿਤਾਬਾਂ ਪੜ੍ਹਾਉਣ ਦਾ ਸੰਘਣਾ ਪਰਦਾ ਆਪਣੇ ਆਲੇ-ਦੁਆਲੇ ਤਾਣ ਲਿਆ, ਤਾਂ ਕਿ ਪਵਨ ਕੁਮਾਰ ਤੇ ਬਾਕੀ ਸਭ ਨੂੰ ਮੇਰਾ ਨੰਗ ਦੇਖਣ ਦਾ ਅਵਸਰ ਨਾ ਮਿਲੇ। ਪੜ੍ਹਾਕੂ ਹੋਣ ਦੀ ਧੁੰਮ ਤਾਂ ਸੀ ਹੀ, ਮਿਹਨਤੀ-ਅਧਿਆਪਕਾ ਹੋਣ ਦੀ ਸ਼ੋਹਰਤ ਦੀ ਧੂੜ ਵੀ ਉਡਾਕੇ ਆਪਣੇ ਆਪ ਨੂੰ ਲੁਕਾ ਲਿਆ।

ਪਰ ਪਵਨ ਕੁਮਾਰ ਜਿਵੇਂ ਮੇਰੇ ਨਾਲ ਬੇ-ਤਕੱਲਫ਼ੀ ਨਾਲ ਗੱਲ ਕਰ ਲੈਣ ਦਾ ਕੋਈ ਨਿਵੇਕਲਾ ਬੁਨਿਆਦੀ ਹੱਕ ਸਮਝਦਾ ਸੀ। ਇਕ ਦਿਨ ਮੈਨੂੰ ਆ ਘੇਰਿਆ-

"ਮੈਡਮ ਜੀ ! ਤੁਹਾਨੂੰ ਇਕ ਅਰਜ਼ ਕਰਨੀ ਹੈ ਜੀ। ਹੈਗਾ ਤਾਂ ਮੈਂ ਛੜਾ ਹਾਂ ਜੀ। ਪਰ ਮੈਂ ਖਾਣਾ ਚੰਗਾ ਬਣਾ ਲੈਂਦਾ ਆਂ ਜੀ। ਤੁਸੀਂ ਰੋਜ਼ ਰੋਜ਼ ਹੋਸਟਲ ਦੀਆਂ ਰੋਟੀਆਂ ਖਾ ਖਾ ਅੱਕ ਗਏ ਹੋਵੋਗੇ ਜੀ। ਮੈਂ ਤੁਹਾਨੂੰ ਖਾਣਾ ਵਰਜਣਾ ਚਾਹੁੰਦਾ ਹਾਂ ਜੀ। ਐਤਵਾਰ ਦੁਪਹਿਰ ਨੂੰ ਮੇਰੇ ਨਾਲ ਖਾਣਾ ਖਾਣ ਦੀ ਮਿਹਰਬਾਨੀ ਕਰੋ ਜੀ।"

ਕੀ ਜਵਾਬ ਦਿੰਦੀ ? ਖਾਣਾ ਖਾਣ ਦੀ ਦਾਅਵਤ ਮੰਨ ਲਈ ।

"ਸਾਡੇ ਦੇਸ਼ ਵਿਚ ਨਾਰੀ ਨੂੰ ਬਹੁਤ ਉੱਚਾ ਸਥਾਨ ਮਿਲਿਆ ਹੋਇਆ ਹੈ ਜੀ। ਦੇਵੀ ਮਾਤਾ ਦਾ। ਦੁਰਗਾ ਨੂੰ ਸਾਖਸ਼ਾਤ ਭਗਵਾਨ ਮੰਨਦੇ ਹੈ ਜੀ। ਮੇਰੇ ਮਨ ਵਿਚ ਤੁਹਾਡੇ ਲਈ ਬਹੁਤ ਇਜ਼ਤ ਹੈ ਜੀ। ਤੁਸੀਂ ਬਹੁਤ ਲਾਇਕ ਹੋ ਜੀ। ਮੇਰੇ ਪਾਸ ਪੜ੍ਹਦੇ ਮੁੰਡੇ ਕੁੜੀਆਂ ਤੁਹਾਡੀ ਬਹੁਤ ਤਾਰੀਫ ਕਰਦੇ ਹੈ ਜੀ। ਤੁਸੀਂ ਕੁਝ ਮਹੀਨਿਆਂ ਵਿਚ ਹੀ ਆਪਣੀ ਲਿਆਕਤ ਦਾ ਸਿੱਕਾ ਬਿਠਾ ਲਿਆ ਹੈ ਜੀ। ਫੇਰ, ਤੁਸੀਂ— ਫੇਰ ਤੁਸੀਂ—" ਕਹਿੰਦਾ ਕਹਿੰਦਾ ਪਵਨ ਕੁਮਾਰ ਰੁਕ ਗਿਆ। ਮੇਰੇ ਚਿਹਰੇ ਵੱਲ ਟਿਕਟਿਕੀ ਬੰਨ੍ਹ ਕੇ ਦੇਖਣ ਲੱਗਾ। ਫੇਰ, ਨੀਵੀਂ ਪਾ ਕੇ ਬੋਲਿਆ", ਫੇਰ ਦੇਖਣ-ਚਾਖਣ ਨੂੰ ਤੁਸੀਂ ਆਮ ਔਰਤਾਂ ਵਰਗੇ ਨਹੀਂ। ਕਾਲਿਜ ਵਿਚ ਹੋਰ ਕਿਹੜੀ ਔਰਤ ਐ, ਜਿਹੜੀ ਤੁਹਾਡੇ ਚਿਹਰੇ ਦੀ ਝਾਲ ਝੱਲ ਸਕੇ ?"

ਖਾਣਾ ਸੁਆਦੀ ਸੀ। ਮੈਂ ਤਾਰੀਫ਼ ਕੀਤੀ।

"ਇਕ ਹੋਰ ਅਰਜ਼ ਕਰਾਂ ਜੀ। ਤੁਸੀਂ ਵੀ ਇਕੱਲੇ। ਮੈਂ ਵੀ ਇਕੱਲਾ। ਸਿਆਣੇ ਕਹਿੰਦੇ ਐ, ਇਕੱਲਾ ਤਾਂ ਰੁੱਖ ਵੀ ਨਾ ਹੋਵੇ। ਕਦੇ ਕਦੇ ਬੇਤਕੱਲਫ਼ ਹੋ ਕੇ ਆ ਜਾਇਆ ਕਰੋ। ਇਸ ਨੂੰ ਆਪਣਾ ਹੀ ਘਰ ਸਮਝੋ ਜੀ। ਦੋਨਾਂ ਦੇ ਸਾਥ ਵਿਚ ਦੋਨਾਂ ਦਾ ਦਿਲ ਲੱਗੇਗਾ। ਇਕ ਦੂਜੇ ਨੂੰ ਜਾਣ-ਪਛਾਣਾਂਗੇ। ਇਉਂ ਮਨ ਮਿਲਦੇ ਐ ਜੀ। ਇਉਂ ਹੀ ਦਿਲਾਂ ਦੇ ਰਿਸ਼ਤੇ ਬਣਦੇ ਹੈ ਜੀ।"

ਵਾਪਸ ਆਈ, ਤਾਂ ਮੈਨੂੰ ਪਵਨ ਕੁਮਾਰ ਉਤੇ ਤਰਸ ਵੀ ਆਏ, ਹਾਸਾ ਵੀ ਆਏ, ਪਰ ਗੁੱਸਾ ਨਾ ਆਏ।

ਇਕ ਦਿਨ ਪਤਾ ਲੱਗਾ, ਉਹ ਬਿਮਾਰ ਹੈ, ਤੇ ਕਾਫ਼ੀ ਤੇਜ਼ ਬੁਖਾਰ ਹੈ। ਕੁਝ ਸਟਾਫ ਮੈਂਬਰਾਂ ਨਾਲ ਖਬਰ ਲੈਣ ਗਈ। ਮੈਂ ਦੇਖਿਆ, ਸਭ ਨਾਲ ਗੱਲਾਂ ਕਰਦਿਆਂ, ਉਸਦੀਆਂ ਨਜ਼ਰਾਂ ਵਾਰ ਵਾਰ ਮੇਰੇ ਆਕਾਰ ਉਤੇ ਆ ਟਿਕਣ।

ਅਗਲੇ ਦਿਨ ਮੈਂ ਇਕੱਲੀ ਫੇਰ ਖਬਰ ਲੈਣ ਗਈ।

"ਆਹਾ ਜੀ ! ਅੱਜ ਮੈਡਮ ਜੀ ਇਕੱਲੇ ਖਬਰ ਲੈਣ ਆਏ ਹੈ। ਬਹੁਤ ਖੁਸ਼ੀ ਹੋਈ ਹੈ ਜੀ। ਸ਼ੁਕਰੀਆ ਜੀ।"

"ਤੁਸੀਂ ਏਨੀ ਦੂਰ ਨਾ ਬੈਠੋ ਜੀ। ਮੇਰੇ ਨੇੜੇ ਬੈਠਣ ਦੀ ਕਿਰਪਾ ਕਰੋ।"

ਮੰਜੇ ਦੇ ਨਾਲ ਇਕ ਹੀ ਕੁਰਸੀ ਸੀ। ਉਸ ਉਤੇ ਦਵਾਈਆਂ ਪਈਆਂ ਸਨ। ਮੈਂ ਕੁਰਸੀ ਖਾਲੀ ਕਰਨ ਲੱਗੀ।

"ਨਾਂਹ ਨਾਂਹ ਮੈਡਮ ਜੀ। ਤੁਸੀ ਬੁਰਾ ਨਾ ਮੰਨਣਾ। ਪਰ ਤੁਸੀਂ ਮੇਰੀ ਮੰਜੀ ਉਤੇ ਬੈਠੋ ਜੀ। ਮੇਰੇ ਨੇੜੇ।

ਮੈਨੂੰ ਮੰਗ ਅਜੀਬ ਲੱਗੀ। "ਝਿਜਕੋ ਨਾ ਜੀ। ਇਕੱਲੇ ਬੰਦੇ ਨੂੰ ਜਦੋਂ ਬੁਖ਼ਾਰ ਚੜ੍ਹਦਾ ਹੈ, ਤਾਂ ਅੱਧਾ ਬੁਖ਼ਾਰ ਤਾਂ ਇਕੱਲ ਦਾ ਹੁੰਦਾ ਹੈ। ਤੁਸੀਂ ਮੇਰੇ ਨਾਲ ਲੱਗ ਕੇ ਬੈਠੋ ਜੀ।"

ਉਹ ਮੰਜੇ ਉਤੇ ਆਪਣੇ ਨਾਲ ਪਈ ਖਾਲੀ ਥਾਂ ਵੱਲ ਇਸ਼ਾਰਾ ਕਰ ਰਿਹਾ ਸੀ। ਮੈਂ ਝਿਜਕਦੀ ਝਿਜਕਦੀ ਬੈਠ ਗਈ।

"ਸੱਚ ਮੰਨਣਾ। ਤੁਹਾਡੇ ਬੈਠਣ ਨਾਲ ਮੇਰੇ ਸਰੀਰ ਦੀ ਤਪਸ਼ ਘਟ ਗਈ ਐ।"

ਤੰਦਰੁਸਤ ਹੋਣ ਤੋਂ ਬਾਅਦ ਸਟਾਫ਼-ਰੂਮ ਵਿਚ, ਮੈਨੂੰ ਇਕੱਲੀ ਦੇਖਕੇ ਬੋਲਿਆ," ਮੈਂ ਕਵਿਤਾ ਵੀ ਲਿਖਦਾ ਹਾਂ। ਕਾਪੀ ਭਰੀ ਪਈ ਹੈ। ਇਕ ਨਮੂਨਾ ਪੜ੍ਹੋ ਜੀ।"

ਮੈਂ ਵਰਕਾ ਪਕੜ ਕੇ ਪੜ੍ਹਿਆ, ਤਾਂ ਗੀਤ ਦੇ ਪਹਿਲੇ ਬੋਲ ਸਨ -

ਖਾਲੀ ਹੈ, ਖਾਲੀ ਹੈ, ਦਿਲ ਦਾ ਤਖਤ,
ਮੇਰੀ ਰਾਣੀ ਕਦ ਆਕੇ ਬੈਠੇਗੀ ?

ਅਚਾਨਕ ਅੰਮ੍ਰਿਤਸਰੋਂ ਵੱਡੇ ਵੀਰ ਜੀ ਦਾ ਫੋਨ ਆਇਆ। ਛੁੱਟੀ ਲੈ ਕੇ ਫੌਰਨ ਆ। ਘਰ ਗਈ ਤਾਂ ਪਤਾ ਲੱਗਾ, ਭਰਾ ਭਰਜਾਈ ਨੇ ਬੰਬਈ ਵਿਚ ਇਕ ਵੱਡੀ ਕੰਪਨੀ ਦਾ ਏਰੀਆ-ਮੈਨੇਜਰ ਮੇਰੇ ਲਈ ਪਸੰਦ ਕਰ ਲਿਆ ਹੈ। ਕੱਦ-ਕਾਠ, ਸਿਹਤ, ਬੋਲ-ਬਾਣੀ, ਖਾਨਦਾਨ, ਸਭ ਠੀਕ-ਠਾਕ ਐ। ਪੰਦਰਾਂ ਹਜ਼ਾਰ ਰੁਪਿਆ ਮਹੀਨਾ ਤਨਖਾਹ ਐ। ਕੰਪਨੀ ਵੱਲੋਂ ਬੰਗਲਾ ਤੇ ਮੋਟਰ-ਕਾਰ। ਆਦੇਸ਼ ਮਿਲਿਆ, ਦਸੰਬਰ ਦੀਆਂ ਛੁੱਟੀਆਂ ਵਿਚ ਬੰਬਈ ਆ। ਉਹਨੂੰ ਮਿਲ ਉਹ ਤੈਨੂੰ ਮਿਲੇ। ਫੇਰ ਤੁਹਾਡਾ ਵਿਆਹ ਕਰੀਏ। ਤੂੰ ਜ਼ਿੰਦਗੀ ਵਿਚ ਸੈਟਲ ਹੋਵੇਂ। ਸਾਡੀ ਜ਼ੁੰਮੇਵਾਰੀ ਮੁਕੇ।"

ਮੈਂ ਭਰਾ-ਭਰਜਾਈ ਨੂੰ ਬੰਬਈ ਆਉਣ ਦਾ ਇਕਰਾਰ ਕਰਕੇ ਵਾਪਸ ਚੰਡੀਗੜ੍ਹ ਆ ਗਈ, ਪਰ ਤਨੋਂ-ਮਨੋ ਮੈਂ ਚਾਹੁੰਦੀ ਸਾਂ, ਮੈਨੂੰ ਜਾਣਾ ਨਾ ਪਵੇ।

ਇਨ੍ਹਾਂ ਦਿਨਾਂ ਵਿਚ ਹੀ ਪਵਨ ਕੁਮਾਰ ਨੇ ਵੀ ਪੁੱਛ ਲਿਆ," ਮੈਡਮ ਜੀ ! ਵਿਆਹ ਬਾਰੇ ਕੀ ਖ਼ਿਆਲ ਹੈ ? ਕਰਵਾਉਣਾ ਤਾਂ ਪੈਣਾ ਹੀ ਹੈ। ਆਪਣਾ ਦੋਨਾਂ ਦਾ ਜੋੜ ਕੋਈ ਮਾੜਾ ਨਹੀਂ ।"

ਮੈਂ ਇਉਂ ਹੱਸੀ, ਜਿਸਤੋਂ ਪਵਨ ਕੁਮਾਰ ਨੂੰ ਇਹ ਪਤਾ ਲੱਗੇ ਕਿ ਮੈਂ ਨਾਂਹ ਕਰ ਦਿੱਤੀ ਹੈ।

ਪਰ ਮੈਂ ਸੋਚਾਂ, ਮੈਂ ਅਛੂਹ ਉਚਾਈ ਉਤੇ ਚੜ੍ਹਨ ਦਾ ਦਾਈਆ ਬੰਨ੍ਹ ਕੇ ਤੁਰੀ ਸਾਂ। ਪਰ ਮੇਰੇ ਪੈਰ ਤਾਂ ਹੇਠਲੀ ਦਲਦਲ ਵਿਚ ਹੀ ਫਸਦੇ ਜਾ ਰਹੇ ਹਨ।

ਇਨ੍ਹਾਂ ਦਿਨਾਂ ਵਿਚ ਰੇਡੀਉ ਤੋਂ ਟੈਲੀਵੀਜਨ ਲਈ ਪ੍ਰੋਗਰਾਮ-ਐਗਜ਼ੈੱਕਟਿਵ ਅਫਸਰਾਂ ਦੀਆਂ ਆਸਾਮੀਆਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਨਿਕਲੀਆਂ। ਮੈਂ ਦਰਖਾਸਤ ਦਿੱਤੀ। ਲਿਖਤੀ-ਪਰੀਖਿਆ ਦਿੱਤੀ, ਤੇ ਇੰਟਰਵੀਊ ਦਿੱਤਾ। ਚੁਣੇ ਵਿਅਕਤੀਆਂ ਵਿਚ ਮੇਰਾ ਪਹਿਲਾ ਸਥਾਨ ਸੀ। ਛੇ ਮਹੀਨਿਆਂ ਲਈ ਪੂਨੇ ਇੰਸਟੀਚਿਊਟ ਵਿਚ ਸਿਖਲਾਈ ਲਈ ਗਈ।

ਸਿਖਲਾਈ ਦੌਰਾਨ ਮੈਨੂੰ ਟੈਲੀ-ਫਿਲਮ ਲਈ ਸਕਰਿਪਟ ਲਿਖਣ ਤੇ ਨਿਰਮਾਤਾ ਤੇ ਨਿਰਦੇਸ਼ਕ ਦੇ ਤੌਰ 'ਤੇ ਫ਼ਿਲਮ ਸ਼ੂਟ ਕਰਨ ਦਾ ਪ੍ਰੈਕਟੀਕਲ ਕੰਮ ਮਿਲਿਆ।

ਮੈਂ ਕਹਾਣੀ ਲਿਖੀ।

"ਬੇਟੀ, ਤੂੰ ਤਿਆਰ ਹੋ ਜਾ। ਤੈਨੂੰ ਦੇਖਣ ਲਈ ਇਕ ਲੜਕਾ ਤੇ ਉਸ ਦੇ ਮਾਂ ਪਿਉ ਆ ਰਹੇ ਐ।"

"ਪਹਿਲਾਂ ਵੀ ਦੋ ਲੜਕੇ ਤੇ ਦੋਨਾਂ ਲੜਕਿਆਂ ਦੇ ਮਾਪੇ ਮੈਨੂੰ ਦੇਖ ਕੇ ਗਏ ਐ। ਕੀ ਉਨ੍ਹਾਂ ਨੇ ਨਾਂਹ ਕਰ ਦਿੱਤੀ ਐ? ਜੇ ਨਾਂਹ ਕੀਤੀ ਐ, ਤਾਂ ਕੀ ਕਾਰਨ ਦੱਸਿਆ ਐ?"



"ਇਉਂ ਕੋਈ ਨਾਂਹ ਨਹੀਂ ਦੱਸਦਾ ਹੁੰਦਾ ਬੇਟੀ ! ਨਾ ਨਾਂਹ ਦਾ ਕਾਰਨ ਦੱਸਦਾ ਐ। ਉਂਜ ਨਾਂਹ ਦਾ ਕਾਰਨ ਦੱਸਣਾ ਕਠੋਰਤਾ ਐ। ਅਸੱਭਿਅਤਾ ਐ।"

"ਪਰ ਤੁਸੀਂ ਆਪਣੀ ਲੜਕੀ ਨੂੰ ਵਾਰ ਵਾਰ ਨੁਮਾਇਸ਼ ਵਿਚ ਰੱਖਦੇ ਓ। ਅਗਲੇ ਆਉਂਦੇ ਐ। ਦੇਖ ਕੇ ਚਲੇ ਜਾਂਦੇ ਐ। ਤੁਸੀਂ ਆਪਣੀ ਧੀ ਨੂੰ ਕੋਈ ਬੇਜਾਨ ਚੀਜ਼ ਸਮਝਦੇ ਓ? ਤੁਹਾਨੂੰ ਗ਼ੈਰਤ ਨਹੀਂ ਆਉਂਦੀ ? ਉਹ ਤੁਹਾਡੀ ਧੀ ਨੂੰ ਨੁਮਾਇਸ਼ ਦੀ ਵਸਤੂ ਵਾਂਗ ਦੇਖਦੇ ਐ, ਤੇ ਫੇਰ ਕਹਿੰਦੇ ਐ, ਘਰ ਜਾ ਕੇ ਸੋਚ-ਵਿਚਾਰ ਕੇ ਆਪਣੀ ਰਾਏ ਦੱਸਾਂਗੇ।"

"ਰਿਵਾਜ ਜੁ ਹੋਇਆ, ਬੇਟੀ ! ਸੱਭੇ ਪੜ੍ਹੇ-ਲਿਖੇ ਮਾਪੇ ਇਉਂ ਹੀ ਧੀਆਂ ਦਿਖਾਉਂਦੇ ਐ, ਤੇ ਵਰ ਚੁਣਦੇ ਐ।"

"ਮੇਰੇ ਲਈ ਵਰ ਚੁਣਨ ਦਾ ਇਹ ਸਾਰਾ ਤਰੀਕਾ ਮਾਨਸਿਕ ਸਜ਼ਾ ਐ। ਇਸ ਵਿਚ ਮੇਰੀ ਬੇਇਜ਼ਤੀ ਐ। ਮੈਂ ਸਕੂਲ-ਕਾਲਿਜ ਵਿਚ ਇਨੀ ਲਾਇਕ ਕੁੜੀ ਮੰਨੀ ਗਈ। ਕਾਲਿਜ ਵੱਲੋਂ ਮੈਨੂੰ ਆਲ-ਰਾਊਂਡ ਬੈਸਟ ਸਟੂਡੈਂਟ ਦਾ ਇਨਾਮ ਮਿਲਿਆ। ਮੈਨੂੰ ਯੂਨੀਵਰਸਿਟੀ ਵਿਚ ਅਟਰੈਕਟਿਵ-ਪਰਸਨੈਲਿਟੀ ਦਾ ਇਨਾਮ ਮਿਲਿਆ। ਮੇਰੀਆਂ ਜਿੱਤੀਆਂ ਟਰਾਫ਼ੀਆਂ ਤੁਸੀਂ ਬੈਠਕ ਦੇ ਸ਼ੋ-ਕੇਸ ਵਿਚ ਸਜਾ ਕੇ ਰੱਖੀਆਂ ਹੋਈਆਂ ਐ। ਇਹ ਲੋਕ ਕੌਣ ਹੁੰਦੇ ਐ, ਮੈਨੂੰ ਵੇਖਣ-ਪਰਖਣ ਦਾ ਹੱਕ ਰੱਖਣ ਵਾਲੇ ? ਜਿਹੜੇ ਦੋ ਲੜਕੇ ਮੈਨੂੰ ਦੇਖਣ ਆਏ, ਉਨ੍ਹਾਂ ਦੀ ਖਾਸ ਪ੍ਰਾਪਤੀ ਕੀ ਸੀ ? ਖਾਸ ਗੁਣ ਕੀ ਸਨ ? ਜੇ ਮੈਂ ਉਨ੍ਹਾਂ ਨੂੰ ਚੁਣਨਾ ਹੁੰਦਾ, ਮੈਂ ਉਨ੍ਹਾਂ ਨੂੰ ਰੱਦ ਕਰ ਦਿੰਦੀ।"

"ਬੇਟੀ ! ਅਸੀਂ ਕਿਹੜੀ ਉਨ੍ਹਾਂ ਨੂੰ ਹਾਂ ਕਰ ਦਿੱਤੀ ? ਜੇ ਉਹ ਹਾਂ ਕਰਦੇ, ਫੇਰ ਅਸੀਂ ਤੇਰੀ ਸਲਾਹ ਨਾਲ ਰਿਸ਼ਤੇ ਦੀ ਗੱਲ ਕਰਨੀ ਸੀ। ਤੂੰ ਸ਼ਾਂਤੀ ਰੱਖ। ਤੇਰੀ ਭਲਾਈ ਲਈ ਅਸੀਂ ਇਕ ਤੀਜੇ ਲੜਕੇ ਨੂੰ ਬੁਲਾਇਆ ਐ। ਤੂੰ ਤਿਆਰ ਹੋ ਜਾ। ਭਗਵਾਨ ਚਾਹਿਆ, ਤਾਂ ਗੱਲ ਬਣ ਜਾਵੇਗੀ।" ਮਾਂ ਆਪਣੇ ਕੰਮ ਵਿਚ ਰੁਝ ਗਈ। ਬੇਟੀ ਚੁੱਪ ਕੀਤੀ ਘਰੋਂ ਖਿਸਕ ਗਈ। ਜੇ ਭਾਗ-ਦੇਵਤਾ ਦੇ ਮੁਸਕਰਾਉਣ ਨਾਲ ਹੀ ਫੈਸਲਾ ਹੋਣਾ ਐ, ਤਾਂ ਭਾਗ-ਦੇਵਤਾ ਸਾਡੇ ਘਰ ਦੀ ਛੱਤ ਉੱਤੇ ਤਾਂ ਬੈਠਾ ਨਹੀਂ, ਪਈ ਇੱਥੇ ਹੀ ਮੁਸਕਰਾਉਣਾ ਐ। ਉਹ ਕਿਤੇ ਵੀ ਮੁਸਕਰਾ ਸਕਦਾ ਐ। ਚਲੋ, ਬਾਹਰ ਦਾ ਸੰਸਾਰ ਦੇਖਦੇ ਆਂ। ਖੁਲ੍ਹ ਕੇ ਸਾਹ ਲੈਂਦੇ ਆਂ। ਇਨਸਾਨ ਸਾਹਾਂ ਦੇ ਸਿਰ ਉਤੇ ਹੀ ਜੀਊਂਦਾ ਐ। ਘਰ ਵਿਚ ਘੁਟਣ ਐ। ਹੁੰਮਸ ਐ। ਬਾਹਰ ਹਵਾ ਤਾਜ਼ੀ ਐ।

ਇਕ ਘਰ ਦਾ ਬੂਹਾ ਖੜਕਾਇਆ। ਦਰਵਾਜ਼ਾ ਇਕ ਨੌਜਵਾਨ ਨੇ ਖੋਲ੍ਹਿਆ।

"ਮੀਨਾ ......... ?" ਆਉਣ ਵਾਲੀ ਲੜਕੀ ਨੇ ਪੁੱਛਿਆ।

"ਤੂੰ ਵੀਨਾ ਐ ?" ਲੜਕੇ ਨੇ ਪੁੱਛਿਆ।

"ਤੁਸੀਂ ਕਿਵੇਂ ਪਛਾਣਿਆ ?"

"ਤੁਹਾਨੂੰ ਇਕ ਵਾਰ ਦੇਖ ਕੇ ਕੌਣ ਭੁੱਲ ਸਕਦਾ ਐ ? ਮੈਂ ਯੂਨੀਵਰਸਿਟੀ ਵਿਚ ਬੈਸਟ-ਪਰਸਨੈਲਿਟੀ ਮੁਕਾਬਲੇ ਵਿਚ ਦਰਸ਼ਕਾਂ ਵਿਚ ਹਾਜ਼ਰ ਸਾਂ।"

"ਤੋਬਾ ! ਤੋਬਾ !! ਉਸ ਦਿਨ ਉਥੇ ਲੜਕੇ ਬਹੁਤ ਸ਼ੋਰ ਪਾ ਰਹੇ ਸੀ। ਤੁਸੀਂ ਵੀ ਸ਼ੋਰ ਪਾਇਆ ਸੀ?"

"ਉਥੇ ਆਏ ਲੜਕਿਆਂ ਵਿਚ ਤਾਂ ਮੈਂ ਸ਼ਾਮਲ ਸਾਂ, ਪਰ ਸ਼ੋਰ ਪਾਉਣ ਵਾਲਿਆਂ ਵਿਚ ਨਹੀਂ। ਤੁਹਾਡੀ ਚੋਣ ਹੋ ਜਾਣ ਤੋਂ ਬਾਅਦ ਤੁਹਾਡੇ ਹੱਕ ਵਿਚ ਤਾੜੀ ਮਾਰਨ ਵਾਲਿਆਂ ਵਿਚ ਜ਼ਰੂਰ ਸ਼ਾਮਲ ਸਾਂ।"

"ਸ਼ੁਕਰੀਆ ! ਮੀਨਾ ਕਿੱਥੇ ਐ ?"

"ਤੁਸੀਂ ਅੰਦਰ ਤਾਂ ਆਓ। ਮੈਂ ਮੀਨਾ ਦਾ ਭਰਾ ਸ਼ਿਵ ਹਾਂ। ਆਓ ਬੈਠੋ। ਮੀਨਾ ਮਾਤਾ ਜੀ ਦੇ ਨਾਲ ਬਾਜ਼ਾਰ ਗਈ ਐ। ਬੱਸ ਆਉਣ ਈ ਵਾਲੀ ਐ।"

ਵੀਨਾ ਬੈਠਕ ਵਿਚ ਬੈਠ ਜਾਂਦੀ ਹੈ। ਸ਼ਿਵ ਉਹੀ ਕਿਤਾਬ ਚੁੱਕ ਲੈਂਦਾ ਹੈ, ਜੋ ਖੁਲ੍ਹੀ ਪਈ ਹੈ, ਤੇ ਵੀਨਾ ਦੇ ਆਉਣ ਤੋਂ ਪਹਿਲਾਂ ਪੜ੍ਹ ਰਿਹਾ ਸੀ। ਪਰ ਫੇਰ ਕਿਤਾਬ ਰੱਖ ਦਿੰਦਾ ਹੈ, ਤੇ ਪੁੱਛਦਾ ਹੈ, ਪਹਿਲਾਂ ਇਹ ਦੱਸੋ, ਠੰਡਾ ਲਓਗੇ ਕਿ ਗਰਮ ਚਾਹ ? ਸੰਙਣਾ ਨਹੀਂ। ਮੈਂ ਚਾਹ ਬਹੁਤ ਲਜ਼ੀਜ਼ ਬਣਾ ਸਕਦਾ ਆਂ।

"ਨਹੀਂ। ਸ਼ੁਕਰੀਆ। ਮੀਨਾ ਨੂੰ ਆ ਲੈਣ ਦਿਉ। ਫੇਰ ਪੀਆਂਗੇ।"

"ਚੰਗਾ, ਜਿਵੇਂ ਤੁਹਾਡੀ ਮਰਜ਼ੀ। "ਕਿਤਾਬ ਚੁੱਕਦਾ ਹੈ, ਪੜ੍ਹਨ ਲਗਦਾ ਹੈ, ਪਰ ਖ਼ਿਆਲ ਆਉਂਦਾ ਹੈ, ਮਹਿਮਾਨ ਦੇ ਬੈਠਿਆਂ ਮੇਜ਼ਬਾਨ ਦਾ ਕਿਤਾਬ ਪੜ੍ਹੀ ਜਾਣਾ ਮਹਿਮਾਨ ਦੀ ਬੇਅਦਬੀ ਹੈ। ਕਿਤਾਬ ਰੱਖਦਾ ਹੈ। ਵੀਨਾ ਵੱਲ ਦੇਖਦਾ ਹੈ। "ਇਹ ਹੁਣ ਤਕ ਸਾਡੇ ਘਰ ਕਿਉਂ ਨਹੀਂ ਆਈ ? ਮੈਨੂੰ ਇਹ ਉਸ ਦਿਨ ਦੀ ਭੁੱਲੀ ਨਹੀਂ। ਬੜੀ ਅਲੱਗ ਕਿਸਮ ਦੀ ਸ਼ਖ਼ਸੀਅਤ ਵਾਲੀ ਕੁੜੀ ਹੈ। ਪਰ ਮੇਰਾ ਇਸਨੂੰ ਇਉਂ ਦੇਖੀ ਜਾਣਾ ਬੁਰਾ ਸਮਝਿਆ ਜਾਏਗਾ। ਘਰ ਵਿਚ ਇਕੱਲੀ ਕੁੜੀ। ਮੈਂ ਉਸ ਵਲ ਝਾਕਦਾ ਚੰਗਾ ਲਗਦਾ ਆਂ ? ਉਂਜ ਸੋਹਣੀ ਹੈ। ਨਹੀਂ ਸੋਹਣੀ ਕਹਿਣਾ ਕਾਫੀ ਨਹੀਂ। ਵਿਕਸਤ ਤੇ ਸੰਵਾਰੀ ਹੋਈ ਸ਼ਖ਼ਸੀਅਤ।"

ਵੀਨਾ ਵੀ ਬਚਾਵੀਂ ਨਜ਼ਰ ਨਾਲ ਸ਼ਿਵ ਵਲ ਦੇਖਦੀ ਐ। ਕਾਸ਼ ? ਮੇਰੇ ਘਰ ਮੈਨੂੰ ਚੁਣਨ ਸ਼ਿਵ ਆਇਆ ਹੁੰਦਾ ? ਕਿੰਨਾ ਸਾਊ, ਸਮਝਦਾਰ, ਸੁਚੱਜਾ, ਜ਼ਹੀਨ ਤੇ ਪੜ੍ਹਨ ਦਾ ਸ਼ੌਕੀਨ ਹੈ। ਬੈਠਕ ਵਿਚ ਹੀ ਇੰਨੀਆਂ ਕਿਤਾਬਾਂ । ਮੀਨਾ ਲਾਇਕ ਹੈ। ਇਹ ਵੀ ਲਾਇਕ ਹੈ।

"ਮੈਂ ਤੁਹਾਨੂੰ ਪੜ੍ਹਨ ਲਈ ਕੋਈ ਕਿਤਾਬ ਦਿਆਂ ?"

"ਨਹੀਂ। ਆਪਾਂ ਦੋਵੇਂ ਬੈਠਕ ਵਿਚ ਬੈਠੇ ਆਪਣੀ ਆਪਣੀ ਕਿਤਾਬ ਵਿਚ ਖੁੱਭੇ ਚੰਗੇ ਲੱਗਾਂਗੇ? "

"ਤੁਸੀਂ ਬਿਲਕੁਲ ਠੀਕ ਕਿਹਾ ਐ। ਆਪਾ ਦੋਵੇਂ ਬਾਹਰ ਵਿਹੜੇ ਵਿਚ ਨਿਕਲਦੇ ਆਂ।"

ਦੋਵੇਂ ਬਾਹਰ ਨੂੰ ਜਾਂਦੇ ਹਨ। ਦੋਵੇਂ ਇਕ ਦੂਜੇ ਦਾ ਕੱਦ-ਕਾਠ ਤੇ ਚਾਲ ਦੇਖਦੇ ਹਨ। ਬਾਹਰ ਜਾ ਕੇ ਇਕ ਦਮ ਕੁਰਸੀਆਂ ਉਤੇ ਬੈਠਦੇ ਨਹੀਂ। ਗਮਲਿਆਂ ਵਿਚ ਖਿੜੇ ਫੁੱਲਾਂ ਪਾਸ ਥੋੜ੍ਹਾ ਸਮਾਂ ਖੜੋਦੇ ਹਨ। ਥੋੜ੍ਹਾ ਟਹਿਲਦੇ ਹਨ।

"ਤੁਸੀਂ ਯੂਨੀਵਰਸਿਟੀ ਵਿਚ ਕਿਹੜਾ ਕੋਰਸ ਕੀਤਾ ਐ ?" ਵੀਨਾ ਸ਼ਿਵ ਨੂੰ ਪੁੱਛਦੀ ਹੈ।

"ਐਮ. ਬੀ. ਏ. । ਮੈਂ ਪਹਿਲਾ ਸਥਾਨ ਲਿਆ ਹੈ।"

"ਓਹ ! ਵਧਾਈਆਂ !!"

"ਮੈਨੂੰ ਤੁਹਾਡੇ ਕੋਰਸਾਂ ਬਾਰੇ ਪਤਾ ਐ। ਤੁਸੀਂ ਡਰਾਮਾ ਤੇ ਸਪੀਚ ਡੀਪਾਰਟਮੈਂਟ ਵਿਚ ਪੜ੍ਹਦੇ ਸੀ।"

"ਤੁਹਾਨੂੰ ਮੇਰੇ ਬਾਰੇ ਕਾਫੀ ਖ਼ਬਰ ਐ।"

"ਮੈਂ ਤੁਹਾਨੂੰ ਇਕ ਗੱਲ ਹੋਰ ਦੱਸਾਂ ? ਤੁਸੀਂ ਅਕਸਰ ਸਾਡੇ ਡੀਪਾਰਟਮੈਂਟ ਦੇ ਸਾਹਮਣੇ ਦੀ ਪੈਦਲ ਲੰਘਿਆ ਕਰਦੇ ਸੀ। ਕਦੇ ਹੋਰ ਕੁੜੀਆਂ ਨਾਲ। ਕਦੇ ਇਕੱਲੇ। ਮੈਨੂੰ ਤੁਰਦੇ ਮਨੁੱਖ ਦੀ ਚਾਲ ਦੇਖਣ ਤੇ ਪਰਖਣ ਦਾ ਸ਼ੌਕ ਐ। ਮੈਂ ਦੇਖਿਆ ਐ, ਸੌ ਵਿਚੋਂ ਨੱਬੇ ਪੁਰਖ-ਇਤਸਰੀਆਂ ਦੀ ਚਾਲ ਵਿਚ ਰਿਦਮ ਨਹੀਂ ਹੁੰਦਾ। ਪਰ ਤੁਹਾਡੀ ਚਾਲ ਵਿਚ ਰਿਦਮ ਹੁੰਦਾ ਐ।"

ਵੀਨਾ ਦਾ ਚਿਹਰਾ ਕੰਨਾਂ ਦੀਆਂ ਕੋਰਾਂ ਤਕ ਲਾਲ ਹੋ ਗਿਆ।

ਸ਼ਿਵ ਦਾ ਦਿਲ ਕੀਤਾ, ਕਹੇ, ਤੂੰ ਸ਼ਰਮਾ ਕੇ ਹੋਰ ਵੀ ਸੋਹਣੀ ਲਗਦੀ ਹੈ। ਪਰ ਉਹ ਕਹਿਣ ਤੋਂ ਝਿਜਕ ਗਿਆ।

"ਅੱਗੋਂ ਨੌਕਰੀ ਕਰੋਗੇ ?" ਵੀਨਾ ਨੇ ਆਪਣੀ ਸੰਙ ਤੋਂ ਨਜ਼ਰਾਂ ਹਟਾਉਣ ਲਈ ਤੇ ਨਾਲ ਹੀ ਗੱਲ ਵਧਾਉਣ ਲਈ ਪੁੱਛਿਆ।

"ਅਜੇ ਤਾਂ ਮੈਂ ਕੁਝ ਸਮਾਂ ਛੁੱਟੀ ਮਨਾਉਣਾ ਚਾਹੁੰਦਾ ਆਂ। ਮਹਾਂਰਾਸ਼ਟਰ ਟੂਰਿਜ਼ਮ ਦਾ ਜਿਹੜਾ



ਨਵਾਂ ਹੌਲੀਡੇ ਸਟੀਮਰ ਚੱਲਿਆ ਐ, ਉਸ ਵਿਚ ਮੈਂ ਕਲ੍ਹ ਸਵੇਰੇ ਨੌਂ ਵਜੇ ਇਕ ਦਿਨ ਦੀ ਆਊਟਿੰਗ 'ਤੇ ਜਾ ਰਿਹਾ ਆਂ।" ਫੇਰ, ਮਨ ਹੀ ਮਨ ਵਿਚ ਆਖਿਆ, ਤੂੰ ਚੱਲੇਂਗੀ ? ਜੇ ਚੱਲੇ, ਤਾਂ ਇਹ ਮੇਰੀ ਜ਼ਿੰਦਗੀ ਦਾ, ਹੁਣ ਤਕ ਦਾ ਬਿਹਤਰੀਨ ਅਨੁਭਵ ਹੋਏਗਾ।

ਵੀਨਾ ਨੇ ਵੀ ਬਿਨਾ ਬੋਲਿਆਂ ਕਿਹਾ, ਜੇ ਮੇਰਾ ਵੱਸ ਚਲਿਆ, ਤਾਂ ਮੈਂ ਵੀ ਸਵੇਰੇ ਨੌਂ ਵਜੇ ਤੇਰੇ ਨਾਲ ਚੱਲਾਂਗੀ।

ਏਨੀ ਸਕਰਿਪਟ ਲਿਖਕੇ ਮੈਂ ਨੋਟ ਲਿਖਿਆ ਸੀ ਕਿ ਦੋਵੇਂ ਪਾਤਰ ਸਟੀਮਰ ਵਿਚ ਇਕ ਦਿਨ ਲਈ ਇਕੱਠੇ ਸਫ਼ਰ ਕਰਨਗੇ। ਉਹ ਸਟੀਮਰ ਵਿਚ ਵੀ ਸੰਵਾਦ ਬੋਲਣਗੇ, ਕੀ ਵਿਵਿਹਾਰ ਕਰਨਗੇ, ਇਹ ਅਭਿਨੇਤਾ ਤੇ ਅਭਿਨੇਤਰੀ ਦੀ ਮੌਲਿਕਤਾ ਪਰਖਣ ਲਈ ਅਣ-ਲਿਖਿਆ ਛੱਡ ਦਿੱਤਾ ਗਿਆ ਹੈ।

ਮੇਰੀ ਸਕਰਿਪਟ ਪ੍ਰੋਫੈਸਰ-ਇੰਚਾਰਜ ਭੱਟਾਚਾਰੀਆ ਨੇ ਬਹੁਤ ਪੰਸਦ ਕੀਤੀ, ਤੇ ਸ਼ਿਵ ਦੀ ਭੂਮਿਕਾ ਨਿਭਾਉਣ ਲਈ ਐਕਟਿੰਗ ਦਾ ਕੋਰਸ ਕਰ ਰਹੇ ਦਿੱਲੀ ਦੇ ਵਿਦਿਆਰਥੀ ਦਿਲਦਾਰ ਨੂੰ ਚੁਣ ਲਿਆ, ਜੋ ਪਿੱਛੋਂ ਪ੍ਰਸਿੱਧ ਫਿਲਮੀ-ਅਭਿਨੇਤਾ ਬਣਿਆ। ਵੀਨਾ ਦੀ ਭੂਮਿਕਾ ਲਈ ਦੋ ਵਿਦਿਆਰਥੀ ਅਭਿਨੇਤਰੀਆਂ ਨਾਲ ਗੱਲ ਕੀਤੀ। ਪਰ ਕਿਉਂਕਿ ਉਹ ਦੋਵੇਂ ਵਧੇਰੇ ਗਲੈਮਰੱਸ ਵਿਦਿਆਰਥੀ-ਫ਼ਿਲਮਾਂ ਵਿਚ ਕੰਮ ਕਰ ਰਹੀਆਂ ਸਨ, ਉਨ੍ਹਾਂ ਤੋਂ ਸਮਾਂ ਨਾ ਮਿਲਿਆ। ਜਿਹੜੀ ਕੁੜੀ ਮੰਨੀ, ਉਹ ਕੈਮਰੇ ਅੱਗੇ ਆਈ ਤਾਂ ਉਸ ਦਾ ਅਭਿੰਨੈ ਨਾ ਮੈਨੂੰ ਜਚਿਆ, ਨਾ ਭੱਟਾਚਾਰੀਆ ਨੂੰ। ਅਚਾਨਕ ਭੱਟਾਚਾਰੀਆ ਬੋਲੇ "ਤੂੰ ਲਿਖਦਿਆਂ ਇਹ ਭੂਮਿਕਾ ਆਪ ਜੀਊਕੇ ਦੇਖੀ ਲਗਦੀ ਐ। ਅਭਿਨੇਤਰੀ ਆਪ ਕਿਉਂ ਨਹੀਂ ਬਣਦੀ?"

ਮੈਂ ਅਭਿਨੇਤਰੀ ਬਣੀ, ਅਭਿਨੇਤਰੀ ਹੀ ਨਹੀਂ ਬਣੀ, ਬਹੁਤ ਜੀਵੰਤ ਭਾਰਤੀ ਮੁਟਿਆਰ , ਜੋ ਰਵਾਇਤਾਂ ਤੋਂ ਆਕੀ ਹੈ, ਦੀ ਭੂਮਿਕਾ ਜੀਵੀ। ਦਿਲਦਾਰ ਤੇ ਮੈਂ ਭੁੱਲ ਗਏ ਕਿ ਅਸੀਂ ਫਿਲਮ ਕਰ ਰਹੇ ਆਂ। ਅਸੀਂ ਸੱਚ ਮੁੱਚ ਹਮਸਫ਼ਰ ਬਣੇ, ਤੇ ਇਕ ਦੂਜੇ ਵਿਚ ਘੁਲ-ਮਿਲ ਗਏ।

ਜਦੋਂ ਸਿਖਲਾਈ ਖਤਮ ਹੋਈ, ਤਾਂ ਨਾਂ ਮੈਂ ਉਹਦੇ ਮਨੋਂ ਲੱਥੀ ਸੀ, ਨਾ ਉਹ ਮੇਰੇ ਮਨੋਂ ਲੱਥਾ ਸੀ।

ਅੱਜ ਪਿੱਛੇ ਵੱਲ ਦੇਖਦੀ ਆਂ, ਤਾਂ ਮਹਿਸੂਸ ਹੁੰਦਾ ਹੈ, ਦਿਲਦਾਰ ਨਾਲ ਮੇਰਾ ਇਸ਼ਕ ਜ਼ਿੰਦਗੀ ਦਾ ਪਹਿਲਾ ਤੇ ਆਖਰੀ ਇਸ਼ਕ ਸੀ।

ਤੁਰਨ ਤੋਂ ਪਹਿਲਾਂ ਮੈਂ ਦਿਲਦਾਰ ਨੂੰ ਕਿਹਾ, "ਮੇਰਾ ਮਨ ਕਰਦਾ ਐ, ਮੈਂ ਤੇਰੇ ਨਾਲ ਵਿਆਹ ਕਰਾ ਲਵਾਂ। ਤੈਨੂੰ ਛੱਡਕੇ ਮੈਂ ਕਿਸੇ ਹੋਰ ਪੁਰਖ ਨਾਲ ਵਿਆਹ ਨਹੀਂ ਕਰਾ ਸਕਦੀ।"

"ਖਿਆਲ ਤਾਂ ਦਿਲਕਸ਼ ਹੈ, ਪਰ ਖਤਰਨਾਕ ਹੈ।"

"ਕਿਉਂ ?"

"ਮੈਂ ਫਿਲਮਾਂ ਵਿਚ ਕਾਮਯਾਬ ਹੋਣ ਲਈ ਅਗਲੇ ਕਈ ਸਾਲ ਸਖਤ ਸੰਘਰਸ਼ ਕਰਨਾ ਐ। ਤੂੰ ਵੀ ਕੈਰੀਅਰ ਚੁਣ ਲਿਆ ਹੈ, ਤੇ ਤੂੰ ਵੀ ਆਪਣੇ ਕੰਮ ਵਿਚ ਬਹੁਤ ਮਸਰੂਫ਼ ਹੋ ਜਾਣਾ ਐ। ਸਾਡਾ ਦੋਨਾਂ ਦਾ ਸੰਘਰਸ਼ ਸਾਡੀ ਮੁਹੱਬਤ ਦਾ ਖ਼ੂਨ ਕਰ ਦੇਵੇਗਾ। ਹੁਣ ਅਸੀਂ ਦੋਸਤ ਆਂ। ਫੇਰ ਅਸੀਂ ਦੁਸ਼ਮਣ ਬਣ ਜਾਵਾਂਗੇ। ਇਕ ਦੂਜੇ ਨੂੰ ਬਰਬਾਦ ਕਰਾਂਗੇ। ਕੀ ਤੈਨੂੰ ਇਹ ਮਨਜ਼ੂਰ ਐ ?"

"ਨਹੀਂ।"

"ਤਾਂ ਫਿਰ ਕਮਾਏ ਇਸ਼ਕ ਦੀ ਦੌਲਤ ਯਾਦਾਂ ਦਾ ਸਰਮਾਇਆ ਬਣੀ ਰਹਿਣ ਦੇ।"

ਉਸਦੀ ਸਿਖਲਾਈ ਤਾਂ ਅਜੇ ਹੋਰ ਚੱਲਣੀ ਸੀ। ਮੈਂ ਉਦਾਸ ਉਦਾਸ ਨੌਕਰੀ 'ਤੇ ਮੁੜ ਆਈ। ਪਹਿਲੇ ਮਹੀਨੇ ਚਾਰ ਖਤ ਲਿਖੇ। ਹਰ ਹਫਤੇ ਇਕ ਖਤ ਜਵਾਬ ਵਿਚ ਦਿਲਦਾਰ ਦਾ ਇਕ ਖਤ ਹੀ ਆਇਆ, ਪਰ ਮੁਹੱਬਤ ਭਰਿਆ।

ਅੱਗੋਂ ਕੁਝ ਮਹੀਨੇ ਕੁਝ ਹੋਰ ਖਤ ਲਿਖੇ। ਪਹਿਲਾਂ ਜਵਾਬ ਆਏ। ਫੇਰ ਜਵਾਬ ਆਉਣੋਂ ਬੰਦ ਹੋ

ਗਏ। ਦਿਲਦਾਰ ਦੇ ਇਸ਼ਕ ਦੀਆਂ ਯਾਦਾਂ ਦਾ ਨਸ਼ਾ ਕੁਝ ਸਾਲ ਕੁਝ ਸਰੂਰ ਦਿੰਦਾ ਰਿਹਾ, ਪਰ ਫੇਰ ਇਹ ਸਰੂਰ ਵੀ ਅਲੋਪ ਹੋ ਗਿਆ। ਜੀਵਨ ਵਿਚ ਖਾਲੀ-ਪਣ ਮਹਿਸੂਸ ਹੋਣ ਲੱਗਾ। ਦਿਨ ਤਾਂ ਦਫਤਰੀ ਰੁਝੇਵਿਆਂ ਵਿਚ ਲੰਘ ਜਾਂਦਾ, ਪਰ ਰਾਤਾਂ ਦੀ ਇਕੱਲ ਬਹੁਤ ਸਤਾਉਂਦੀ। ਜਿਉਂ ਜਿਉਂ ਉਮਰ ਵਡੇਰੀ ਹੋ ਰਹੀ ਸੀ, ਪਿਆਰ ਭਰੇ ਸਾਥ ਦੀ ਘਾਟ ਬਹੁਤ ਸਤਾਉਂਦੀ। ਇਹ ਵੀ ਖਿਆਲ ਆਉਂਦਾ, ਐਵੇਂ ਆਪਣੇ ਆਪ ਨੂੰ ਅਕਲ ਮੰਦ ਸਮਝਦੀ ਰਹੀ। ਰਵਾਇਤ ਤੋਂ ਹਟਕੇ ਜੀਊਣ ਦੀ ਇੱਛਾ ਪੁਗਾਉਂਦੀ ਰਹੀ। ਇਹ ਠੀਕ ਹੈ, ਦਿਲਦਾਰ ਵਰਗਾ ਭਰਪੂਰ ਪ੍ਰੇਮੀ ਮਿਲਿਆ, ਪਰ ਇਸ਼ਕ ਦੀ ਦੌਲਤ ਨੇ ਮੈਨੂੰ ਕਿੰਨਾ ਕੁ ਮਾਲਾ-ਮਾਲ ਕੀਤਾ ? ਇਸ਼ਕ ਦਾ ਨਸ਼ਾ ਤਾਂ ਦੋ ਸਾਲ ਨਾ ਨਿਭਿਆ। ਸੋਨੇ ਰੰਗੀ ਦੇਹ ਬਰਬਾਦ ਕਰ ਲਈ। ਮੇਰੇ ਭਰਾ ਤੇ ਭਰਜਾਈਆਂ ਆਪਣੇ ਆਪਣੇ ਪਰਿਵਾਰਾਂ ਵਿਚ ਖੁਸ਼ ਹਨ। ਮੈਂ ਇੱਥੇ ਇਕੱਲੀ ਸੜ ਰਹੀ ਆਂ। ਕੀ ਦਿਲਦਾਰ ਨੂੰ ਮੇਰੀ ਯਾਦ ਨਹੀਂ ਆਉਂਦੀ ? ਭੈੜਾ ਉਹ ਹੀ ਸਾਲ ਵਿਚ ਕੁਝ ਦਿਨ ਮੇਰੇ ਨਾਲ ਗੁਜ਼ਾਰ ਲਿਆ ਕਰੇ। ਜਾਂ ਮੈਨੂੰ ਬੰਬਈ ਬੁਲਾ ਲਿਆ ਕਰੇ।

ਜਦੋਂ ਉਮਰ ਪੈਂਤੀ ਸਾਲ ਨੂੰ ਟੱਪ ਗਈ, ਤਾਂ ਰਾਤਾਂ ਨੂੰ ਮੇਰਾ ਰੋਣ ਨਿਕਲ ਜਾਂਦਾ। ਨੀਂਦ ਨਾ ਆਉਂਦੀ, ਨੀਂਦ ਲਿਆਉਣ ਲਈ ਪਹਿਲਾਂ ਕਾਂਪੋਜ਼ ਦੀ ਗੋਲੀ ਖਾਣੀ ਸ਼ੁਰੂ ਕੀਤੀ। ਫੇਰ, ਵ੍ਹਿਸਕੀ ਦਾ ਪੈਂਗ ਲੈਣਾ ਸ਼ੁਰੂ ਕੀਤਾ।

ਕਈ ਸਾਲਾਂ ਬਾਅਦ ਹੌਸਲਾ ਕਰਕੇ ਨਾਰੀ ਨਿਕੇਤਨ ਗਈ। ਕੌਂਪਲ ਨੂੰ ਗੋਦ ਲੈ ਲਿਆ। ਕੌਂਪਲ ਉਜਾੜ ਬਣ ਰਹੇ ਜੀਵਨ ਵਿਚ ਸਦਾ-ਬਹਾਰ ਕਲੀ ਬਣਕੇ ਆਈ।

ਹੁਣ ਇਹ ਮਾਥਰ ਆਇਐ ਹੈ, ਨਰ-ਨਾਰੀ ਸੰਸਾਰ ਦਾ ਇਕ ਨਵਾਂ ਝਰੋਖਾ। ਦਸਾਂ ਸਾਲਾਂ ਬਾਅਦ ਪਹਿਲਾ ਪੁਰਖ ਹੈ, ਜਿਸ ਬਾਰੇ ਸੋਚਣਾ ਤੇ ਉਸਦੇ ਦਰਦ ਨੂੰ ਸਮਝਣਾ ਚੰਗਾ ਲੱਗਾ ਹੈ।

ਸੀਨੀਅਰ-ਜੂਨੀਅਰ ਅਫਸਰ ਹੋਣ ਦਾ ਪ੍ਰੋਟੋਕੋਲ ਛੱਡਕੇ ਮੈਂ ਇਕ ਸਵੇਰ ਚਾਹ ਦਾ ਪਿਆਲਾ ਚੁੱਕ ਕੇ ਉਸ ਵਾਲੇ ਵਰਾਂਡੇ ਵਿਚ ਚਲੀ ਗਈ। ਮੈਨੂੰ ਦੇਖ ਕੇ ਖੁਸ਼ ਹੋ ਗਏ। ਕਿਸੇ ਪੰਜਾਬੀ ਪਾਸੋਂ ਨਵਾਂ ਸੁਣਿਆ ਪੰਜਾਬੀ ਮੁਹਾਵਰਾ ਬੋਲੇ, "ਆਪ ਕੇ ਆਨੇ ਸੇ ਮੇਰੇ ਘਰ ਨੂੰ ਭਾਗ ਲੱਗ ਗਏ।"

ਬੈਠੇ, ਤਾਂ ਮੈਂ ਕਿਹਾ, ਤੁਸੀਂ ਨਾਟਕ ਬਹੁਤ ਦਿਲ ਦੀਆਂ ਗਹਿਰਾਈਆਂ ਵਿਚੋਂ ਲਿਖਿਆ।

"ਮੈਡਮ ਸੰਵੇਦਨਾ ! ਵੁਹ ਮੇਰੀ ਖੁਦ ਕੀ ਕਹਾਨੀ ਥੀ। ਮੈਂ ਨੇ ਖੁਦ ਕਾ ਦਰਦ ਅਲਫਾਜ਼ ਵਿਚ ਕਹਨੇ ਕੀ ਕੋਸ਼ਸ਼ ਕੀ ਥੀ ?"

"ਤੁਹਾਡੀ ਪਤਨੀ ਸੱਚ ਮੁੱਚ ਇਤਨੀ ਨਿਰਦਈ ਥੀ?"

"ਭਗਵਾਨ ਨੇ ਤਨ ਤੋ ਰਕਤ-ਮਾਸ਼ ਦਾ ਹੀ ਬਨਾਇਆ ਥਾ, ਪਰ ਮਨ ਪੱਥਰ ਕਾ ਬਨਾ ਦੀਆ ਥਾ। ਸੁੰਦਰ ਤੋ ਥੀ ਹੀ, ਬਹੁਤ ਪੜ੍ਹੀ ਲਿਖੀ ਭੀ ਥੀ। ਜਬ ਸ਼ਾਦੀ ਹੂਈ ਤੋ ਕਾਲਿਜ ਵਿਚ ਲੈਕਚਰਾਰ ਥੀ ਰਾਜਨੀਤੀ ਸ਼ਾਸਤਰ ਕੀ। ਜੱਬ ਤਲਾਕ ਹੂਆ ਤੋ ਪ੍ਰਿੰਸੀਪਲ ਬਨ ਗਈ ਥੀ, ਇੰਟਰਮੀਡੀਏਟ ਕਾਲਿਜ ਕੀ। ਲੇਕਿਨ ਅਕਲ ਨਹੀਂ ਥੀ। ਬਾਤ ਕਰਨੇ ਕੀ ਤਮੀਜ਼ ਵੀ ਨਹੀਂ ਥੀ। ਸ਼ਾਦੀ ਕੇ ਸ਼ੁਰੂ ਦੇ ਦਿਨੋਂ ਮੇਂ ਹੀ ਯੇਹ ਬਾਤ ਜ਼ਾਹਰ ਹੋ ਗਈ ਸੀ। ਮੇਰੀ ਬਦਕਿਸਮਤੀ ਯੇਹ ਥੀ ਕਿ ਮੇਰੇ ਮਨ ਮੇਂ ਪ੍ਰੇਮ ਕੀ ਬਹੁਤ ਜ਼ਿਆਦਾ ਭੂਖ-ਪਿਆਸ ਸੀ। ਸ਼ਾਇਦ ਕਈ ਜਨਮ ਕਾ ਹੀ ਭੂਖਾ ਹੂੰ। ਨਈ ਨਈ ਸ਼ਾਦੀ ਮੇਂ ਛੋਟੇ ਛੋਟੇ ਛਿਨੋਂ ਪਰ ਭੀ ਪ੍ਰੇਮ ਉਮਰਤਾ ਹੈ। ਸਵੇਰੇ ਸਵੇਰੇ ਬਿਸਤਰੇ ਮੇਂ ਸਾਥ ਸੋਈ ਪੜੀ ਪਤਨੀ ਕੋ ਮੈਂ ਨੇ ਇਕ ਦਿਨ ਪਿਆਰ ਸੇ ਸਹਿਲਾਇਆ। ਪਤਾ ਹੈ, ਕਿਆ ਬੋਲੀ- ਮੇਰੀ ਨੀਂਦ ਨਾ ਖਰਾਬ ਕਰੇਂ ਆਪ। ਫਿਰ ਕਭੀ ਮੁਝੇ ਐਸੇ ਹਾਥ ਨਹੀਂ ਲਗਾਨਾ। ਮੈਂ ਤੋ ਹੈਰਾਨ ਰਹਿ ਗਿਆ। ਨਈ ਨਈ ਸ਼ਾਦੀ ਕੈ ਬਾਅਦ ਸ਼ਾਦੀ-ਸ਼ੁਦਾ ਦੋਸਤ ਦਾਅਵਤੇਂ ਦੇ ਰਹੇ ਥੇ। ਪਹਿਲੀ ਹੀ ਦਾਅਵਤ ਪਰ ਗਏ ਥੇ। ਮੇਜ਼ਬਾਨ ਜੋੜੇ ਨੇ ਬੜੇ ਪ੍ਰੇਮ ਸੇ ਕਈ ਵਸਤੂਏਂ ਬਨਾਈ ਥੀਂ। ਸ੍ਰੀਮਤੀ ਜੀ ਮੇਜ਼ ਪਰ ਜਾਤੀ ਹੀ ਬੋਲੀ, ਫਲਾਂ ਫਲਾਂ ਚੀਜ਼ ਮੈਂ ਨਹੀਂ ਖਾਤੀ। ਇਨੇ ਮੇਜ਼ ਸੇ ਹਟਾ ਲੋ।"



"ਕਹਿਤੇ ਹੈਂ, ਨਾਰੀ ਕਾ ਸਭ ਸੇ ਮੀਠਾ-ਰੂਪ ਉਨ ਦਿਨੋਂ ਜ਼ਾਹਰ ਹੋਤਾ ਹੈ, ਜੱਬ ਵੁਹ ਪਹਿਲੇ ਬੱਚੇ ਕੀ ਮਾਂ ਬਨਤੀ ਹੈ। ਮੇਰੀ ਬੀਵੀ ਨੇ ਸ਼ਾਦੀ ਕੇ ਦੋ ਸਾਲ ਬਾਅਦ ਪੁੱਤ੍ਰ ਕੋਂ ਜਨਮ ਦੀਆ। ਉਸ ਕੀ ਛਾਤੀ ਭਾਰੀ ਥੀ। ਬੱਚੇ ਕੋ ਦੂਧ ਖੂਬ ਦੀਆ। ਦੂਧ ਦੇਤੇ ਵਕਤ ਬੱਚੇ ਕੋ ਖੂਬ ਚੂਮਤੀ ਚਾਟਤੀ। ਲੇਕਿਨ ਬਾਅਦ ਮੇਂ ਉਸੇ ਲਾਡ-ਪਿਆਰ ਕਰਨਾ ਭੂਲ ਜਾਤੀ। ਛੋਟਾ ਬੱਚਾ ਰਾਤ ਕੋ ਨੈਪੀ ਭੀਗ ਜਾਨੇ ਪਰ ਜਾਂ ਭੂਕ ਲਗਨੇ ਪਰ ਅਕਸਰ ਰੋ ਪੜ੍ਹਤਾ ਹੈ, ਲੇਕਿਨ ਉਸ ਨੇ ਰਾਤ ਕੋ ਰੋਤੇ ਬੱਚੇ ਕੀ ਕਭੀ ਪ੍ਰਵਾਹ ਨਹੀਂ ਕੀ। ਮੈਂ ਹੀ ਨੈਪੀ ਬਦਲਤਾ। ਬੋਤਲ ਦਾ ਦੂਧ ਹਮਨੇ ਸ਼ੁਰੂ ਸੇ ਲਗਾਇਆ ਨਹੀਂ ਥਾ। ਸੋ, ਦੂਧ ਦੀਏ ਬਿਨਾ ਰਾਤ ਕੋ ਰੋਤੇ ਬੱਚੇ ਕੋ ਉਠਾਏ ਮੈ ਇਧਰ-ਊਧਰ ਘੂਮਤਾ, ਤਾਂ ਕਿ ਵੁਹ ਫਿਰ ਸੋ ਜਾਏ। ਯਹਾਂ ਤਕ ਮੁਝੇ ਯਾਦ ਹੈ, ਰਾਤ ਕੇ ਵਕਤ ਰੋਤੇ ਬੱਚੇ ਕੀ ਆਵਾਜ਼ ਮੇਰੀ ਬੀਵੀ ਨੇ ਕਭੀ ਨਹੀਂ ਸੁਨੀ। ਅਸਲ ਮੇਂ ਬੱਚੇ ਕੋ ਪਾਲਾ ਹੀ ਮੈਂ ਨੇ। ਇਸੀ ਲੀਏ ਜੱਬ ਤਲਾਕ ਪਰ ਬੱਚਾ ਮੁਝ ਸੇ ਛਿਨ ਗਿਆ, ਤੋ ਮੈਂ ਕੁਝ ਅਰਸੇ ਕੇ ਲੀਏ ਪਾਗਲ ਸਾ ਹੋ ਗਿਆ।"

"ਮਾਥਰ ਸਾਹਿਬ ! ਏਕ ਮਨੋਵਿਗਿਆਨਕ ਬਾਤ ਪੂਛਨੇ ਕੀ ਗੁਸਤਾਖੀ ਕਰ ਰਹੀ ਹੂੰ ? ਵਾਜ਼ ਸੀ ਗਿਜਿਡ ਸੈਕਸੂਅਲੀ ? ਕਯਾ ਵੁਹ ਬਿਸਤਰੇ ਮੇਂ ਠੰਡੀ ਔਰਤ ਸੀ ?"

"ਨਹੀਂ । ਨਹੀਂ। ਮੈਡਮ ਸੰਵੇਦਨਾ ! ਸਿਤਮਜ਼ਰੀਫ਼ੀ ਯੇਹ ਹੈ, ਯੌਨ-ਕਾਰਯ ਮੇਂ ਵੁਹ ਬਹੁਤ ਤੇਜ਼ ਥੀ। ਅਗਰ ਮੈਂ ਪਹਿਲੇ ਬੱਚੇ ਕੇ ਬਾਅਦ ਸੰਭਲ ਨਾ ਜਾਤਾ, ਤੋ ਸ਼ਾਇਦ ਦੋ ਤੀਨ ਬੱਚੇ ਔਰ ਪੈਦਾ ਹੋ ਜਾਤੇ। ਲੇਕਿਨ ਇਸ ਮਾਮਲੇ ਮੇਂ ਉਸ ਕਾ ਵਿਵਹਾਰ ਪਸ਼ੂ-ਪੰਛੀਉਂ ਜੈਸਾ ਥਾ। ਪਸ਼ੂ-ਪੰਛੀ ਸੈਕਸ ਕੀ ਇੱਛਾ ਸੇ ਨਜ਼ਦੀਕ ਆਤੇ ਹੈ। ਨਹੀਂ ਤੋ ਦੂਰ ਰਹਿਤੇ ਹੈਂ। ਨਰ-ਨਾਰੀ ਪਿਆਰ ਕੀ ਇੱਛਾ ਸੇ ਨਜ਼ਦੀਕ ਆਤੇ ਹੈਂ। ਵਹੁ ਬਹੁਤ ਦਿਨੋਂ ਤਕ ਅਜਨਬੀ ਰਹਿਤੀ। ਜੱਬ ਸੈਕਸ ਜਾਗਤਾ, ਤਾਂ ਬੇਕਾਬੂ ਹੋ ਜਾਤੀ। ਮਨੁਸ਼ ਨੇ ਤਨ ਸੇ ਮਨ ਤਕ ਦਾ ਫਾਸਲਾ ਤੈਅ ਕੀਆ ਹੈ। ਵੁਹ ਔਰਤ ਤਨ ਕੇ ਪੜ੍ਹਾਉ ਪਰ ਹੀ ਖੜ੍ਹੀ ਥੀ।"

ਮਾਥਰ ਸਾਹਿਬ ਗੱਲ ਕਰਦੇ ਕਰਦੇ ਰੁਕ ਗਏ। ਪੁਰਾਣੀਆਂ ਯਾਦਾਂ ਵਿਚ ਗੁੰਮ ਗਏ। ਮੈਂ ਉਠਣ ਦੀ ਆਗਿਆ ਮੰਗੀ। ਬੋਲੇ ਨਹੀਂ ਚੁੱਪ ਰਹੇ। ਫੇਰ ਅਚਾਨਕ ਬੋਲੇ-

"ਮੈਡਮ ਸੰਵੇਦਨਾ ! ਬਾਤ ਜ਼ਰਾ ਅਸ਼ਲੀਲ ਹੈ। ਮੈਂ ਨੇ ਕਿਸੀ ਕੋ ਬਤਾਈ ਨਹੀਂ। ਆਜ ਜ਼ਬਾਨ ਪਰ ਆ ਰਹੀ ਐ। ਪਹਿਲੀ ਰਾਤ ਕੀ ਬਾਤ ਹੈ। ਪਹਿਲੇ ਯੌਨ-ਕਾਰਯ਼ ਕੇ ਬਾਅਦ ਨਾਰੀ ਕੁਛ ਪੀੜ੍ਹਾ ਸੇ ਔਰ ਕੁਝ ਨਏ ਆਨੰਦ ਕੀ ਅਨੁਭੂਤੀ ਸੇ ਖਾਮੋਸ਼ ਹੋ ਜਾਤੀ ਹੈ। ਸ਼ਰਮਸਾਰ ਭੀ। ਖੁਸ਼ ਭੀ। ਲੇਕਿਨ ਉਸ ਔਰਤ ਨੇ ਉਸ ਰਾਤ ਅਜੀਬ ਵਿਵਹਾਰ ਕੀਆ। ਭੀਗਾ ਕੱਪੜਾ ਬਿਸਤਰੇ ਸੇ ਉਠਾਇਆ, ਜੈਸੇ ਕੋਈ ਪਰਚਮ ਲਹਿਰਾ ਰਾਹ ਹੋ। ਦੇਖੋ ! ਮਾਥਰ ਸਾਹਿਬ ਖੂਨ ਕੇ ਨਿਸ਼ਾਨ। ਮੇਰੇ ਕੰਵਾਰੇ ਹੋਨੇ ਕਾ ਸਬੂਤ। ਇਸੇ ਸੰਭਾਲ ਕੇ ਰੱਖੋਂ। ਉਸ ਬੇਵਕੂਫ਼ ਔਰਤ ਨੇ ਵੁਹ ਕੱਪੜਾ ਮੇਰੇ ਪਾਉਂ ਮੈਂ ਫੈਂਕ ਦੀਆ, ਔਰ ਖੁਦ ਖੀ ਖੀ ਕਰ ਹੰਸੀ। ਉਸ ਕੀ ਯੇਹ ਵਲ਼ਗੈਰਿਟੀ ਉਸ ਕੇ ਕਠੋਰ ਚਰਿਤਰ ਕਾ ਸਦੀਵ ਚਿਹਨ ਬਨ ਗਈ।"

ਮਾਥਰ ਦੇ ਨਾਟਕ ਵਾਂਗ ਹੀ ਉਸਦੀਆਂ ਖੁਦ ਸੁਣਾਈਆਂ ਗੱਲਾਂ ਮੇਰੇ ਖਿਆਲਾਂ ਵਿਚ ਕਈ ਦਿਨ ਤਕ ਛਾਈਆਂ ਰਹੀਆਂ। ਮੈਨੂੰ ਉਸ ਨਾਲ ਹਮਦਰਦੀ ਹੀ ਨਹੀਂ, ਲਗਾਉ ਮਹਿਸੂਸ ਹੋਣ ਲੱਗ ਪਿਆ ਸੀ। ਪਰ ਇਹ ਪ੍ਰਸ਼ਨ ਵੀ ਸਿਰ ਚੁੱਕ ਰਿਹਾ ਸੀ- ਕੀ ਮਾਥਰ ਨੇ ਸਭ ਕੁਝ ਸੱਚ ਦੱਸਿਆ ਸੀ ? ਆਪਣੇ ਆਪ ਨੂੰ ਪੀੜਤ-ਪਾਤਰ ਸਿੱਧ ਕਰਨ ਲਈ ਆਪਣੀ ਮਾਸੂਮੀਅਤ ਤੇ ਪਤਨੀ ਦੀ ਅਸੱਭਿਅਤਾ ਵਧਾ-ਚੜ੍ਹਾਕੇ ਤਾਂ ਨਹੀਂ ਸੀ ਦੱਸ ਰਿਹਾ ? ਕੀ ਦੋਨਾਂ ਦੀ ਅਣਬਣ ਦਾ ਕਾਰਨ ਕੋਈ ਐਸੇ ਕੰਪਲੈਕਸਜ਼ ਤਾਂ ਨਹੀਂ ਸਨ, ਜਿਨ੍ਹਾਂ ਦਾ ਮਾਥਰ ਖੁਦ ਸ਼ਿਕਾਰ ਸੀ ?

ਤਾਂ ਵੀ ਉਸ ਦਾ ਖਿਆਲ ਮੈਨੂੰ ਘੇਰੀ ਬੈਠਾ ਹੈ। ਮੈਂ ਉਸਦੀ ਖਿੱਚ ਮਹਿਸੂਸ ਕਰ ਰਹੀ ਆਂ।

[406, ਮੋਤਾ ਸਿੰਘ ਨਗਰ, ਜਲੰਧਰ]

# ਆਪਣਾ ਕਮਰਾ

## ਸਰੂਪ ਸਿਆਲਵੀ

"ਲੈ... ਤੂੰ ਈ ਬੈਠ ਚੌੜਾ ਹੋ ਕੇ... ਮੈਂ ਈ ਉਠ ਕੇ ਚਲੇ ਜਾਂਦਾ ਆਂ...." ਬਾਪੂ ਛੋਟੇ ਦੇ ਘਰੋਂ ਆ ਕੇ, ਮੇਰੇ ਸਾਹਮਣੇ ਦੀਵਾਨ 'ਤੇ ਆਣ ਬੈਠਾ ਹੈ। ਮੈਂ ਆਪਣੇ ਕਮਰੇ ਵਿਚ ਬੈਠਾ ਪੜ੍ਹ-ਲਿਖ ਰਿਹਾ ਹਾਂ। ਹੁਣ ਤਕ ਇਸ ਕਮਰੇ ਵਿਚ, ਮੇਰੇ ਲੜਕੇ ਤੇਜ ਨੇ ਸਟੀਰਿਓ ਲਾ ਰੱਖਿਆ ਸੀ। ਉਹ ਫੈਕਟਰੀ ਨੂੰ ਜਾਣ ਲਈ ਤਿਆਰ ਹੁੰਦਿਆਂ, ਕੈਸਟਾਂ ਬਦਲਦਾ, ਗੀਤਾਂ ਦੇ ਨਾਲ-ਨਾਲ ਗੁਣ-ਗੁਣਾਂਦਾ ਰਹਿੰਦਾ ਹੈ। ਉਹਨੂੰ ਉਚੀ ਆਵਾਜ਼ ਵਿਚ ਸਟੀਰਿਓ ਲਾਉਣ ਤੋਂ ਰੋਕਿਆ ਨਹੀਂ ਜਾ ਸਕਦਾ, ਉਹ ਫੈਕਟਰੀ ਵਿਚ ਕੰਮ ਕਰਨ ਦੇ ਨਾਲ-ਨਾਲ ਗਾਉਣ ਦਾ ਸ਼ੌਕ ਵੀ ਰੱਖਦਾ ਹੈ।

ਘਰ ਦੇ ਇਕ ਪਾਸੇ ਵੱਲ ਹੋਣ ਕਰਕੇ, ਮੈਂ ਇਹ ਕਮਰਾ, ਉਚੇਚਾ ਆਪਣੇ ਲਈ ਸਟੱਡੀ ਰੂਮ ਬਣਵਾਇਆ ਸੀ। ਤੇ ਇਸ ਕਮਰੇ ਵਿਚ ਮੇਰਾ ਬੁਕ-ਰੈਕ ਤੇ ਪੁਸਤਕਾਂ ਦੀ ਆਲਮਾਰੀ ਹੋਣ ਕਰਕੇ, ਮੈਂ ਵੀ ਵਧੇਰੇ ਕਰਕੇ ਇਸ ਕਮਰੇ ਵਿਚ ਬੈਠਣਾ ਪਸੰਦ ਕਰਦਾ ਹਾਂ। ਭਾਵੇਂ ਸਵੇਰੇ ਉਠਕੇ ਪੜ੍ਹਦਾ-ਲਿਖਦਾ ਰਹਿਣ ਕਰਕੇ, ਛੇਤੀ ਵਿਚ ਕਾਲਿਜ ਜਾਣ ਲਈ ਤਿਆਰ ਹੁੰਦੇ ਨੂੰ ਵੇਖਕੇ, ਮੇਰੀ ਪਤਨੀ ਕਹਿੰਦੀ ਰਹਿੰਦੀ ਹੈ- "ਤੁਸੀਂ ਸਵੇਰੇ ਪੜ੍ਹਨਾ-ਲਿਖਣਾ ਛੱਡ ਕੇ ਆਰਾਮ ਨਾਲ ਤਿਆਰ ਹੋ ਜਾਇਆ ਕਰੋ... ਫੇਰ ਤੁਸੀਂ ਸਾਨੂੰ ਸਾਰਿਆਂ ਨੂੰ ਨੱਸ-ਭੱਜ ਪਾ ਦਿੰਦੇ ਓ... 'ਮੇਰੇ ਕਿਹੜੇ ਕਪੜੇ ਪ੍ਰੈਸ ਕੀਤੇ ਨੇ... ਮੇਰੇ ਬੂਟ ਪਾਲਿਸ਼ ਕੀਤੇ ਨੇ ਜਾ ਨਹੀਂ ?....' ਪਰ ਮੈਨੂੰ ਛੇਤੀ ਵਿਚ ਹੀ, ਬੁਰਸ਼ ਕਰਕੇ, ਨਹਾ ਕੇ, ਤਿਆਰ ਹੋਣਾ ਚੰਗਾ ਲਗਦਾ ਹੈ। ਜਿਵੇਂ ਮੈਂ ਸਮੇਂ ਦੀ ਸੁਯੋਗ ਵਰਤੋਂ ਕਰ ਰਿਹਾ ਹੋਵਾਂ।

ਅੱਜ ਜਿਵੇਂ ਬਾਪੂ ਨਿਮੋਝੂਣਾ ਹੋ ਕੇ ਆਣ ਬੈਠਾ ਹੈ ਤੇ ਦੁਖੀ ਹੋ ਕੇ ਗੁੱਸੇ ਵਿਚ, ਛੋਟੇ ਨੂੰ ਆਖੀ ਗੱਲ ਦੁਹਰਾਈ ਜਾ ਰਿਹਾ ਹੈ- "ਲੈ... ਤੂੰ ਹੀ ਬੈਠ ਚੌੜਾ ਹੋ ਕੇ... ਮੈਂ ਈ ਉਠ ਕੇ ਚਲੇ ਜਾਂਦਾ ਆਂ..." ਪਰ ਅੱਗੇ ਬਾਪੂ ਬੜੇ ਨਾਟਕੀ ਢੰਗ ਨਾਲ ਆਉਂਦਾ ਹੁੰਦਾ ਸੀ। ਉਹਨੇ ਬਾਹਰ ਖੜ੍ਹ ਕੇ ਛੋਟੀ ਕੁੜੀ ਨੂੰ ਆਵਾਜ਼ ਮਾਰਨੀ "...ਸੋਨੂੰ..." ਫੇਰ ਬੋਲੇ ਹੋ ਰਹੇ ਕੰਨ ਲਾ ਕੇ, ਘਰ ਦੇ ਕਿਸੇ ਜੀਅ ਦੀ ਉਹਨੂੰ ਅੰਦਰ ਬੁਲਾਉਣ ਲਈ ਮਾਰੀ ਗਈ ਆਵਾਜ਼ ਨੂੰ ਧਿਆਨ ਨਾਲ ਸੁਣਦੇ ਰਹਿਣਾ ਤੇ ਵੇਖਣਾ ਕਿ ਮੇਰੀ ਪਤਨੀ ਕਿਸ ਕਮਰੇ ਵਿਚ ਹੈ। ਕਿਉਂਕਿ ਮੇਰੀ ਪਤਨੀ ਉਹਦੇ ਆਉਂਦਿਆਂ ਹੀ, ਘੁੰਡ ਕੱਢ ਕੇ ਬਾਹਰ ਨਿਕਲ ਜਾਂਦੀ। ਇਸ ਲਈ ਉਹਦੀ ਕੋਸ਼ਿਸ਼ ਦੂਸਰੇ ਕਮਰੇ ਵਿਚ ਜਾ ਕੇ ਬਹਿਣ ਦੀ ਹੁੰਦੀ... ਪਰ ਜੇਕਰ ਕੋਈ ਉਹਦੀ ਹਾਕ ਸਟੋਵ, ਪੱਖੇ ਜਾਂ ਟੀ. ਵੀ. ਦੀ ਉਚੀ ਆਵਾਜ਼ ਕਰਕੇ ਨਾ ਸੁਣ ਸਕਦਾ ਤਾਂ ਉਹ ਬਾਹਰਲੇ ਕਮਰੇ ਵਿਚੋਂ ਅਖਬਾਰ ਚੁੱਕ ਕੇ ਉਦਾਸਿਆ ਜਿਹਾ ਮੁੜ ਜਾਂਦਾ। ਜੇ ਮੈਂ ਉਹਨੂੰ ਮੁੜਦੇ ਨੂੰ ਵੇਖ ਲੈਂਦਾ, ਤਾਂ ਕੁੜੀਆਂ ਨੂੰ ਝਾੜਦਾ ਕਿ ਉਹਨਾਂ ਨੇ ਆਪਣੇ ਬਾਬੇ ਨੂੰ ਬਿਠਾਇਆ ਕਿਉਂ ਨਹੀਂ ? ਪਰ ਵਾਹ ਲਗਦਿਆਂ ਕੁੜੀਆਂ ਬਾਪੂ ਨੂੰ ਬਿਠਾ ਕੇ ਰੋਟੀ, ਚਾਹ ਪੁਛਦੀਆਂ। ਉਹ ਰੋਟੀ ਖਾ ਕੇ ਆਇਆ ਹੁੰਦਾ ਪਰ ਥੋੜ੍ਹੀ ਜਹੀ ਚਾਹ ਸਾਡੇ ਵੱਲ ਪੀਣ ਦੀ, ਜਿਵੇਂ ਪੇਟ ਵਿਚ ਥਾਂ ਰੱਖ ਕੇ ਲਿਆਇਆ ਹੁੰਦਾ। ਮੈਨੂੰ ਉਹ ਕੁੜੀਆਂ ਹੱਥੋਂ ਥੋੜ੍ਹੀ ਜਹੀ ਚਾਹ ਪੀਂਦਾ ਜਾਂ ਖਾਣ ਲਈ ਕੁਝ ਉਚੇਚਾ ਬਣਾਇਆ ਖੀਰ, ਕੜਾਹ, ਸੇਵੀਆਂ ਆਦਿ ਖਾਂਦਾ ... ਡਾਢਾ ਚੰਗਾ ਲਗਦਾ ਅਤੇ ਪੈਨਸ਼ਨ ਮਿਲਣ 'ਤੇ , ਹਾਸਾ-ਠੱਠਾ ਕਰਦਿਆਂ ਪਹਿਲਾਂ ਦਸ, ਫਿਰ ਵੀਹ, ਪੰਜਾਹ ਦੇ ਜਾਂਦਾ।

ਪਰ ਮੇਰੀ ਪਤਨੀ, ਮੇਰੇ ਬਾਪੂ ਦੇ ਆਉਣ 'ਤੇ ਮੱਥੇ ਵੱਟ ਪਾਉਂਦੀ ਰਹਿੰਦੀ ਏ। "ਇਹ ਪੈਨਸ਼ਨ ਲਿਆ ਕੇ ਉਧਰ ਛੋਟੇ ਵੱਲ ਦਿੰਦਾ... ਸਬਜੀ-ਭਾਜੀ, ਫਲ-ਫਰੂਟ ਖਰੀਦ ਕੇ ਉਧਰ ਨੂੰ ਲਿਜਾਂਦਾ ਮੈਂ ਅੱਖੀ ਦੇਖਿਆ ਏ... ਮੈਂ ਨੀ ਇਹਨੂੰ ਆਏ ਨੂੰ ਰੋਟੀ, ਚਾਹ ਦੇਣੀ ..." ਪਰ ਮੈਂ ਘਰ ਵਿਚ ਹੋਰ ਕੁੜੱਤਣ ਨਹੀਂ ਪੈਦਾ ਕਰਨਾ ਚਾਹੁੰਦਾ। (ਮੈਨੂੰ ਪਤੈ, ਇਹ ਬੋਲਣ ਜੋਗੀ ਓ ਏ ... ਸਭ-ਕੁਝ ਕਰੀ ਵੀ ਜਾਣੈ।)



ਤੇ ਘਰ ਦੇ ਇਸ ਰੌਲੇ-ਰੱਪੇ ਕਰਕੇ ਹੀ, ਅੱਜਕੁਲ ਮੈਨੂੰ ਕਾਲਿਜ ਤੋਂ ਗਰਮੀਆਂ ਦੀਆਂ ਛੁੱਟੀਆਂ ਮਿਲੀਆਂ ਹੋਣ ਕਰਕੇ, ਮੈਂ ਘਰ ਦੇ ਇਕ ਪਾਸੇ ਵਾਲੇ ਇਸ ਕਮਰੇ ਵਿਚ ਬਹਿ ਕੇ ਪੜ੍ਹਦਾ-ਲਿਖਦਾ ਰਹਿੰਦਾ ਹਾਂ ਭਾਵੇਂ ਪੀ. ਐਚ. ਡੀ. ਕਰਕੇ ਵੀ, ਮੈਨੂੰ ਪ੍ਰਾਈਵੇਟ ਕਾਲਿਜ ਵਿਚ ਲੈਕਚਰਾਰ ਲੱਗਿਆ ਹੋਣ ਕਰਕੇ, ਤਰੱਕੀ ਮਿਲਣ ਦੀ ਕੋਈ ਉਮੀਦ ਨਹੀਂ ਹੈ। ਫਿਰ ਵੀ ਮੈਂ ਆਪਣੇ ਆਪ ਨੂੰ ਰੁੱਝਿਆ ਰੱਖਣ ਲਈ ਖੋਜ-ਕਾਰਜ ਵਿਚ ਲੱਗਿਆ ਰਹਿੰਦਾ ਹਾਂ।

ਪਰ ਮੇਰੇ ਪੜ੍ਹਨ-ਲਿਖਣ ਦੇ ਕੰਮ ਵਿਚ ਵਾਰ-ਵਾਰ ਵਿਘਨ ਪੈਂਦਾ ਹੈ। ਸ਼ਾਇਦ ਛੋਟੇ ਰਾਹੀਂ ਮਾਨਸਿਕ ਕਸ਼ਟ ਪਹੁੰਚਾਏ ਜਾਣ ਕਰਕੇ ਬਾਪੂ ਨੂੰ ਬਹੁਤੀਓ ਖੰਘ ਛਿੜ ਰਹੀ ਹੈ। ਤੇ ਉਹ ਥੋੜ੍ਹੇ-ਥੋੜ੍ਹੇ ਸਮੇਂ ਬਾਦ ਮੂੰਹ ਵਿਚ ਆਇਆ ਖੰਘਾਰ ਥੁੱਕਣ ਲਈ ਉਠਕੇ ਬਾਹਰ ਨੂੰ ਜਾਂਦਾ ਹੈ। ਮੈਂ ਵੇਖਦਾ ਹਾਂ ਕਿ ਬੰਦੇ ਦੀਆਂ ਸਰੀਰਕ ਸ਼ਕਤੀਆਂ ਖੀਣ ਹੋਣ ਦੇ ਨਾਲ-ਨਾਲ ਉਹਦਾ ਵਸਤੂਆਂ ਪ੍ਰਤੀ ਲਗਾਅ ਵੀ ਘਟਦਾ ਚਲੇ ਜਾਂਦਾ ਹੈ। ਬਾਪੂ ਨੇ ਘਰ ਦੀ ਵੰਡ-ਵੰਡਾਈ ਵਲੇ, ਮੇਰੇ ਨਾਲ ਝਗੜਾ ਕਰਕੇ, ਆਪਣੇ ਹਿੱਸੇ ਦੀ ਵਾਧੂ ਥਾਂ ਵੀ ਛੋਟੇ ਨੂੰ ਦਿਵਾਈ ਸੀ। ਪਰ ਹਾਲ ਦੀ ਘੜੀ ਤਾਂ ਉਹ, ਉਸ ਵਾਧੂ ਥਾਂ ਸਮੇਤ ਸਾਰੇ ਘਰ ਨੂੰ ਹੀ ਛੋਟੇ ਲਈ ਛੱਡ ਕੇ, "ਲੈ... ਤੂੰ ਈ ਬੈਠਾ ਚੌੜਾ ਹੋ ਕੇ ... ਮੈਂ ਈ ਉਠਕੇ ਚਲੇ ਜਾਂਦਾ ਆ ..." ਆਖ, ਮੇਰੇ ਕਮਰੇ ਵਿਚ ਜਾਣ ਬੈਠਾ ਹੈ। ਭਾਵੇਂ ਘਰ ਦੇ ਇਕ ਪਾਸੇ ਵੱਲ ਬਣਾਏ ਇਸ ਕਮਰੇ ਨਾਲ ਲੱਗਦਾ, ਅੰਦਰ ਨੂੰ ਖੁਲ੍ਹਦਾ, ਡਰਾਇੰਗ ਰੂਮ ਕਮ ਬੈੱਡ ਰੂਮ ਲਈ ਵਰਤਿਆ ਜਾਣ ਵਾਲਾ ਵੱਡਾ ਕਮਰਾ ਹੈ। ਤੇ ਅੰਦਰਲੇ ਵਰਾਂਡੇ ਵਿਚ ਖੁਲ੍ਹਦੀ ਰਸੋਈ ਤੇ ਨਾਲ ਲਗਦਾ ਕੁੜੀਆਂ ਦਾ ਕਮਰਾ ਹੈ। ਪਰ ਮੈਂ ਬਾਪੂ ਨੂੰ ਅੰਦਰ ਡਰਾਇੰਗ ਰੂਮ ਵਿਚ ਜਾ ਕੇ ਬਹਿਣ ਲਈ ਵੀ ਨਹੀਂ ਕਹਿ ਸਕਦਾ। ਭਾਵੇਂ ਇਹ ਔਖ ਵੀ ਉਸੇ ਨੇ ਹੀ ਆਪਣੇ ਲਈ ਖੜ੍ਹੀ ਕੀਤੀ ਹੋਈ ਹੈ। ਮੇਰੇ ਵਿਆਹ ਤੋਂ ਬਾਦ ਉਹ ਅੜ ਹੀ ਤਾਂ ਗਿਆ ਸੀ। ਅਖੇ ਸਹੁਰੇ ਕੋਲੋਂ ਨੂੰਹ ਦੀ ਕੋਈ ਸ਼ਰਮ ਹੁੰਦੀ ਹੈ ਤੇ ਉਹ ਮੇਰੀ ਪਤਨੀ ਤੋਂ ਘੁੰਡ ਕਢਵਾ ਕੇ ਹਟਿਆ ਸੀ।

ਪਰ ਇਹ ਗੱਲ ਮੈਨੂੰ ਬਹੁਤ ਬਾਦ ਵਿਚ ਸਮਝ ਆਈ ਕਿ ਮੇਰਾ ਬਾਪੂ ਨਾਲ ਟਕਰਾਅ ਫਜ਼ੂਲ ਸੀ। ਕਿਉਂਕਿ ਬਾਪੂ ਨੇ ਆਪਣੇ ਪਿਉ ਦੀ ਹਰ ਗੱਲ ਮੰਨਣੀ ਹੀ ਹੁੰਦੀ ਸੀ। ਭਾਵੇਂ ਆਪਣੇ ਪਿਉ ਦੀ ਆਖੀ ਗੱਲ ਮੰਨਣ ਵਿਚ, ਉਹਦਾ ਕਿੰਨਾ ਵੀ ਨੁਕਸਾਨ ਕਿਉਂ ਨਾ ਹੁੰਦਾ ਹੋਵੇ।

ਬਾਬੇ ਦੇ ਕਹਿਣ 'ਤੇ, ਬਾਪੂ ਰਾਹੀਂ, ਮੇਰੀ ਪਤਨੀ ਤੋਂ ਘੁੰਡ ਕਢਵਾਉਣ ਦੀ ਤਾਂ ਨਿੱਕੀ ਜਿਹੀ ਗੱਲ ਸੀ, ਉਹ ਤਾਂ ਆਪਣੇ ਪਿਉ ਦੇ ਕਹਿਣ 'ਤੇ ਅਪਣੀ ਮਿਲਟਰੀ ਦੀ ਨਾਇਕੀ ਸਰਵਿਸ ਛੱਡ ਆਇਆ ਸੀ। (ਪਰ ਬਾਪੂ ਨਾਲ ਮੇਰੇ ਟਕਰਾਅ ਦਾ ਛੋਟੇ ਨੂੰ ਫਾਇਦਾ ਹੋਇਆ ਸੀ। ਛੋਟੇ ਦੀ ਬਹੂ ਨੂੰ ਬਾਪੂ ਨੇ ਘੁੰਡ ਨਹੀਂ ਕਢਵਾਇਆ ਸੀ।) ਬਾਪੂ ਦੇ ਅੰਗਰੇਜ਼ ਅਫਸਰ ਜੇ. ਡੀ. ਮੈਲੰਗ, ਜਿਹਦੇ ਨਾਲ ਉਹਨੇ ਦੂਜੇ ਵਿਸ਼ਵ ਯੁੱਧ ਵਿਚ, ਬਰ੍ਹਮਾ ਵਿਖੇ ਜਪਾਨੀਆਂ ਵਿਰੁੱਧ ਲੜਾਈ ਵਿਚ ਵਾਇਰਲੈੱਸ ਉਪਰੇਟਰ ਦੀ ਡਿਊਟੀ ਨਿਭਾਈ ਸੀ; ਨੇ ਜ਼ੋਰ ਦੇ ਕੇ ਆਖਿਆ ਸੀ- "ਟੁਮ ਘਰ ਜਾ ਕਰ ਅਪਨੇ ਭਾਈ ਕੋ ਯਹਾਂ ਲੇ ਆਓ.... ਹਮ ਖੁਦ ਹੌਸਪੀਟਲ ਮੇਂ ਉਸਕਾ ਅੱਛੇ ਸੇ ਅੱਛਾ ਇਲਾਜ ਕਰਵਾਏਗਾ" ਪਰ ਜਦੋਂ ਬਾਪੂ ਨੇ ਆਪਣੇ ਪਿਉ ਦੀ ਚਿੱਠੀ ਵਖਾ ਕੇ ਸਾਬ ਨੂੰ ਮਿਲਟਰੀ ਵਿਚੋਂ ਨਾਂ ਕੱਟਕੇ ਭੇਜਣ ਲਈ ਜ਼ੋਰ ਪਾਇਆ ਸੀ ਤਾਂ ਸਾਬ ਨੇ ਫੇਰ ਕਿਹਾ ਸੀ-"ਅੱਛਾ... ਮੇਰੀ ਬਾਟ ਯਾਦ ਰਖਨਾ ... ਟੁਮ ਪਛਤਾਓਗੇ..."

ਬਾਪੂ ਸਾਨੂੰ ਅਨੇਕਾਂ ਵਾਰ, ਮਿਲਟਰੀ ਵਿਚੋਂ ਆ ਕੇ ਸਾਰਾ ਪੈਸਾ ਆਪਣੇ ਛੋਟੇ ਭਰਾ ਦੀ ਬੀਮਾਰੀ 'ਤੇ ਖਰਚ ਕਰਨ 'ਤੇ ਵੀ, ਘਰ ਦੇ ਕਿਸੇ ਜੀਅ ਵੱਲੋਂ ਕਦਰ ਨਾ ਪਾਉਣ ਦੀਆਂ ਕਹਾਣੀਆਂ ਸੁਣਾਂਦਾ ਰਹਿੰਦਾ। ਪਰ ਉਹ ਆਪਣੇ ਪਿਉ ਨੂੰ ਕਦੇ ਵੀ ਬੁਰਾ ਨਾ ਕਹਿੰਦਾ, ਜਿਸਦੇ ਕਹਿਣ 'ਤੇ ਉਹਨੇ ਮਿਲਟਰੀ ਦੀ ਨੌਕਰੀ ਛੱਡੀ ਸੀ। (ਇਥੇ ਆ ਕੇ ਸੀਰ/ਸੰਪ ਕਰਦਿਆਂ ਭਾਵੇਂ ਫੇਰ ਉਹਨੂੰ ਮਿਲਟਰੀ ਦੀ ਡੀਫੈਂਸ ਸਿਕਿਓਰਟੀ ਕੋਰ ਵਿਚ ਸਿਪਾਹੀ ਭਰਤੀ ਹੋ ਕੇ, ਸਿਪਾਹੀ ਰੈਂਕ ਦੀ ਪੈਨਸ਼ਨ ਲੈ ਕੇ ਆਉਣਾ ਪਿਆ ਸੀ।)

ਮੈਂ ਦੇਖਦਾ ਰਹਿੰਦਾ ਸੀ, ਬਾਪੂ ਕਿੰਨਾ-ਕਿੰਨਾ ਚਿਰ ਬੈਠਾ ਬਾਬੇ ਨਾਲ ਸਲਾਹਾਂ ਕਰਦਾ ਰਹਿੰਦਾ। ਰਿਸ਼ਤੇਦਾਰਾਂ ਦੀਆਂ ਗੱਲਾਂ, ਕਬੀਲਦਾਰੀ ਦੀਆਂ ਗੱਲਾਂ। ਬਾਪੂ ਉਹਦੇ ਦੁਖਦੇ ਗੋਡਿਆਂ 'ਤੇ ਮਲ੍ਹਮ ਲਾ ਕੇ ਮਾਲਸ਼ ਕਰਦਾ ਰਹਿੰਦਾ... ਪਰ ਹੁਣ ਜਦੋਂ ਬਾਪੂ ਸਵੇਰੇ ਆ ਕੇ, ਮੇਰੇ ਕੋਲ ਬੈਠਾ ਰਹਿੰਦਾ ਤੇ ਮੇਰੇ ਪੱਗ ਬੰਨ੍ਹਦੇ ਦੇ ਪੱਗ ਦੇ ਪੇਚਾਂ ਨਾਲ ਨਜ਼ਰ ਘੁਮਾਂਦਾ ਰਹਿੰਦਾ; ਕਿ ਪੱਗ ਬੰਨ੍ਹਣ ਤੋਂ ਬਾਦ ਉਹ ਮੇਰੇ ਨਾਲ ਕੋਈ ਦਿਲ ਦੀ ਗੱਲ ਕਰੇਗਾ। ਪਰ ਮੈਨੂੰ ਜਾਣ ਦੀ ਕਹਾਲ ਹੁੰਦੀ ਹੈ। ਮੈਂ ਬਾਪੂ ਨੂੰ ਰੋਟੀ ਖਾਣ ਲਈ ਸੁਲ੍ਹਾ ਮਾਰਦਾ ਹਾਂ। ਬਾਪੂ ਬੜੀ ਹਲੀਮੀ ਨਾਲ ਬੋਲਦਾ ਹੈ-"ਮੈਂ ਰੋਟੀ ਖਾ ਕੇ ਆਇਆਂ... ਜੇ ਲੋੜ ਹੋਈ ਮੈਂ ਮੰਗ ਕੇ ਖਾ ਲਵਾਂਗਾ... ਮੇਰਾ ਆਪਣਾ ਘਰ ... ਐ... " ਮੈਂ ਝੱਟ ਸੋਨੂੰ ਨੂੰ ਬਾਪੂ ਲਈ ਚਾਹ ਲਿਆਉਣ ਨੂੰ ਕਹਿੰਦਾ ਹਾਂ ਤੇ ਆਪ ਦੁੱਧ ਪੀਣ ਲਈ ਰਸੋਈ ਵਿਚ ਜਾ ਖੜ੍ਹਦਾ ਹਾਂ। ਮੈਨੂੰ ਪਤਾ ਹੁੰਦਾ ਕਿ ਸਵੇਰੇ ਬਾਪੂ ਜੋਗਾ ਦੁਧ ਮੇਰੀ ਪਤਨੀ ਨੇ ਭੇਜਣਾ ਨਹੀਂ, ਉਹ ਸ਼ਾਮ ਨੂੰ ਆਏ ਬਾਪੂ ਲਈ ਦਵਾਈ ਨਾਲ ਪੀਣ ਜੋਗਾ ਦੁੱਧ ਸਪੇਅਰ ਕਰ ਹੀ ਲੈਂਦੀ ਹੈ। ਤੇ ਮੈਂ ਹੌਲੀ-ਹੌਲੀ ਠੰਡੀ ਕਰਕੇ ਚਾਹ ਪੀਂਦੇ ਬਾਪੂ ਨੂੰ ਛੱਡ ਕਾਲਿਜ ਨੂੰ ਚਲੇ ਜਾਂਦਾ ਹਾਂ।

ਹੁਣ ਵੀ ਮੈਨੂੰ ਡਰ ਹੈ ਕਿ ਭਰਿਆ-ਪੀਤਾ ਬੈਠਾ ਬਾਪੂ ਆਪਣੇ ਦੁਖੀ ਜੀਵਨ ਦੀ, ਅਨੇਕਾਂ ਵਾਰ ਸੁਣਾਈ, ਕੋਈ ਕਹਾਣੀ ਨਾ ਛੇੜ ਲਵੇ। ਪਰ ਉਹਨੇ ਕੁਝ ਨਾ ਕੁਝ ਤਾਂ ਬੋਲਣਾ ਈ ਏ। ਉਹ ਮੂੰਹ ਵਿਚਲਾ ਖੰਗਾਰ ਨਿਘਾਰ ਕੇ, ਗਲਾ ਸਾਫ ਕਰਕੇ, ਛੋਟੇ ਦੀ ਪਤਨੀ ਰਾਹੀਂ, ਉਸਨੂੰ ਕਹੀ ਕੁੜਤਣ ਭਰੀ ਗੱਲ ਦੱਸਣ ਲੱਗ ਪਿਆ ਹੈ ਕਿ ਉਹ ਕਹਿੰਦੀ ਏ- "ਤੁਸੀਂ ਜਿੱਥੇ ਮਰਜ਼ੀ ਘੁੰਮੀ ਜਾਓ... ਥੁਆਨੂੰ ਦੱਬਣਾ, ਫੂਕਣਾ ਤਾਂ ਅਸੀਂ ਓ ਐ-" ਉਹ ਹੋਰ ਅਫਸੋਸਿਆ ਮੂੰਹ ਬਣਾ ਕੇ ਆਖਦਾ ਹੈ- "ਭਾਈ... ਦੱਬਣ ਫੂਕਣ ਬਿਨਾਂ ਕੋਈ ਨੀ ਰਹਿੰਦਾ... ਦੱਬ, ਫੂਕ ਤਾਂ ਪਿੰਡ ਵਾਲੇ ਉਹਨੂੰ ਵੀ ਦਿੰਦੇ ਐ... ਜਿਹਦਾ ਕੋਈ ਵੀ ਨੀ ਹੁੰਦਾ -" ਬਾਪੂ ਦੀਆਂ ਗੱਲਾਂ ਸੁਣ ਕੇ, ਮੈਨੂੰ ਛੋਟੇ ਦੀ ਪਤਨੀ 'ਤੇ ਗੁੱਸਾ ਆਉਣਾ ਚਾਹੀਦਾ ਹੈ। ਬਾਪੂ ਮੈਨੂੰ ਇਹ ਗੱਲਾਂ, ਗੁੱਸਾ ਦੁਆਉਣ ਲਈ ਹੀ ਦੱਸ ਰਿਹਾ ਹੈ। ਪਰ ਜੇ ਇਹੀ ਗੱਲਾਂ ਕਰਨ ਕਰਕੇ, ਮੈਂ ਛੋਟੇ ਦੇ ਪਰਿਵਾਰ ਨਾਲ ਲੜਾਂ ਤਾਂ ਉਹ ਕਹਿ ਦੇਣਗੇ ਕਿ ਬਾਪੂ ਨੂੰ ਤੂੰ ਹੀ ਆਪਣੇ ਕੋਲ ਰੱਖ ਲੈ... ਤੇਰਾ ਵੀ ਤਾਂ ਪਿਉ ਲਗਦਾ ਹੈ।.. ਛੋਟਾ ਤਾਂ ਪਹਿਲਾਂ ਹੀ, ਉਹਦੀ ਬਦਲੀ ਦੂਰ-ਦੁਰਾਡਿਓਂ ਘਰ ਦੇ ਨੇੜੇ ਕਰਵਾਉਣ ਕਰਕੇ ਸ਼ਾਮ ਨੂੰ ਦਾਰੂ ਪੀ ਕੇ, ਕਈ ਵਾਰੀ ਮੇਰੇ 'ਤੇ ਗੁੱਸਾ ਲਾਹੁੰਦਾ ਹੈ- "ਘਰ ਤੋਂ ਦੂਰ ਚੰਗੇ - ਭਲੇ ਸੀ... ਨਾ ਕਿਸੇ ਦੀ ਹੈ ਹੈ... ਨਾ ਥੈ ਥੈ... ਇੱਥੇ ਆ ਕੇ ਤਾਂ ਮੈਂ ਨਿੱਤ ਦਾ ਕਲੇਸ਼ ਮੁੱਲ ਲੈ ਲਿਆ-" ਉਹ ਮੇਰੇ ਸਮਝਾਏ ਤੋਂ ਸਮਝਦਾ ਨਹੀਂ... ਇਧਰ ਮੇਰੇ ਘਰ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ। ਫਰਕ ਇੰਨਾ ਹੈ ਕਿ ਛੋਟੇ ਦੀ ਪਤਨੀ ਨੇ ਬਾਪੂ ਨੂੰ ਮੂੰਹ 'ਤੇ ਕਹਿ 'ਤਾ... ਪਰ ਮੇਰੀ ਪਤਨੀ ਪਿੱਠ ਪਿੱਛੇ ਕਹਿੰਦੀ ਏ- "ਸੱਸ ਸਹੁਰੇ ਨੇ ਮੇਰੇ ਨਾਲ ਘੱਟ ਨਹੀਂ ਕੀਤੀਆਂ... ਮੈਂ ਨੀ ਇਹਨਾਂ ਨੂੰ ਰੋਟੀ, ਪਾਣੀ ਦੇ ਸਕਦੀ।" ਹੁਣ ਵੀ ਮੈਂ ਦੇਖਦਾ ਹਾਂ, ਜਦ ਬੇਬੇ ਤੋਂ ਦਾਲ, ਸਬਜੀ ਵਿਚ ਲੂਣ, ਮਿਰਚ ਵੱਧ, ਘੱਟ ਪੈ ਜਾਵੇ, ਜਾਂ ਕੋਈ ਬਾਪੂ ਦੀ ਮਰਜ਼ੀ ਤੋਂ ਉਲਟ ਗੱਲ-ਬਾਤ ਕਰ ਹੋ ਜਾਵੇ, ਤਾਂ ਬਾਪੂ ਬੇਬੇ ਨੂੰ, ਉਹਦੇ ਪਿਉ ਦਾ ਨਾਓਂ ਲੈ ਕੇ, ਉਹਦੀ ਰੰਨ ਦੱਸਦਾ ਹੈ। ਤੇ ਝਈ ਲੈ ਕੇ ਕੁੱਟਣ ਨੂੰ ਜਾਂਦਾ ਹੈ। ਪਰ ਮੈਂ ਉਹਨੂੰ ਰੋਕ ਦਿੰਦਾ ਹਾਂ, "ਆਪੇ ਤੂੰ ਕਹੀ ਜਾਂਦੈ ... ਇਹਨੇ ਸਾਰੀ ਉਮਰ ਦੁਖ ਕੱਟੇ... ਪਹਿਲਾਂ ਇਹਨੇ ਮਤਰੇਈ ਅੱਗੇ ਕੱਟਿਆ... ਤੇ ਫਿਰ ਸੱਸ (ਸਾਡੀ ਦਾਦੀ) ਮਤਰੇਈ ਤੋਂ ਵੀ ਭੈੜਾ ਵਰਤਾਉ ਕਰਦੀ ਰਹੀ।" (ਪਰ ਬਾਪੂ ਆਪਣੇ ਮਾਂ ਪਿਉ ਅੱਗੇ ਬੋਲਦਾ ਨਹੀਂ ਸੀ।) ਮੇਰਾ ਲੜਕਾ, ਤੇਜ ਵੀ ਆਪਣੀ ਮੰਮੀ ਨੂੰ ਸੱਸ, ਸਹੁਰੇ ਦੀ ਬਦਖੋਈ ਕਰਦੀ ਨੂੰ ਸਮਝਾਉਂਦਾ ਹੈ ਕਿ ਕਲ੍ਹ ਨੂੰ ਤੂੰ ਵੀ ਕਿਸੇ ਦੇ ਹੱਥਾਂ ਵੱਲ ਦੇਖਣੈ, ਪਰ ਜਦ ਉਹ ਹਟਦੀ ਓ ਨੀ ਹੈਗੀ, ਫਿਰ ਉਹਨੂੰ ਦੱਸਦਾ ਹੈ- "ਦੇਖ ਦਾਦੀ ਸਾਡੀ ਪਾਗਲ ਹੋ ਕੇ ਮਰੀ, ਅੰਮਾਂ ਦਾ ਪਿਛਲੇ ਸਾਲ ਦਿਮਾਗ ਹਿੱਲ ਗਿਆ ਸੀ, ਉਹ ਹੁਣ ਵੀ ਦਵਾਈ ਖਾਂਦੀ ਹੈ, ਜੇ ਇਦਾਂ ਈ ਲੜਦੀ ਰਹੀ, ਤੇਰਾ ਵੀ ਇਹੀ ਹਾਲ ਹੋਣੈ" ਮੇਰੇ ਲੜਕੇ, ਤੇਜ ਦੇ ਮਹਿਸੂਸ ਕਰਨ ਅਨੁਸਾਰ, ਮੇਰੇ ਘਰ ਦੀ ਹਾਲਤ ਮੇਰੇ ਸਾਹਮਣੇ ਘੁੰਮ ਜਾਂਦੀ ਏ। ਮੈਂ ਆਪਣੇ ਘਰ ਦੀ ਹਾਲਤ ਵੇਖਕੇ ਬਾਪੂ ਨੂੰ ਸਮਝਾਉਂਦਾ ਹਾਂ, "ਬਾਪੂ ! ਪਰਿਵਾਰ ਵਿਚ ਇਕਠੇ ਰਹਿੰਦਿਆਂ



ਇਕ, ਦੂਜੇ ਨੂੰ ਬੋਲ ਹੋ ਈ ਜਾਂਦਾ ਏ।... ਦੱਬਣ-ਫੂਕਣ ਦੀ ਗੱਲ ਤਾਂ ਛੋਟੇ ਦੀ ਪਤਨੀ ਨੇ ਬਹੁਤ ਪਹਿਲਾਂ ਕਹੀ ਸੀ। ਉਦੋਂ ਮੈਂ ਉਹਨੂੰ ਸਮਝਾ ਦਿੱਤਾ ਸੀ। ਫੇਰ ਤਾਂ ਨੀਂ ਉਹ ਕੁਝ ਬੋਲੀ।" ਪਰ ਬਾਪੂ ਮੈਨੂੰ ਇਹ ਗੱਲ ਕਈ ਵਾਰ ਰੜਕਾ ਚੁੱਕਾ ਹੈ।

ਬਾਪੂ ਨੇ ਇਸ ਗੱਲ ਨੂੰ ਦਿਲ 'ਤੇ ਲਾ ਲਿਆ ਹੈ। ਨਹੀਂ ਤਾਂ ਪੜੋਸੀਆ ਦੇ ਬੁੜੇ ਨਾਲ ਇੰਨੀ ਕੁੱਤੇ ਹਾਈ ਹੁੰਦੀ ਹੈ। ਪਿਉ, ਪੁੱਤ ਦਾਰੂ ਪੀ ਕੇ ਝੰਜੂ ਪਾਉਂਦੇ ਹਨ, ਖਿੱਚ-ਧੂਹ ਕਰਦੇ ਹਨ, ਸਵੇਰੇ ਫੇਰ ਇਕੋ ਜਿਹੇ। ਪਰ ਸਾਡਾ ਖੂਨ ਹੀ ਅਜਿਹਾ ਹੈ, ਛੇਤੀ-ਛੇਤੀ ਗੱਲ ਨੂੰ ਦਿਲ 'ਚੋਂ ਕੱਢਦੇ ਨਹੀਂ।

ਹੁਣ ਛੋਟਾ ਅਪਣਾ ਪੁਰਾਣਾ ਮਕਾਨ ਢਾਹ ਕੇ ਨਵਾਂ ਬਣਾ ਰਿਹਾ ਹੈ। ਪਰ ਬੇਬੇ, ਬਾਪੂ ਵਾਲਾ ਕਮਰਾ ਜਿਉਂ ਦਾ ਤਿਉਂ ਹੈ। ਪਰ ਉਹਨਾਂ ਦਾ ਕਮਰਾ ਘਰਦੇ ਸਮਾਨ ਨਾਲ ਲਦਿਆ ਪਿਆ ਹੈ। ਬਾਪੂ ਵੀ, ਹੁਣ ਆਪਣੇ ਆਪ ਨੂੰ ਨਵੇਂ ਬਣ ਰਹੇ ਮਕਾਨ ਦਾ ਮਾਲਕ ਸਮਝਦਿਆਂ, ਮਿਸਤਰੀ ਦੇ ਕੰਮ ਵਿਚ ਨੁਕਸ ਕੱਢਣ ਲੱਗ ਪਿਆ। ਤੇ ਬਾਪੂ ਨੇ ਡੁਲ੍ਹਿਆ ਸੀਮਿੰਟ ਮਿੱਟੀ ਵਿਚ ਰਲਾਉਣ ਤੇ ਮਿੱਟੀ ਵਾਲਾ ਪਾਣੀ ਸੀਮਿੰਟ ਰਲਾਉਣ ਲਈ ਵਰਤਣ 'ਤੇ ਇਕ ਮਜ਼ਦੂਰ ਦੀ ਛੁੱਟੀ ਕਰ ਦਿੱਤੀ। ਜਦੋਂ ਮਜ਼ਦੂਰ ਕੰਮ ਛੱਡ ਕੇ ਤੁਰਨ ਲੱਗਿਆ, ਸਾਰੀ ਲੇਬਰ ਉਹਦੇ ਨਾਲ ਤੁਰ ਪਈ। ਛੋਟਾ ਮੈਨੂੰ ਦੱਸਕੇ ਗਿਆ ਸੀ ਕਿ ਵਾਢੀਆਂ ਦਾ ਜ਼ੋਰ ਹੋਣ ਕਰਕੇ ਲੇਬਰ ਤਾਂ ਪਹਿਲਾਂ ਈ ਨੀ ਮਿਲਦੀ, ਉਹਨੇ ਲੇਬਰ ਨੂੰ ਮਸਾਂ ਮਿੰਨਤ ਤਰਲਾ ਕਰਕੇ ਵਾਪਸ ਬੁਲਾਇਆ ਤੇ ਛੋਟੇ ਨੇ ਗੁੱਸਾ ਬਾਪੂ 'ਤੇ ਲਾਹਿਆ- " ... ਲੈ, ਹੁਣ ਮੈਂ ਬੈਠਾ ਤੇਰੇ ਸਾਹਮਣੇ ... ਕਿਸੇ ਮਜ਼ਦੂਰ ਨੂੰ ਕੁਝ ਬੋਲ ਕੇ ਵਖਾ .... ਮੈਂ ਦੇਖੂੰ ਤੈਨੂੰ -" ਬਾਪੂ ਕੋਲ ਢਿਲਾ ਪੈਣ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਸੀ। "ਮੈਂ ਤਾਂ ਤੇਰੇ ਭਲੇ ਲਈ ਓ ਕਿਹਾ ਸੀ, ਬਈ ਸੀਮਿੰਟ ਨਾ ਡੋਲ੍ਹੀ ਜਾ .... ਜੇ ਤੂੰ ਗੁੱਸੇ ਹੁੰਦਾ, ਮੈਂ ਕਾਹਨੂੰ ਕਹਿਣਾ ਕਿਸੇ ਨੂੰ.... ਲੈ, ਤੂੰ ਈ ਬੈਠ ਚੌੜਾ ਹੋ ਕੇ .... ਮੈਂ ਈ ਉਠ ਕੇ ਚਲੇ ਜਾਂਦਾ ਆਂ"

ਮੈਂ ਵੀ ਹੁਣ ਛੋਟੇ ਨੂੰ ਨਿੱਕੀਆਂ-ਨਿੱਕੀਆਂ ਗੱਲਾਂ ਕੀ ਸਮਝਾਈ ਜਾਵਾਂ। ਜੇ ਉਹਦੇ ਕੋਲੋਂ ਬਾਪੂ ਨੂੰ ਮੰਦਾ-ਫਿੱਕਾ ਬੋਲ ਹੋ ਗਿਆ ਸੀ, ਉਹ ਬਾਪੂ ਨੂੰ ਦੂਜੇ-ਦਿਨ ਆਪ ਬੁਲਾ ਲੈਂਦਾ, ਉਹਦੇ ਮਨ ਦਾ ਗੁੱਸਾ-ਗਿਲਾ ਦੂਰ ਹੋ ਜਾਣਾ ਸੀ। ਪਰ ਛੋਟਾ ਤਾਂ ਆਪਣਾ ਮਕਾਨ ਬਣਾਉਣ ਵਿਚ ਮਸਤ ਸੀ। ਤੇ ਬਾਪੂ ਨੇ ਛੋਟੇ ਵੱਲ ਹਾਜ਼ਰੀ ਖਾ ਕੇ, ਆ ਕੇ ਮੇਰੇ ਕਮਰੇ ਵਿਚ ਬਹਿ ਜਾਣਾ, ਪੈ ਜਾਣਾ, ਖੰਘੀ ਜਾਣਾ ਤੇ ਵਾਰ-ਵਾਰ ਉਠਕੇ ਗਲੀ ਵਿਚ ਨਿਕਲ ਦੇ ਥੁੱਕੀ ਜਾਣਾ।

ਮੈਂ ਪੜ੍ਹਨ-ਲਿਖਣ ਲਈ ਅਪਣੀਆਂ ਪੁਸਤਕਾਂ, ਨੋਟ-ਬੁਕਾਂ ਚੁੱਕ ਕੇ ਡਰਾਇੰਗ ਰੂਮ ਵਿਚ ਜਾ ਬੈਠਦਾ ਹਾਂ। ਤਾਂ ਉੱਥੇ ਮੇਰੀ ਪਤਨੀ ਸ਼ੁਰੂ ਹੋ ਜਾਂਦੀ ਹੈ- "... ਮੈਂ ਕਿਹਾ ਜੀ, ਤੁਸੀਂ ਛੁੱਟੀਆਂ ਐਵੇਂ ਲੰਘਾ ਦੇਣੀਆਂ ਨੇ, ਦੇਖ ਲਓ, ਛੋਟਾ ਮਕਾਨ ਬਣਵਾ ਰਿਹਾ, ਤੁਸੀਂ ਵੀ ਕੋਈ ਮਿਸਤਰੀ ਲੱਭ ਕੇ ਕੁੜੀਆਂ ਦੇ ਬੈਂਡ ਰੂਮ ਦੀ ਲਪਾਈ ਕਰਵਾ ਲੈਂਦੇ... ਤੁਸੀਂ ਕਿਸੇ ਨੂੰ ਪੁੱਛ-ਪੁਛਾ ਕੇ ਕੁੜੀ ਲਈ ਮੁੰਡਾ ਵੇਖ ਲੈਂਦੇ... ਕੁੜੀ ਕੋਠੇ ਜਿੱਡੀ ਹੁੰਦੀ ਜਾਂਦੀ ਏ .... ਤੁਸੀਂ .... ਤੁਸੀਂ .... " ਮੈਂ ਕਿਤਾਬਾਂ, ਕਾਪੀਆਂ ਚੁੱਕ ਮੁੜ ਕੇ ਆ ਕੇ ਆਪਣੇ ਕਮਰੇ ਵਿਚ ਆਣ ਬੈਠਦਾ ਹਾਂ। ਤੇ ਜੇ ਪਤਨੀ ਮੇਰੇ ਕਮਰੇ ਵਿਚ ਆ ਕੇ, ਕੁਝ ਖਰੀਦਣ ਲਈ ਵੀਹ, ਪੰਜਾਹ, ਸੌ ਰੁਪਏ ਮੰਗਦੀ ਏ, ਮੈਂ ਇਹ ਪੁੱਛੇ ਬਿਨਾਂ ਕਿ ਉਹਨੇ ਕੀ ਖਰੀਦਣਾ ਹੈ ਤੇ ਉਹਦੇ ਕੋਲ ਪੈਸੇ ਹਨ ਜਾਂ ਨਹੀਂ, ਉਹਨੂੰ ਵੀ, ਪੰਜਾਹ, ਸੌ ਰੁਪਏ ਦੇ ਦਿੰਦਾ ਹਾਂ। ਤਾਂ ਜੋ ਉਹ ਚਲੀ ਜਾਵੇ ਤੇ ਮੇਰੇ ਪੜ੍ਹਨ-ਲਿਖਣ ਵਿਚ ਬਹੁਤਾ ਵਿਘਨ ਨਾ ਪਾਵੇ।

ਬਾਪੂ ਦੋ ਢਾਈ ਵਜੇ ਉਠਕੇ, ਛੋਟੇ ਵੱਲ ਨੂੰ ਖਾਣਾ ਖਾਣ ਲਈ ਚਲੇ ਜਾਂਦਾ ਹੈ। ਮੈਂ ਉਹਨੂੰ ਰੋਕਣਾ ਚਾਹੁੰਦਿਆਂ ਵੀ ਕਿ 'ਰੋਟੀ ਇਥੇ ਖਾ ਲਵੀਂ' ਉਹਨੂੰ ਰੋਕਦਾ ਨਹੀਂ- ਕਿ ਚਲੋ ਉਹਦੇ ਜਾਣ ਤੋਂ ਬਾਦ ਤਾਂ ਮੈਂ ਆਪਣੇ ਕਮਰੇ ਵਿਚ, ਅਪਣੀ ਮਰਜ਼ੀ ਨਾਲ ਬੈਠ, ਉਠ ਸਕਦਾ ਹਾਂ, ਪੜ੍ਹ-ਲਿਖ ਸਕਦਾ ਹਾਂ। ਪਰ ਗਰਮੀਆਂ ਦੀ ਦੁਪਹਿਰ, ਮੈਂ ਵੀ ਰੋਟੀ ਖਾ ਕੇ ਆਰਾਮ ਕਰਨਾ ਹੁੰਦਾ ਹੈ ਤੇ ਆਰਾਮ ਕਰਨ ਤੋਂ ਬਾਦ ਜਿਉਂ ਹੀ ਮੈਂ ਖੋਜ ਦਾ ਕਾਰਜ ਸ਼ੁਰੂ ਕਰਦਾ ਹਾਂ, ਮੇਰਾ ਲੜਕਾ ਤੇਜ, ਫੈਕਟਰੀ ਤੋਂ ਆ ਕੇ, ਉਚੀ ਆਵਾਜ਼ ਵਿਚ

ਸਟੀਰੀਓ ਆਨ ਕਰ ਦੇਂਦਾ ਏ। ਮੈਨੂੰ ਫੇਰ ਜਾ ਕੇ ਡਰਾਇੰਗ ਰੂਮ ਵਿਚ ਬੈਠਣਾ ਪੈਂਦਾ ਹੈ। ਪਰ ਜੇ ਮੈਨੂੰ, ਮਨ ਵਿਚ ਸੁੱਝੀਆਂ ਕੁਝ ਸਤਰਾਂ ਲਿਖਣੀਆਂ ਰਹਿੰਦੀਆਂ ਹੋਣ, ਤਾਂ ਮੈਂ ਬੈਠਾ ਲਿਖੀ ਜਾਂਦਾ ਹਾਂ। ਤੇ ਮੇਰੇ ਮੁੰਡੇ ਨਾਲ, ਜੇ ਕੋਈ ਗਵਾਂਢੀ ਜਾਂ ਫੈਕਟਰੀ ਵਰਕਰ ਨਾਲ ਆਇਆ ਹੁੰਦਾ ਹੈ ਤਾਂ ਉਹ ਮੈਨੂੰ ਨਿਮਰਤਾ ਵਖਾਉਂਦਿਆਂ ਆਖਦਾ ਹੁੰਦਾ ਹੈ- "ਡੈਡੀ ਜੀ ! ਤੁਸੀਂ ਡਰਾਇੰਗ ਰੂਮ ਵਿਚ ਬਹਿ ਕੇ ਲਿਖ ਲਉ ... ਇਥੇ ਬਹਿ ਕੇ ਅਸੀਂ ਗੱਲਾਂ ਕਰਨੀਆਂ ਨੇ, ਤੁਸੀਂ ਡਿਸਟਰਬ ਹੋਵੋਗੇ" ਪਰ ਮੈਨੂੰ ਜਾਪਦਾ ਹੈ ਜਿਵੇਂ ਉਹ ਮੈਨੂੰ ਰੁਅਬ ਨਾਲ ਕਹਿ ਰਿਹਾ ਹੋਵੇ- "ਡੈਡੀ ਜੀ ! ਹੁਣ ਪੰਜ ਵਜੇ ਤੋਂ ਬਾਦ ਇਹ ਮੇਰਾ ਕਮਰਾ ਹੈ .... ਤੁਸੀਂ ਇਥੋਂ ਉਠੋ" ਪਰ ਜੇ ਉਹਨੇ ਘੁੰਮਣ ਚਲੇ ਜਾਣਾ .... ਮੈਨੂੰ ਪਤਾ ਹੁੰਦਾ .... ਉਹਨੇ ਦੇਰ ਰਾਤ ਨੂੰ ਮੁੜਨਾ ਏ.... ਮੈਂ ਬੈਠਾ ਲਿਖੀ ਜਾਂਦਾ ਹਾਂ। ਤੇ ਉਹਨੇ ਆ ਕੇ ਸੌਣਾ ਇਸੇ ਕਮਰੇ ਵਿਚ ਹੁੰਦਾ ਹੈ।

ਪਰ ਜਿਸ ਦਿਨ ਮੇਰੇ ਲੜਕੇ ਨੇ ਫੈਕਟਰੀ ਤੋਂ ਵੇਲੇ ਸਿਰ ਨਾ ਮੁੜਨਾ ਤਾਂ ਬਾਪੂ ਨੇ ਆ ਕੇ ਮੇਰੇ ਕਮਰੇ ਵਿਚ ਮੇਰੇ ਸਿਰਾਣੇ ਬਹਿ ਜਾਣਾ। ਤੇ ਮੈਨੂੰ ਵਾਰ-ਵਾਰ ਪੁੱਛੀ ਜਾਣਾ - "ਤੇਜ- ਆ.... ਅ.... ਦੱਸ ਕੇ ਨੀ ਗਿਆ ? ...... ਹੁਣ ਤਕ ਆਇਆ ਨੀ, ਮੈਨੂੰ ਫਿਕਰ ਹੋ ਜਾਂਦਾ ਆ ..... ਕੁਝ ਦੱਸ ਤਾਂ ਜਾਇਆ ਕਰੇ ਬਈ ਮੈਂ ਲੇਟ ਆਊਂਗਾ ....."

ਭੋਲਾ ਬਾਪੂ, ਮੈਨੂੰ ਪੁੱਛੀ ਜਾਂਦਾ ਏ- "ਤੇਜ ਕਿਥੇ ਗਿਆ---" ਉਹਨੇ ਜ਼ਿੰਦਗੀ ਵਿਚ ਬਥੇਰੇ ਦੁੱਖ ਤਕਲੀਫ ਕੱਟੇ, ਹੁਣ ਉਹਦਾ ਆਰਾਮ ਕਰਨ ਦਾ ਵੇਲਾ ਏ, ਜਾ ਕੇ ਆਰਾਮ ਕਰੇ। ਮੈਂ ਤਾਂ ਔਖਾ ਹੈ ਈ, ਮੈਂ ਤਾਂ ਭਲਾ ਔਖ ਕੱਟਣੀ ਓ ਏ- ਜੇ ਮੇਰਾ ਮੁੰਡਾ ਦੱਸਕੇ ਜਾਵੇ, ਹੋਰ ਕੀ ਚਾਹੀਦਾ ਏ? ਉਹ ਤਾਂ .... ਜੇ ਉਹਦੀ ਮੰਮੀ ਪੁੱਛਦੀ ਏ ..... ਕਿ ਤੂੰ ਜਿਥੇ ਵੀ ਜਾਣਾ ਹੁੰਦਾ, ਦੱਸ ਕੇ ਜਾਇਆ ਕਰ, ਸਾਨੂੰ ਫਿਕਰ ਹੋ ਜਾਂਦਾ ਏ- ਤਾਂ ਆਖੂ "ਹੁਣ ਮੈਂ ਨਿੱਕਾ ਬਾਲ ਆਂ ..... ਬਈ ਹਰ ਕੰਮ ਤੁਹਾਨੂੰ ਦੱਸਕੇ ਕਰਾਂ ?..... ਮੈਂ ਤਾਂ ਜਿਥੇ ਮੇਰਾ ਜੀਅ ਕਰਦਾ ਜਾਣਾ ਈ ਜਾਣਾ ਏ ....." ਤੇ ਮੈਂ ਚਾਹੁੰਦਾ, ਬਾਪੂ ਉਨਕੇ ਜਾਵੇ ਤੇ ਮੈਨੂੰ ਆਪਣੀਆਂ ਸਮੱਸਿਆਵਾਂ, ਗੁੰਝਲਾਂ ਨਾਲ ਆਪ ਨਿਪਟਣ ਦੇਵੇ। ਹੁਣ ਮੈਂ ਬਾਪੂ ਨੂੰ ਕੀ ਆਖਾਂ- ਕਿ ਛੋਟੇ ਦਾ ਮਕਾਨ ਮੁਕੰਮਲ ਹੋ ਗਿਆ ਏ, ਉਹ ਆਪਣੇ ਕਮਰੇ ਵਿਚ ਹੀ ਬੈਠਿਆ ਕਰੇ। ਆਪਣੇ ਕੋਲ ਬੈਠਦੇ ਬੁੱਢੇ -ਠੇਰਿਆ ਨੂੰ ਆਪ-ਬੀਤੀਆਂ, ਦੂਸਰੇ ਵਿਸ਼ਵ ਯੁੱਧ ਦੀਆਂ ਸਨਸਨੀਖੇਜ਼ ਵਾਰਦਾਤਾਂ ਸੁਣਾਈ ਜਾਇਆ ਕਰੇ। ਅਖਬਾਰ ਪੜ੍ਹਕੇ ਟਿੱਪਣੀਆਂ, ਬਹਿਸਾਂ ਉਹ ਕਰਦਾ ਈ ਰਹਿੰਦਾ ਏ, ਤੇ ਅਪਣੇ ਕਮਰੇ ਵਿਚ ਬੱਸ ਇਤਿਹਾਸ ਮਿਥਿਹਾਸ ਦੇ ਸੀਰੀਅਲ ਵੇਖਣ ਲਈ ਇਕ ਟੈਲੀਵਿਜਨ ਰੱਖ ਲਵੇ। ਪਰ ਮੈਂ ਉਹਨੂੰ ਕੁਝ ਨਹੀਂ ਕਹਿ ਸਕਦਾ। ਤੇ ਮੈਂ ਉਹਦੀ ਹੋਂਦ ਤੋਂ ਅਵੇਸਲਾ ਹੁੰਦਿਆਂ ਕੁਝ ਪੜ੍ਹਨ-ਲਿਖਣ ਦਾ ਢੋਂਗ ਕਰਨ ਲੱਗ ਪੈਂਦਾ ਹਾਂ ਤੇ ਉਹ ਸੁੱਜੇ ਹੋਏ ਗੋਡਿਆ 'ਤੇ ਹੱਥ ਰੱਖਕੇ ਮਸਾਂ ਉੱਠਦਿਆਂ, ਗੋਡੇ ਘੜੀਸਦਾ, ਪਤਾ ਨਹੀਂ ਕਿੱਧਰ ਨੂੰ, ਸਾਡੇ ਘਰ ਦੇ ਅੰਦਰ ਨੂੰ ਕੁੜੀਆਂ ਕੋਲ ਚਾਹ, ਪਾਣੀ ਪੀਣ ਲਈ ਜਾਂ ਛੋਟੇ ਦੇ ਘਰ ਵੱਲ ਨੂੰ ਚਲੇ ਗਿਆ ਹੈ।

ਮੇਰਾ ਲੜਕਾ, ਤੇਜ ਅਜੇ ਆਇਆ ਨਹੀਂ। ਮੈਂ ਉਹਦਾ ਸਕੂਟਰ ਆਪਣੇ ਘਰ ਦੀ ਗਲੀ ਵੱਲ ਮੁੜਨ ਦੀ ਇੰਤਜ਼ਾਰ ਕਰ ਰਿਹਾ ਹਾਂ। ਪਰ ਕੁਝ ਸਮੇਂ ਬਾਦ.... ਇਹ ਕੀ ?... ਮੇਰੀ ਪਤਨੀ... ਮੈਨੂੰ ਆਪਣੇ ਕਮਰੇ ਵਿਚ ਬੈਠੇ ਨੂੰ ਬੁਲਾਣ ਆ ਗਈ ਹੈ।.... ਉਹ ਹਫੀ ਹੋਈ ਬੋਲ ਰਹੀ ਹੈ- "ਬਾਪੂ ਜੀ, ਸ਼ਰਾਬੀ ਹਾਲਤ ਵਿਚ ਛੋਟੇ ਦੇ ਵਿਹੜੇ ਵਿਚ ਖਿਖਰੀਆਂ ਇੱਟਾਂ ਨਾਲ ਟੱਕਰ ਖਾ ਕੇ ਡਿਗ ਪਏ। ਉਹ ਗਾਲ੍ਹਾਂ ਕੱਢੀ ਜਾ ਰਹੇ ਨੇ। ਉਹਨਾਂ ਨੂੰ ਗੁਆਂਢੀਆਂ ਨੇ ਮਸਾਂ ਚੁੱਕ ਕੇ ਮੰਜੇ 'ਤੇ ਪਾਇਆ।... ਮੈਂ ਬੁਲਾਇਆ ..... ਮੈਨੂੰ ਵੀ ਗਾਲ੍ਹਾਂ ਕੱਢਣ ਲੱਗ ਪਏ.... ਮੈਂ ਨੀ ਉਹਨਾਂ ਨੂੰ ਇਥੇ ਵੜਨ ਦੇਣਾ.... ਨਾ ਰੋਟੀ, ਚਾਹ ਦਿਆ ਕਰਨੀ ਏ.... ਤੁਸੀਂ ਹੁਣ ਜਾ ਕੇ ਸਾਂਭੋ ਉਹਨਾਂ ਨੂੰ .... " ਪਰ ਮੈਂ ਉਹਨੂੰ ਕੀ ਸਾਂਭਾਂ.... ਮੈਨੂੰ ਤਾਂ ਉਹ ਮਨੋ-ਮਨੀ ਕਿੰਨੇ ਦਿਨਾਂ ਤੋਂ ਗਾਲ੍ਹਾਂ ਕੱਢ ਰਿਹਾ ਹੋਣਾ ਏ.... ਕਿਉਂਕਿ ਉਹਨੂੰ ਮੰਦਾ ਬੋਲਣ 'ਤੇ ਛੋਟੇ ਭਰਾ ਤੇ ਉਹਦੀ ਪਤਨੀ ਨੂੰ, ਉਹਦੇ ਨਾਲ ਜਾ ਕੇ ਸਮਝਾ ਵੀ ਨਹੀਂ ਸਕਿਆ, ਝਾੜ-ਝੰਬ ਤਾਂ ਕੀ ਕਰਨੀ ਏ।



ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਏ। ਮੈਂ ਆਪਣੀਆਂ ਦੋਵੇਂ ਕੁੜੀਆਂ ਨੂੰ ਭੇਜ ਦਿੰਦਾ ਹਾਂ। "ਬੱਸ, ਤੁਸੀਂ ਆਪਣੇ ਬਾਬੇ ਦੀ ਕੋਈ ਗੱਲ ਨਹੀਂ ਸੁਣਨੀ .... ਉਹਨੂੰ ਬੱਚਿਆਂ ਵਾਲੀ ਜ਼ਿਦ ਕਰ ਕਰਕੇ.... ਰੋਟੀ ਖੁਆ ਕੇ .... ਉਹਦੇ ਕਮਰੇ ਵਿਚ, ਉਹਦੇ ਘੁਰਨੇ ਵਿਚ ਵਾੜ ਆਉਣਾ ..... ਉਹਨੇ ਆਪੇ ਪੈ ਕੇ ਸੌਂ ਜਾਣਾ ਏ ....."

[ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਿਆਲਬਾ - 140110, ਜ਼ਿਲ੍ਹਾ ਰੋਪੜ]

# ਜੜ੍ਹਾਂ ਤੋਂ ਦੂਰ

**ਦਰਸ਼ਨ ਧੀਰ**

ਪਹਿਲਾਂ ਅਸੀਂ ਲੰਦਨ ਰਹਿੰਦੇ ਸਾਂ। ਮੈਂ ਵੀ ਅਧਿਆਪਕ ਸਾਂ ਤੇ ਮੇਰਾ ਸਾਥੀ ਵੀ। ਫਿਰ ਉਨ੍ਹਾਂ ਨੂੰ ਰੇਸ ਰੀਲੇਸ਼ਨ ਅਫਸਰ ਦੀ ਬਰਮਿੰਘਮ ਸ਼ਹਿਰ ਵਿਚ ਨੌਕਰੀ ਮਿਲ ਗਈ। ਛੇਆਂ ਕੁ ਮਹੀਨਿਆਂ ਮਗਰੋਂ ਮੈਨੂੰ ਵੀ ਅਧਿਆਪਨ ਦਾ ਕੰਮ ਮਿਲ ਗਿਆ। ਕੁਝ ਚਿਰ ਅਸੀਂ ਕਿਰਾਏ ਦੇ ਕਮਰੇ ਵਿਚ ਰਹੇ, ਫਿਰ ਆਪਣਾ ਘਰ ਲੈ ਲਿਆ। ਉਨ੍ਹਾਂ ਦੀ ਬਦਲੀ ਤਾਂ ਸ਼ਾਇਦ ਲੰਦਨ ਦੀ ਹੋ ਜਾਂਦੀ। ਪਰ ਅਸੀਂ ਲੰਦਨ ਤੋਂ ਅੱਕੇ ਹੋਏ ਸਾਂ। ਇਕ ਤਾਂ ਲੰਦਨ ਸ਼ਹਿਰ ਮਹਿੰਗਾ ਬਹੁਤ ਸੀ ਤੇ ਦੂਜਾ ਪ੍ਰਦੂਸ਼ਨ ਦਾ ਘਰ ਸੀ। ਪ੍ਰਦੂਸ਼ਨ ਤਾਂ ਹੋਣਾ ਹੀ ਹੋਣਾ ਸੀ? ਕਾਰਾਂ ਤਾਂ ਜੂੰ ਦੀ ਤੋਰ ਚਲਦੀਆਂ ਸਨ। ਇਕ ਤਰ੍ਹਾਂ ਖੜ੍ਹੀਆਂ ਹੀ ਧੂੰਆਂ ਉਗਲੱਛੀ ਜਾਂਦੀਆਂ ਸਨ।

ਲੰਦਨ ਦੇ ਜਿਸ ਇਲਾਕੇ ਵਿਚ ਮੈਂ ਪੜ੍ਹਾਉਂਦੀ ਸਾਂ, ਉਹ ਲੰਦਨ ਦੀ ਕਾਫ਼ੀ ਮਹਿੰਗੀ ਬਸਤੀ ਸੀ। ਮਹਿੰਗਾ ਇਲਾਕਾ ਹੋਣ ਕਰ ਕੇ ਭਾਰਤੀਆਂ ਦੀ ਆਬਾਦੀ ਨਾਂ-ਮਾਤਰ ਹੀ ਸੀ। ਉਸ ਹਿਸਾਬ ਨਾਲ ਹੀ ਸਕੂਲ ਵਿਚ ਹਿੰਦੁਸਤਾਨੀ ਵਿਦਿਆਰਥੀ ਸਨ। ਸਹਿਜਧਾਰੀ ਤਾਂ ਤਿੰਨ-ਚਾਰ ਸਿੱਖ ਬੱਚੇ ਸਨ, ਪਰ ਕੇਸਾਧਾਰੀ ਕੋਈ ਨਹੀਂ ਸੀ।

ਬਰਮਿੰਘਮ ਦੇ ਜਿਸ ਸਕੂਲ ਵਿਚ ਮੈਨੂੰ ਨੌਕਰੀ ਮਿਲੀ ਸੀ, ਉਹਦੇ ਵਿਚ ਕਈ ਬੱਚੇ ਕੇਸਾਧਾਰੀ ਸਨ। ਜਿਸ ਸ਼੍ਰੇਣੀ ਨੂੰ ਮੈਂ ਪੜ੍ਹਾਉਣਾ ਸੀ, ਉਹਦੇ ਵਿਚ ਵੀ ਇਕ ਕੇਸਾਧਾਰੀ ਬੱਚਾ ਸੀ! ਸਵਾ ਕੁ ਪੰਦਰਾਂ ਸਾਲ ਦੀ ਉਮਰ ਸੀ।

ਪਹਿਲੇ ਦਿਨ ਜਦ ਮੈਂ ਸ਼੍ਰੇਣੀ ਵਿਚ ਪੜ੍ਹਾਉਣ ਗਈ ਤਾਂ ਉਸ ਮੁੰਡੇ ਨੂੰ ਵੇਖ ਕੇ ਮੇਰਾ ਦਿਲ ਕੌਲ ਵਾਂਗ ਖਿੜ ਉੱਠਿਆ। ਹੋ ਸਕਦਾ ਹੈ, ਇਸ ਗੱਲ ਦਾ ਕਾਰਣ ਮੇਰੇ ਅਚੇਤ ਵਿਚ ਸਿੱਖੀ ਸੰਸਕਾਰ ਹੋਣ। ਮੈਂ ਆਪ ਜੁ ਸਿੱਖ ਮਾਪਿਆਂ ਦੀ ਧੀ ਹਾਂ ਤੇ ਸਿੱਖਾਂ ਦੇ ਘਰ ਵਿਆਹੀ ਹੋਈ ਹਾਂ।

ਪਹਿਲੀ ਵਾਰੀ ਜਦ ਮੈਂ ਉਸ ਮੁੰਡੇ ਵੱਲ ਵੇਖਿਆ ਤਾਂ ਲੱਗਾ ਜਿਵੇਂ ਗੋਰਿਆਂ ਦਾ ਮੁੰਡਾ ਹੋਵੇ। ਗੋਰਿਆਂ ਵਰਗਾ ਹੀ ਰੰਗ-ਰੂਪ ਤੇ ਓਦਾਂ ਦੇ ਹੀ ਤਿੱਖੇ ਨੈਣ-ਨਕਸ਼। ਪਰ ਅੱਖਾਂ ਜ਼ਰੂਰ ਭੂਰੀਆਂ ਸਨ। ਮੈਂ ਕੱਚ-ਸੱਚ ਵਿਚ ਲਕੀਰ ਖਿੱਚਣ ਲਈ ਉਹਨੂੰ ਕੋਲ ਸੱਦ ਕੇ ਪੁੱਛਿਆ, "ਕਾਕਾ, ਤੇਰਾ ਨਾਂ ਕੀ ਏ?"

"ਜੀ, ਪ੍ਰਿਤਪਾਲ ਸਿੰਘ।"

"ਬਹੁਤ ਸੋਹਣਾ ਨਾਂ ਏ, ਤੇਰਾ।"

"ਸੱਚੀਂ ?" ਉਹ ਇਕਦਮ ਖਿੜ ਪਿਆ।

"ਨਾਂ ਈ ਨਹੀਂ, ਤੇਰਾ ਪਹਿਰਾਵਾ ਵੀ ਬਹੁਤ ਵਧੀਆ ਏ।" ਫਿਰ ਮੈਂ ਮੁਸਕਰਾ ਕੇ ਪੁੱਛਿਆ, "ਤੇਰੇ ਡੈਡੀ ਜੀ ਦਾ ਕੀ ਨਾਂ ਏ, ਕਾਕਾ ?"

"ਮੱਖਣ ਸਿੰਘ।"

"ਤੇ ਮੰਮੀ ਜੀ ਦਾ?"

"ਹਰਜੀਤ ਕੌਰ?"

"ਚੰਗਾ ਜਾ ਹੁਣ।"

"ਕੋਈ ਕੰਮ ਸੀ ਮਿਸ?"

"ਨਹੀਂ, ਕੋਈ ਕੰਮ ਨਹੀਂ ਸੀ ਕਾਕਾ।"

"ਫੇਰ ਸੱਦਿਆ ਕਾਹਤੋਂ ਸੀ?"

"ਏਸ ਕਰ ਕੇ ਕਿ ਤੇਰੇ ਮਾਪੇ ਬੜੇ ਚੰਗੇ ਆ।"

"ਚੰਗੇ ਕਿੱਦਾਂ?"

"ਜਿਨ੍ਹਾਂ ਤੈਨੂੰ ਇਹ ਸਰੂਪ ਦਿੱਤਾ ਏ।"

"ਉਹ ਕੀ ਹੁੰਦਾ ਏ ਮਿਸ?"

"ਸਿੱਖੀ ਸਰੂਪ।"

"ਯੁਅਰ ਮੀਨ ਟੂ ਬੀ ਸਿੰਘ?"

"ਹਾਂ, ਕਾਕਾ।"

ਉਹ ਚਲਾ ਗਿਆ ਤਾਂ ਮੈਂ ਦਿਲ ਵਿਚ ਆਪਣੇ ਰਾਜਵਿੰਦਰ ਨੂੰ ਵੀ ਕੇਸਾਧਾਰੀ ਸਿੱਖ ਬਣਾਉਣ ਦੀ ਧਾਰ ਲਈ। ਮੈਂ ਸੋਚਦੀ ਕਿ ਮੇਰਾ ਲਾਲ ਵੀ ਸਿੱਖੀ ਸਰੂਪ ਵਿਚ ਇਹਦੇ ਜਿੰਨਾ ਹੀ ਸੋਹਣਾ ਲੱਗੇਗਾ। ਉਹਦਾ ਰੰਗ-ਰੂਪ ਵੀ ਇਹਦੇ ਵਰਗਾ ਹੀ ਮਨਮੋਹਣਾ ਹੈ ਤੇ ਨੈਣ-ਨਕਸ਼ ਵੀ।

ਜਦ ਉਹ ਆਪਣੇ ਡੈੱਸਕ 'ਤੇ ਜਾ ਬੈਠਾ ਤਾਂ ਮੈਂ ਆਪਣੇ ਆਪ ਨੂੰ ਝੰਜੋੜ ਕੇ ਇਨ੍ਹਾਂ ਸੋਚਾਂ ਵਿਚੋਂ ਕੱਢਿਆ ਤੇ ਹਿਸਾਬ ਦਾ ਪ੍ਰਸ਼ਨ ਬਲੈਕ ਬੋਰਡ 'ਤੇ ਲਿਖਣ ਲੱਗ ਪਈ।

ਅੱਧੀ ਛੁੱਟੀ ਵਿਚ ਵੀ ਮੈਂ ਆਪਣੇ ਰਾਜਵਿੰਦਰ ਨੂੰ ਸਿੰਘ ਸਜਿਆ ਵੇਖਦੀ ਰਹੀ ਤੇ ਖਾਲੀ ਪੀਰੀਅਡਾਂ ਵਿਚ ਵੀ।

ਛੁੱਟੀ ਪਿੱਛੋਂ ਘਰ ਆਈ, ਪਰਸ ਰੱਖਿਆ ਤੇ ਹੱਥ ਧੋ ਕੇ ਚਾਹ ਬਣਾਉਣ ਦੀ ਤਿਆਰੀ ਕਰਨ ਲੱਗ ਪਈ। ਪਾਣੀ ਪਾ ਕੇ ਪਤੀਲੀ ਗੈਸ-ਚੁਲ੍ਹੇ 'ਤੇ ਰੱਖੀ ਹੀ ਸੀ ਕਿ ਮੇਰਾ ਪਤੀ ਵੀ ਕੰਮੋਂ ਆ ਗਿਆ। ਉਹ ਸੈਂਡਵਿਚ ਲਾਉਣ ਲੱਗ ਪਿਆ ਤੇ ਮੈਂ ਚਾਹ ਬਣਾਉਣ। ਰਾਜਵਿੰਦਰ ਸਾਡੇ ਨਾਲ ਸਕੂਲ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ ਰਿਹਾ। ਚਾਹ-ਪਾਣੀ ਖਾਣ-ਮੇਜ਼ 'ਤੇ ਰੱਖਿਆ ਤੇ ਅਸੀਂ ਖਾਣ-ਪੀਣ ਲੱਗ ਪਏ। ਗੱਲਾਂ ਗੱਲਾਂ ਵਿਚ ਜਦ ਮੈਂ ਆਪਣੇ ਦਿਲ ਦੀ ਗੱਲ ਪਤੀ ਨਾਲ ਕੀਤੀ ਤਾਂ ਉਸ ਤ੍ਰਬਕ ਕੇ ਮੇਰੇ ਚਿਹਰੇ ਵੱਲ ਵੇਖਿਆ, ਫਿਰ ਮੁਸਕਰਾ ਕੇ ਕਹਿਣ ਲੱਗਾ, "ਦੇਖ ਲਾ।"

"ਤੁਸੀਂ ਨਹੀਂ ਚਾਹੁੰਦੇ?"

"ਨਹੀਂ, ਮੈਂ ਬਾਹਲਾ ਕੀਨ ਨਹੀਂ।"

"ਕਾਹਤੋਂ ਨਹੀਂ? ਇਹ ਕੋਈ ਮਾੜਾ ਕੰਮ ਆ ?"

"ਮਾੜਾ ਤਾਂ ਨਹੀਂ।"

"ਫੇਰ ਕੀਨ ਕਿਉਂ ਨਹੀਂ?"

"ਐਥੇ ਸਿੱਖੀ ਨਿਭਾਉਣੀ ਨੰਗੀ ਤਲਵਾਰ 'ਤੇ ਤੁਰਨ ਵਰਗੀ ਗੱਲ ਏ, ਦਿਲਬਾਗ?"

"ਹੈ ਤਾਂ ਸ਼ਾਇਦ ਔਖੀ।"

"ਤੇ ਜੇ ਸਿੱਖੀ ਨਿਭ ਨਹੀਂ ਸਕਣੀ ਤਾਂ ਰਖਾ ਕੇ ਆਪਣੀ ਆਤਮਾ 'ਤੇ ਭਾਰ ਜ਼ਰੂਰ ਪਾਉਣਾ ਏ?" ਉਹ ਆਪਣੀ ਗੱਲ ਸਪੱਸ਼ਟ ਕਰਨ ਲਈ ਕਹਿਣ ਲੱਗਾ, "ਐਥੇ ਸਿੱਖੀ ਦਾ ਪੌਦਾ ਕਿੱਦਾਂ ਮੌਲ ਸਕਦਾ ਏ?"



"ਮੌਲਣ ਨੂੰ ਕੀ ਏ?"

"ਏਸ ਮਾਹੌਲ 'ਚ?"

"ਪਉਣ ਪਾਣੀ ਨੂੰ ਕੀ ਆ?"

"ਇਹ ਗੱਲ ਐਨ ਓਦਾਂ ਈ ਆ, ਜਿੱਦਾਂ ਕੋਈ ਇੰਡੀਆ ਤੋਂ ਖਜੂਰ ਦਾ ਪਲਾਂਟ ਲਿਆ ਕੇ ਐਥੇ ਲਾਉਣਾ ਚਾਹੇ। ਕੀ ਖਜੂਰ ਦਾ ਰੁੱਖ ਏਸ ਧਰਤੀ 'ਚ ਪਰਵਾਨ ਚੜ੍ਹ ਸਕਦਾ ਏ?"

"ਇਹਦਾ ਖਜੂਰ ਦੇ ਪਲਾਂਟ ਨਾਲ ਕੀ ਸੰਬੰਧ ਏ?"

"ਸੰਬੰਧ ਕਿਉਂ ਨਹੀਂ? ਹਰ ਸੰਕਲਪ ਦੀਆਂ ਜੜ੍ਹਾਂ ਆਪਣੀ ਧਰਤੀ 'ਚ ਹੁੰਦੀਆਂ ਨੇ, ਦਿਲਬਾਗ? ਜੜ੍ਹਾਂ ਤੋਂ ਦੂਰ ਕਿਸੇ ਸੰਕਲਪ ਦੇ ਅਰਥਾਂ ਨੂੰ ਅੱਵਲ ਤਾਂ ਸਮਝਿਆ ਈ ਨਹੀਂ ਜਾਂਦਾ। ਜੇ ਸਮਝਿਆ ਵੀ ਜਾਵੇ ਤਾਂ ਉਹਦੇ ਉਹ ਅਰਥ ਨਹੀਂ ਹੁੰਦੇ, ਜਿਹੜੇ ਆਪਣੀ ਧਰਤੀ 'ਤੇ ਹੁੰਦੇ ਨੇ।"

"ਮਾਹੌਲ ਪੈਦਾ ਵੀ ਕੀਤਾ ਜਾ ਸਕਦਾ ਏ?"

"ਇਹ ਗੱਲ ਐਨੀ ਸੌਖੀ ਨਹੀਂ, ਜਿੰਨੀ ਤੂੰ ਸਮਝਦੀ ਏਂ।"

"ਤੁਹਾਡੇ ਲਈ ਤਾਂ ਹਰ ਚੀਜ਼ ਔਖੀ ਆ।"

"ਚੰਗਾ ਦੇਖ ਲਾ ਕੋਸ਼ਿਸ਼ ਕਰ ਕੇ। ਕੀ ਪਤਾ ਏ, ਤੂੰ ਆਪਣੇ ਮਨੋਰਥ 'ਚ ਸਫਲ ਹੋ ਜਾਵੇਂ।" ਉਹ ਗੱਲ ਮੁਕਾਉਂਦਾ ਹੀ ਘਰ ਦੇ ਪਿੱਛੋਂ ਵਾਲੀ ਬਗੀਚੀ ਵਿਚ ਚਲਾ ਗਿਆ। ਮੈਂ ਵੀ ਗੱਲ ਨੂੰ ਖਿੱਚਣਾ ਠੀਕ ਨਾ ਸਮਝਿਆ। ਅਸਲ ਵਿਚ ਮੈਂ ਹੱਥ 'ਤੇ ਸਰ੍ਹੋਂ ਜਮਾ ਕੇ ਵਿਖਾਉਣਾ ਚਾਹੁੰਦੀ ਸਾਂ।

ਐਤਵਾਰ ਸਵੇਰੇ ਰਾਜਵਿੰਦਰ ਸਿਟਿੰਗ-ਰੂਮ ਵਿਚ ਬੈਠਾ ਟੀ. ਵੀ. 'ਤੇ ਕਾਰਟੂਨ-ਫਿਲਮ ਵੇਖ ਰਿਹਾ ਸੀ। ਨੌਂ ਕੁ ਵਜੇ ਦੀ ਗੱਲ ਸੀ। ਮੈਂ ਉਹਨੂੰ ਉਠਾ ਕੇ ਇਸ਼ਨਾਨ ਕਰਾਉਣ ਲਈ ਲਿਜਾਣਾ ਚਾਹਿਆ ਤਾਂ ਉਹ ਕਹਿਣ ਲੱਗਾ, "ਮੈਂ ਨਹੀਂ ਨ੍ਹੌਣਾ, ਮੰਮ।"

"ਕੀ ਗੱਲ?"

"ਫਰਾਈਡੇ ਤਾਂ ਅਜੇ ਨ੍ਹਾਤਾ ਸੀ?"

"ਉਠ ਤਾਂਹ ਪੁੱਤ। ਨ੍ਹਾ ਲੈ। ਫੇਰ ਆਪਾਂ ਗੁਰਦੁਆਰੇ ਜਾਣਾ ਏ।"

"ਗੁਰਦੁਆਰੇ ਓਦਾਂ ਨਹੀਂ ਜਾ ਸਕਦੇ?"

"ਨਹੀਂ।"

"ਅੱਗੇ ਤਾਂ ਬਿਨਾਂ ਨ੍ਹਾਤਿਆਂ ਵੀ ਚਲੇ ਜਾਂਦੇ ਸੀ?"

"ਅੱਗੇ ਹੋਰ ਗੱਲ ਸੀ।"

"ਹੁਣ ਕੀ ਗੱਲ ਆ"

"ਅੱਜ ਤੈਨੂੰ ਕੇਸਧਾਰੀ ਸਿੱਖ ਬਣਾਉਣਾ ਏ, ਕਾਕਾ।"

"ਉਹ ਕੀ ਹੁੰਦਾ ਏ, ਮੰਮ?"

"ਤੇਰੇ ਕੇਸ ਰੱਖਣੇ ਆਂ, ਬਿੰਦਰ ਵਾਂਗ।" ਮੈਂ ਆਪਣੀ ਗਲੀ ਦੇ ਮੁੰਡੇ ਦੀ ਉਦਾਹਰਣ ਦੇ ਕੇ ਗੱਲ ਸਮਝਾਉਣੀ ਚਾਹੀ।

ਅਖੀਰ ਨੱਕ-ਬੁੱਲ੍ਹ ਚੜ੍ਹਾਉਂਦੇ ਨੂੰ ਮੈਂ ਬਾਹੋਂ ਫੜ ਕੇ ਬਾਥ-ਰੂਮ ਵਿਚ ਲੈ ਗਈ। ਇਸ਼ਨਾਨ ਕਰਾਇਆ, ਕਪੜੇ ਬਦਲੇ ਤੇ ਉਹਨੂੰ ਗੁਰਦੁਆਰੇ ਲੈ ਗਈ। ਸਵਾ ਪੰਜ ਪੌਂਡ ਦੇਗ ਲਈ ਬਾਬੇ ਦੀ ਭੇਟ ਚੜ੍ਹਾਏ, ਮੱਥਾ ਟੇਕਿਆ ਤੇ ਸੰਗਤ ਵਿਚ ਬੈਠ ਕੇ ਬਾਣੀ ਸੁਣਨ ਲੱਗ ਪਈ। ਨਾਲ ਹੀ ਰਾਜਵਿੰਦਰ ਨੂੰ ਬਿਠਾ ਲਿਆ। ਇਕਵਾਰੀ ਤਾਂ ਅੰਮ੍ਰਿਤ ਛਕਾਉਣ ਦਾ ਮਨ ਵੀ ਬਣਾ ਲਿਆ ਸੀ। ਫਿਰ ਇਰਾਦਾ ਬਦਲ ਲਿਆ। ਸੋਚਿਆ, ਪੰਜਾਂ-ਛੇਆਂ ਸਾਲਾਂ ਦੇ ਬੱਚੇ ਨੂੰ ਅੰਮ੍ਰਿਤ ਛਕਾਉਣਾ ਠੀਕ ਨਹੀਂ। ਜਦ ਕੁਝ ਵੱਡਾ ਹੋ ਗਿਆ ਤਾਂ ਛਕਵਾ ਦੇਵਾਂਗੀ।

ਮੈਂ ਨੇਮ ਨਾਲ ਉਹਦੇ ਕੇਸਾਂ ਦੀ ਦੇਖ ਭਾਲ ਕਰਦੀ ਰਹੀ। ਕੁਝ ਵਧ ਗਏ ਤਾਂ ਗੁੱਟੀ ਕਰ ਕੇ ਛੋਟੀ ਜਿਹੀ ਪੱਗ ਬੰਨ੍ਹਣੀ ਆਰੰਭ ਕਰ ਦਿੱਤੀ। ਲੱਗਦਾ ਸੀ, ਜਿਵੇਂ ਰਾਜਵਿੰਦਰ ਨੂੰ ਵੀ ਸਿੱਖੀ ਸਰੂਪ ਚੰਗਾ ਲੱਗਦਾ ਹੋਵੇ। ਕੰਮ-ਕਾਰ ਵਿਚ ਜਿਸ ਦਿਨ ਵੀ ਮੈਨੂੰ ਵਾਲ ਵਾਹੁਣ ਤੇ ਪੱਗ ਬੰਨ੍ਹਣ ਵਿਚ ਦੇਰ ਹੋ ਜਾਂਦੀ, ਉਹ ਮੇਰੇ ਕੋਲ ਆ ਕੇ ਕਹਿੰਦਾ, "ਮੰਮ, ਅੱਜ ਨਹੀਂ ਮੇਰੇ ਪੱਗ ਬੰਨ੍ਹਣੀ?"

"ਬੰਨ੍ਹਣੀ ਆਂ ਕਾਕਾ?"

"ਫੇਰ ਬੰਨ੍ਹੀਂ ਕਾਹਤੋਂ ਨਹੀਂ?

"ਆਹ ਕੰਮ ਨਬੇੜ ਕੇ ਬੰਨ੍ਹਦੀ ਆਂ।"

ਮੈਂ ਬੜੀ ਖੁਸ਼ ਸਾਂ। ਇਕ ਤਾਂ ਮੇਰੀ ਮਿਹਨਤ ਨੂੰ ਫਲ ਪੈ ਰਿਹਾ ਸੀ ਤੇ ਦੂਜਾ ਮੈਂ ਆਪਣੇ ਜੀਵਨ ਸਾਥੀ ਨੂੰ ਇਹ ਸਾਬਤ ਕਰ ਕੇ ਵਿਖਾਉਣਾ ਚਾਹੁੰਦੀ ਸਾਂ ਕਿ ਜੇ ਲੋੜ ਅਨੁਸਾਰ ਪਉਣ ਪਾਣੀ ਦਾ ਤੇ ਬਾਕੀ ਇੰਤਜ਼ਾਮ ਕਰ ਦਿੱਤਾ ਜਾਵੇ ਤਾਂ ਕੋਈ ਵੀ ਪਲਾਂਟ ਕਿਸੇ ਵੀ ਵਾਤਾਵਰਣ ਵਿਚ ਫਲ-ਫੁੱਲ ਸਕਦਾ ਹੈ। ਇਹ ਪੁਰਾਣੀਆਂ ਘਸੀਆਂ-ਪਿਟੀਆਂ ਗੱਲਾਂ ਹਨ ਕਿ ਪਲਾਂਟ ਆਪਣੇ ਮਾਹੌਲ ਵਿਚ ਹੀ ਮੌਲ ਸਕਦਾ। ਸਾਇੰਸ ਦੇ ਯੁਗ ਤੋਂ ਪਹਿਲਾਂ ਤਾਂ ਸ਼ਾਇਦ ਇਹ ਗੱਲ ਠੀਕ ਸੀ। ਪਰ ਇਸ ਚਾਨਣੇ ਕਾਲ ਵਿਚ ਅਜਿਹੀਆਂ ਗੱਲਾਂ ਸੋਚਣੀਆਂ ਹਨੇਰਾ ਢੋਣ ਵਾਲੀ ਗੱਲ ਹੈ।

ਮੈਂ ਰਾਜਵਿੰਦਰ ਸਿੰਘ ਦੇ ਅਧਿਆਪਕ ਨੂੰ ਵੀ ਕਹਿ ਦਿੱਤਾ ਕਿ ਸਕੂਲ ਵਿਚ ਇਹਦਾ ਖਿਆਲ ਰੱਖੇ। ਕੇਸਾਂ ਕਰ ਕੇ ਇਹਨੂੰ ਕੋਈ ਨਿਆਣਾ ਤੰਗ ਨਾ ਕਰੇ।

ਇਕ ਦਿਨ ਅੱਧੀ ਛੁੱਟੀ ਵਿਚ ਮੈਂ ਗੱਲਾਂ ਗੱਲਾਂ ਵਿਚ ਪ੍ਰਿਤਪਾਲ ਸਿੰਘ ਤੋਂ ਪੁੱਛਿਆ, "ਕਾਕਾ, ਤੂੰ ਕਦ ਤੋਂ ਕੇਸਾਧਾਰੀ ਸਿੱਖ ਸਜਿਆ ਏਂ?"

"ਉਹ ਕੀ ਹੁੰਦੇ ਮਿਸ?"

"ਮੇਰਾ ਮਤਲਬ ਏ, ਤੂੰ ਕਦ ਤੋਂ ਆਪਣਾ ਆਹ ਸਰੂਪ ਸਜਾਇਆ ਏ?"

"ਮੈਂ ਸਮਝ ਨਈਂ ਸਕਿਆ ਮਿਸ।"

"ਤੂੰ ਕੇਸ ਕਦ ਤੋਂ ਰੱਖੇ ਆ?"

"ਕੇਸ ਕੀ ਹੁੰਦੇ ਆ ਮਿਸ?"

"ਤੂੰ ਵਾਲ ਕਦ ਤੋਂ ਰੱਖੇ ਆ?" ਮੈਂ ਖਿਝ ਕੇ ਕਿਹਾ।

"ਸਾਲ, ਡੇਢ ਸਾਲ ਹੋਇਆ ਹੋਣਾ ਏ ਮਿਸ?"

"ਤੇਰਾ ਡੈਡੀ ਵੀ ਕੇਸਾਧਾਰੀ ਏ?"

"ਹਾਂ ਜੀ।"

"ਉਹ ਮੁੱਢ ਤੋਂ ਈ ਸਿੱਖ ਸਰੂਪ ਵਿਚ ਆ?"

"ਨੋ ਮਿਸ।"

"ਕਦ ਬਣਿਆ ਸੀ?"

"ਕੁਛ ਸਾਲ ਪਹਿਲਾਂ।"

"ਤੇਰੀ ਮੰਮੀ ਵੀ ਪੱਕੀ ਸਿੰਘਣੀ ਆ?"

"ਜੀ, ਉਹ ਕੀ ਹੁੰਦੀ ਆ?"

"ਮੇਰਾ ਮਤਲਬ, ਉਹਨੇ ਅੰਮ੍ਰਿਤ ਪਾਨ ਕੀਤਾ ਹੋਇਆ ਏ?"

"ਅੰਮ੍ਰਿਤ ਪਾਨ ਕਿਹਨੂੰ ਆਖਦੇ ਮਿਸ?"

ਮੈਂ ਪਲ, ਦੋ ਪਲ ਉਹਦੇ ਮੂੰਹ ਵੱਲ ਤਕਦੀ ਰਹੀ, ਫਿਰ ਪੁੱਛਿਆ, "ਉਹ ਨਿੱਤ ਸਵੇਰੇ ਇਸ਼ਨਾਨ ਕਰ ਕੇ ਪਾਠ ਕਰਦੀ ਆ?"



"ਜੀ, ਨ੍ਹੌਦੀ ਤਾਂ ਹੈਗੀ ਰੋਜ਼, ਸਵੇਰੇ ਉਠ ਕੇ।"

"ਤੇ ਪਾਠ?"

"ਉਹ ਕੀ ਹੁੰਦਾ ਏ?"

"ਨ੍ਹਾ ਕੇ ਗੁਟਕਾ ਪੜ੍ਹਦੀ ਹੁੰਦੀ ਏ?"

"ਇਕ ਬੁੱਕ ਜਿਹੀ ਤਾਂ ਪੜ੍ਹਦੀ ਹੁੰਦੀ ਆ।"

"ਤੇਰੇ ਡੈਡੀ ਜੀ ਵੀ ਪਾਠ ਕਰਦੇ ਆ?"

"ਮੈਨੂੰ ਨਹੀਂ ਸਮਝ ਆਉਂਦੀ, ਤੁਸੀਂ ਕੀ ਬੋਲੀ ਜਾਂਦੇ ਓ।"

"ਅੱਛਾ, ਜਾ ਕੇ ਹੁਣ ਕਰ ਆਪਣਾ ਕੰਮ।"

ਜਦ ਉਹ ਚਲਾ ਗਿਆ ਤਾਂ ਮੈਂ ਸੋਚਣ ਲੱਗ ਪਈ ਕਿ ਕਿਧਰੇ ਮੇਰੇ ਹਮ-ਸਫ਼ਰ ਦੀ ਗੱਲ ਠੀਕ ਹੀ ਨਾ ਨਿਕਲੇ। ਕਿਤੇ ਮੈਂ ਐਵੀਂ ਹਵਾ ਨੂੰ ਫੜਨ ਦਾ ਯਤਨ ਹੀ ਤਾਂ ਨਹੀਂ ਕਰ ਰਹੀ? ਜਿਥੇ ਬੱਚਿਆਂ ਨੂੰ ਸਿੱਖੀ ਦੇ ਮੁੱਢਲੇ ਨੇਮਾਂ ਦਾ ਵੀ ਪਤਾ ਨਹੀਂ, ਉਹ ਸਿੱਖੀ ਕਿੱਦਾਂ ਨਿਭਾ ਸਕਦੇ ਨੇ। ਫੈਸ਼ਨ ਕਰ ਕੇ ਹੀ ਤਾਂ ਕਿਤੇ ਇਹਨੇ ਕੇਸ ਨਹੀਂ ਰੱਖੇ ਹੋਏ? ਤੇ ਮੈਂ ਵੀ ਫੈਸ਼ਨ ਕਰ ਕੇ ਹੀ ਤਾਂ ਨਹੀਂ ਰਖਾ ਰਹੀ?

ਫਿਰ ਮੇਰੀ ਸੋਚ ਪਲਟਾ ਖਾ ਗਈ......., ਨਹੀਂ, ਇਹ ਗੱਲ ਨਹੀਂ ਹੋ ਸਕਦੀ। ਹੋ ਕਿਉਂ ਨਹੀਂ ਸਕਦੀ? ਇਹਦੇ ਮਾਪਿਆਂ ਨੇ ਕੁਝ ਸੋਚ-ਸਮਝ ਕੇ ਹੀ ਕੇਸ ਰੱਖਾਏ ਹੋਣਗੇ। ਜਿੱਦਾਂ ਤੂੰ ਸੋਚ ਸਮਝ ਕੇ ਰਾਜਵਿੰਦਰ ਦੇ ਰਖਾ ਰਹੀ ਏਂ? ਮੇਰੇ ਅੰਦਰੋਂ ਆਵਾਜ਼ ਆਈ, ਪਰ ਮੈਂ ਉਸ ਵੱਲ ਬਹੁਤਾ ਧਿਆਨ ਨਾ ਦਿੱਤਾ। ਜਦ ਵੀ ਮੌਕਾ ਮਿਲਦਾ, ਮੈਂ ਰਾਜਵਿੰਦਰ ਸਿੰਘ ਨੂੰ ਸਿੱਖੀ ਬਾਰੇ ਨਿੱਕੀਆਂ ਨਿੱਕੀਆਂ ਗੱਲਾਂ ਦੱਸਣ ਲੱਗ ਪੈਂਦੀ। ਉਹ ਮੇਰੀਆਂ ਗੱਲਾਂ ਬੜੇ ਧਿਆਨ ਨਾਲ ਸੁਣਦਾ, ਜਿਸ ਨਾਲ ਮੇਰੇ ਉਤਸ਼ਾਹ ਨੂੰ ਨਿੱਤ ਨਵੇਂ ਖੰਭ ਲਗਦੇ ਗਏ।

ਇਕ ਦਿਨ ਅੱਧੀ ਛੁੱਟੀ ਵਿਚ ਪ੍ਰਿਤਪਾਲ ਸਿੰਘ ਦੇ ਪਿੱਛੇ ਦੋ ਗੋਰੇ ਤੇ ਇਕ ਕਾਲਾ ਮੁੰਡਾ ਪਏ ਹੋਏ ਸਨ। ਉਹ ਉਹਦੇ ਸਿਰ 'ਤੋਂ ਪੱਗ ਲਾਹੁਣ ਦਾ ਯਤਨ ਕਰ ਰਹੇ ਸਨ ਤੇ ਉਹ ਨੇ ਪੱਗ ਦੀ ਲਾਜ ਰੱਖਣ ਲਈ ਆਪਣੇ ਦੋਵੇਂ ਹੱਥ ਸਿਰ 'ਤੇ ਰੱਖੇ ਹੋਏ ਸਨ। ਵੇਖ ਕੇ ਮੈਨੂੰ ਬੜੀ ਖੁਸ਼ੀ ਹੋਈ। ਲੱਗਾ ਸੀ ਜਿਵੇਂ ਉਹ ਸਿੱਖੀ ਦੀ ਮਰਿਆਦਾ ਦੀ ਪਾਲਣਾ ਕਰਨ ਲਈ ਇੰਜ ਕਰ ਰਿਹਾ ਹੋਵੇ। ਇਕ ਵਾਰੀ ਦਿਲ ਵਿਚ ਇਹ ਖਿਆਲ ਵੀ ਆਇਆ ਕਿ ਜੇ ਐਸ ਵੇਲੇ ਉਹ ਇਥੇ ਹੁੰਦੇ ਤਾਂ ਵਿਖਾ ਕੇ ਕਹਿੰਦੀ, "ਔਧਰ ਦੇਖੋ। ਕਹਿੰਦੇ ਸੀ ਕਿ ਗੈਰ-ਅਨੁਕੂਲ ਧਰਤੀ ਵਿਚ ਕੋਈ ਪੌਦਾ ਕਿੱਦਾਂ ਪਰਵਾਨ ਚੜ੍ਹ ਸਕਦਾ ਹੈ। ਦੇਖ ਲਓ, ਚੜ੍ਹ ਰਿਹਾ ਏ ਜਾਂ ਨਹੀਂ?"

ਉਸ ਸ਼ਾਮ ਖੁਸ਼ੀ ਵਿਚ ਗੁਣ-ਗੁਣਾਉਂਦੀ ਹੋਈ ਮੈਂ ਘਰ ਆਈ, ਕਪੜੇ ਬਦਲੇ, ਚਾਹ ਬਣਾਈ। ਆਪ ਪੀਤੀ ਤੇ ਰਾਜਵਿੰਦਰ ਸਿੰਘ ਨੂੰ ਪਿਲਾ ਕੇ ਰਸੋਈ ਦਾ ਕੰਮ ਕਰਨ ਲੱਗ ਪਈ।

ਪਤੀ ਨੇ ਲੇਟ ਆਉਣਾ ਸੀ। ਉਨ੍ਹਾਂ ਦਾ ਇਕ ਅਫ਼ਸਰ ਰੀਟਾਇਰਡ ਹੋਇਆ ਸੀ, ਉਹਨੂੰ ਸਹਿ-ਕਾਮਿਆਂ ਨੇ ਪਾਰਟੀ ਦੇਣੀ ਸੀ। ਮੈਂ ਦਾਲ-ਸਬਜ਼ੀ ਬਣਾ ਕੇ ਰੋਟੀ ਪਕਾਈ ਤੇ ਖਾਣ ਲਈ ਸਿਟਿੰਗ-ਰੂਮ ਵਿਚ ਡਾਇਨਿੰਗ-ਟੇਬਲ 'ਤੇ ਲਿਆ ਰੱਖੀ। ਰਾਜਵਿੰਦਰ ਸਿੰਘ ਗਲੀ ਵਿਚ ਨਿਆਣਿਆਂ ਨਾਲ ਖੇਡ ਰਿਹਾ ਸੀ। ਉਹਨੂੰ ਰੋਟੀ ਖਾਣ ਲਈ ਆਵਾਜ਼ ਮਾਰੀ ਤੇ ਮੁੜ ਆਈ। ਅਸੀਂ ਰਲ ਕੇ ਰੋਟੀ ਖਾਧੀ ਤੇ ਟੀ. ਵੀ. ਵੇਖਣ ਲੱਗ ਪਏ। ਕੁਝ ਚਿਰ ਟੈਲੀਵਿਜ਼ਨ ਵੇਖਿਆ। ਜਦ ਰਾਜਵਿੰਦਰ ਸਿੰਘ ਦੇ ਸੌਣ ਦਾ ਸਮਾਂ ਹੋ ਗਿਆ ਤਾਂ ਉਹਨੂੰ ਸੌਣ ਘੱਲ ਦਿੱਤਾ। ਮੈਂ ਅਜੇ ਘਰ ਦਾ ਨਿੱਕਾ ਮੋਟਾ ਕੰਮ ਕਰਨਾ ਸੀ। ਵਿਹਲੀ ਹੋ ਕੇ ਮੈਂ ਵੀ ਮੰਜੇ 'ਤੇ ਜਾ ਪਈ। ਉਨ੍ਹਾਂ ਨੇ ਖਾ ਪੀ ਕੇ ਲੇਟ ਆਉਣਾ ਸੀ।

ਦੂਜੇ ਦਿਨ ਦੁਪਹਿਰ ਤੋਂ ਬਾਅਦ ਪ੍ਰਿਤਪਾਲ ਸਿੰਘ ਸਕੂਲ ਨਾ ਆਇਆ। ਪਹਿਲਾਂ ਤਾਂ ਮੈਨੂੰ ਚਿੰਤਾ ਹੋਈ। ਫਿਰ ਸੋਚਿਆ। ਸ਼ਾਇਦ ਉਹਨੂੰ ਘਰ ਕੋਈ ਕੰਮ ਹੋ ਗਿਆ ਹੋਵੇਗਾ।

ਛੁੱਟੀ ਹੋਈ ਤਾਂ ਮੈਂ ਹੈਂਡ-ਬੈਂਗ ਫੜਿਆ ਤੇ ਬੱਸ-ਅੱਡੇ ਨੂੰ ਤੁਰ ਪਈ। ਅਜੇ ਤੀਜੀ ਗਲੀ ਹੀ ਮੁੜੀ ਸਾਂ ਕਿ ਲੱਗਾ, ਜਿਵੇਂ ਸਾਮ੍ਹਣੀ ਗਲੀ ਦੇ ਮੋੜ 'ਤੇ ਪ੍ਰਿਤਪਾਲ ਸਿੰਘ ਗੋਰਿਆਂ-ਕਾਲਿਆਂ ਮੁੰਡਿਆਂ ਵਿਚ ਘਿਰਿਆ ਗੱਲਾਂ ਮਾਰ ਰਿਹਾ ਹੋਵੇ। ਵੇਖ ਕੇ ਮੈਂ ਸੋਚਣ ਲੱਗ ਪਈ; ਇਹ ਇਥੇ ਕੀ ਕਰਦਾ ਆ! ਅੱਜ ਸਕੂਲ ਕਿਉਂ ਨਹੀਂ ਆਇਆ, ਅੱਧੀ ਛੁੱਟੀ ਤੋਂ ਪਿੱਛੋਂ? ਥੋੜ੍ਹਾ ਕੁ ਹੋਰ ਅੱਗੇ ਗਈ ਤਾਂ ਜਾਪਿਆ ਜਿਵੇਂ ਉਹ ਸਾਰੇ ਸਿਗਰਟਾਂ ਦੇ ਸੂਟੇ ਖਿੱਚ ਰਹੇ ਹੋਣ। ਵੇਖ ਕੇ ਮੇਰੇ ਅੰਦਰੋਂ ਆਵਾਜ਼ ਆਈ- ਨਹੀਂ, ਇਹ ਕੋਈ ਹੋਰ ਹੋਵੇਗਾ। ਉਹ ਸਿੱਖੀ ਨਾਲ ਏਦਾਂ ਗਦਾਰੀ ਨਹੀਂ ਕਰ ਸਕਦਾ।

ਝੂਠ-ਸੱਚ ਦਾ ਨਤਾਰਾ ਕਰਨ ਲਈ ਮੈਂ ਤਿੱਖੇ ਪੈਰੀਂ ਉਸ ਢਾਣੀ ਵੱਲ ਤੁਰ ਪਈ। ਕੋਲ ਜਾ ਕੇ ਵੇਖਿਆ। ਪ੍ਰਿਤਪਾਲ ਹੀ ਸੀ। ਪਤਾ ਨਹੀਂ, ਫਿਰ ਵੀ ਕਾਹਤੋਂ ਦਿਲ ਇਸ ਸੱਚਾਈ ਨੂੰ ਮੰਨਣ ਤੋਂ ਇਨਕਾਰ ਕਰੀ ਜਾ ਰਿਹਾ ਸੀ! ਫਿਰ ਗਹੁ ਨਾਲ ਉਹਦੇ ਵੱਲ ਵੇਖਿਆ। ਜਦ ਵਿਸ਼ਵਾਸ ਹੋ ਗਿਆ ਕਿ ਉਹ ਹੀ ਸੀ ਤਾਂ ਮੈਂ ਗੁੱਸੇ ਨਾਲ ਸਿਰ ਤੋਂ ਪੈਰਾਂ ਤਕ ਕੰਬਣ ਲੱਗ ਪਈ। ਇਕ ਦਫ਼ਾ ਤਾਂ ਦਿਲ ਵਿਚ ਆਈ ਕਿ ਇਹਦੇ ਮੂੰਹ 'ਤੇ ਲੱਫੜ ਮਾਰ ਕੇ ਪੁੱਛਾਂ, ਤੈਨੂੰ ਸ਼ਰਮ ਨਹੀਂ ਆਉਂਦੀ ਸਿਗਰਟ ਪੀਂਦੇ ਨੂੰ? ਜੇ ਤੈਂ ਇਹੀ ਕੜ੍ਹੀ ਘੋਲਣੀ ਸੀ ਤਾਂ ਸਿੰਘ ਸਜਣ ਦੀ ਕੀ ਲੋੜ ਸੀ? ਪਰ ਦੂਜੇ ਹੀ ਪਲ ਮੇਰੇ ਅੰਦਰੋਂ ਕੋਈ ਬੋਲ ਪਿਆ- ਇਹ ਇੰਡੀਆ ਏ ਕਿ ਚਪੇੜ ਮਾਰ ਦੇਵੇਂਗੀ?

-ਕਿਉਂ ਨਹੀਂ?

-ਕਿਉਂ ਦੀ ਲੱਗਦੀ। ਇਥੋਂ ਦੇ ਕਾਨੂੰਨ ਨਹੀਂ ਜਾਣਦੀ?

-ਜਾਣਦੀ ਹਾਂ।

ਸੰਭਲੀ ਤਾਂ ਦਿਲ ਵਿਚ ਆਈ ਕਿ ਘੱਟੋ ਘਟ ਇਹਨੂੰ ਇਸ ਗੱਲ ਬਾਰੇ ਪੁੱਛਣਾ ਤਾਂ ਚਾਹੀਦਾ ਏ। ਪਰ ਉਸ ਵੇਲੇ ਹੀ ਅੰਦਰੋਂ ਫਿਰ ਕੋਈ ਬੋਲ ਪਿਆ- ਜੇ ਇਹਨੇ ਅੱਗੋ ਕੋਈ ਪੁੱਠੀ ਸਿੱਧੀ ਗੱਲ ਕਹਿ ਦਿੱਤੀ?

ਅੰਤ ਮੈਂ ਆਪੇ ਵਿਚ ਸੜਦੀ ਭੁੱਜਦੀ ਤੇ ਪੈਰ ਘੜੀਸਦੀ ਜਿਹੀ ਬੱਸ-ਅੱਡੇ ਨੂੰ ਤੁਰ ਪਈ। ਮੈਂ ਬੱਸ-ਅੱਡੇ 'ਤੇ ਪੁੱਜੀ ਹੀ ਸੀ ਕਿ ਮੇਰੀ ਬੱਸ ਆ ਗਈ। ਮੈਂ ਬੱਸ ਫੜੀ, ਆਪਣਾ ਬੱਸ-ਪਾਸ ਡਰਾਈਵਰ ਨੂੰ ਵਿਖਾਇਆ ਤੇ ਅੱਗੇ ਲੰਘ ਗਈ। ਜਿਹੜੀ ਵੀ ਸੀਟ ਖ਼ਾਲੀ ਨਜ਼ਰ ਆਈ, ਉਹਦੇ 'ਤੇ ਧੜੰਮ ਕਰ ਕੇ ਢਹਿ ਪਈ। ਪਹਿਲਾਂ ਵਾਂਗ ਇਹ ਵੇਖਣ ਦਾ ਖਿਆਲ ਹੀ ਨਹੀਂ ਸੀ ਰਿਹਾ ਕਿ ਨਾਲ ਦਾ ਮੁਸਾਫ਼ਰ ਸਿਗਰਟ ਤਾਂ ਨਹੀਂ ਸੀ ਪੀਂਦਾ।

ਘਰ ਲਾਗਲੇ ਬੱਸ-ਅੱਡੇ 'ਤੇ ਉਤਰੀ ਤੇ ਸੋਚਾਂ ਵਿਚ ਉਲਝੀ ਹੋਈ ਪੈਰ ਘੜੀਸਦੀ ਜਿਹੀ ਘਰ ਨੂੰ ਤੁਰ ਪਈ। ਦਰਵਾਜ਼ੇ ਅੱਗੇ ਪਹੁੰਚ ਕੇ ਜੇਬ ਵਿਚੋਂ ਕੁੰਜੀ ਕੱਢੀ, ਜਿੰਦਾ ਖੋਲ੍ਹਿਆ ਤੇ ਅੰਦਰ ਜਾ ਵੜ ਗਈ। ਰਾਜਵਿੰਦਰ ਸਿੰਘ ਬੈਡੱਸੈਟੀ 'ਤੇ ਬੈਠਾ ਟੈਲੀਵਿਜ਼ਨ ਵੇਖ ਰਿਹਾ ਸੀ। ਮੈਂ ਹੱਥ-ਪਰਸ ਬੈਡੱਸੈਟੀ 'ਤੇ ਵਗਾਹ ਮਾਰਿਆ, ਪੈਂਟਰੀ ਵਿਚੋਂ ਕੈਂਚੀ ਲਈ ਤੇ ਉਹਨੂੰ ਬਾਹੋਂ ਫੜ ਕੇ ਬਾਥ-ਰੂਮ ਨੂੰ ਲੈ ਗਈ। ਸਿਰੋਂ ਪੱਗ ਲਾਹੀ ਤੇ ਕਾਹਲੀ ਕਾਹਲੀ ਉਹਦੇ ਕੇਸ ਕੱਟ ਦਿੱਤੇ। ਵਾਲ ਕੱਟ ਕੇ ਮੈਂ ਉਹਦੇ ਚਿਹਰੇ ਵੱਲ ਵੇਖਿਆ। ਉਹਦਾ ਓਦਰਿਆ ਤੇ ਨਿੱਕਾ ਜਿਹਾ ਬਣਿਆਂ ਮੂੰਹ ਵੇਖ ਕੇ ਮੇਰੀਆਂ ਧਾਹਾਂ ਨਿਕਲ ਗਈਆਂ। ਮੈਨੂੰ ਫੁੱਟ ਫੁੱਟ ਰੋਂਦੀ ਵੇਖ ਕੇ ਉਹ ਉਚੀ ਉਚੀ ਰੋਣ ਲਗ ਪਿਆ। ਮੈਂ ਰੋਂਦੀ ਵੀ ਰਹੀ ਤੇ ਉਹਨੂੰ ਵਰਾਉਂਦੀ ਵੀ ਰਹੀ। ਉਹ ਡੌਰ ਭੌਰ ਜਿਹਾ ਹੋਇਆ ਰੋਈ ਗਿਆ ਤੇ ਮੇਰੇ ਵੱਲ ਵੇਖੀ ਗਿਆ। ਜਿਵੇਂ ਉਹਨੂੰ ਸਮਝ ਨਾ ਆ ਰਹੀ ਹੋਵੇ ਕਿ ਮੈਂ ਕਾਹਤੋਂ ਉਹਦੇ ਵਾਲ ਰੱਖੇ ਸਨ, ਕਿਉਂ ਕੱਟੇ ਸਨ ਤੇ ਕਾਹਤੋਂ ਧਾਹਾਂ ਮਾਰ ਮਾਰ ਰੋਂਦੀ ਸੀ।

[72, Crathorne Ave, Oxley, Wolverhampton U.K.]



# ਪੰਜਾਬੀ ਸਾਹਿਤ ਦਾ ਅਧਿਐਨ ਤੇ ਅਧਿਆਪਨ : ਬਦਲਦੇ ਦਿਸਹੱਦੇ

ਤੇਜਵੰਤ ਸਿੰਘ ਗਿੱਲ

ਹੁਣ ਜਿਵੇਂ ਕਿ ਵੀਹਵੀਂ ਸਦੀ ਦਾ ਅੰਤ ਤੇ ਇਸ ਤੋਂ ਅਗਲੀ ਸਦੀ ਦਾ ਆਰੰਭ ਹੋਣ ਵਾਲਾ ਹੈ, ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਨੂੰ ਨਵੀਨ ਚੇਤਨਾ, ਚਿੰਤਨ ਅਤੇ ਵਿਧਾ ਦੀ ਤੀਬਰ ਲੋੜ ਹੈ। ਪੰਜਾਹਵਿਆਂ ਤੇ ਸੱਠਵਿਆਂ ਵਿਚ ਜੋ ਪ੍ਰਯਾਸ ਇਸ ਖੇਤਰ ਵਿਚ ਹੋਇਆ ਸੀ, ਉਸਦੀ ਵਡਮੁੱਲੀ ਦੇਣ ਹੈ। ਉਸ ਤੋਂ ਅਜੇ ਵੀ ਬੜਾ ਕੁਝ ਸਿੱਖਣ ਨੂੰ ਹੈ ਲੇਕਿਨ ਇਸ ਇਤਿਹਾਸਕ ਪੜਾਅ 'ਤੇ ਉਸਦੇ ਇੰਨ ਬਿੰਨ ਅਨੁਕਰਣ ਨਾਲ ਗੁਜ਼ਾਰਾ ਨਹੀਂ ਹੋ ਸਕਦਾ। ਉਸ ਪ੍ਰਯਾਸ ਦਾ ਸਿਹਰਾ ਮੁੱਖ ਤੌਰ 'ਤੇ ਸੰਤ ਸਿੰਘ ਸੇਖੋਂ, ਡਾ. ਹਰਿਭਜਨ ਸਿੰਘ ਤੇ ਪ੍ਰੋ. ਅਤਰ ਸਿੰਘ ਨੂੰ ਜਾਂਦਾ ਹੈ। ਤਿੰਨਾਂ ਨੇ ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਨੂੰ ਚੇਤਨਾ, ਚਿੰਤਨ ਤੇ ਵਿਧਾ ਨਾਲ ਇਉਂ ਲੈਸ ਕਰ ਦਿੱਤਾ ਸੀ ਕਿ ਉਸਦੇ ਟਾਕਰੇ 'ਤੇ ਪਹਿਲਾਂ ਪ੍ਰਚਲਿਤ ਉਘੜ ਦੁਘੜ ਸੂਚਨਾਵਾਂ (ਬਾਵਾ ਬੁੱਧ ਸਿੰਘ), ਖਿੰਡੇ ਪੁੰਡੇ ਪ੍ਰਭਾਵਾਂ (ਪ੍ਰਿੰਸੀਪਲ ਤੇਜਾ ਸਿੰਘ) ਤੇ ਮਨ-ਇੱਛਤ ਵਲਵਲਿਆਂ (ਪ੍ਰੋ. ਪੂਰਨ ਸਿੰਘ) ਦਾ ਕੋਈ ਮਹੱਤਵ ਨਾ ਰਿਹਾ। ਅਪਰੋਖ ਜਾਂ ਪਰੋਖ ਰੂਪ ਵਿਚ ਤਿੰਨਾਂ ਦੇ ਪ੍ਰਯਾਸ ਦੀ ਟੇਕ ਪੰਜਾਬ ਤੇ ਪੰਜਾਬੀਅਤ ਉੱਤੇ ਸੀ ਜਿਸ ਸਦਕਾ ਇਸਦਾ ਵਿਦਿਅਕ ਦੇ ਨਾਲ ਸਭਿਆਚਾਰਕ ਮੁੱਲ ਵੀ ਬਣ ਜਾਂਦਾ ਹੈ। ਇਸ ਇਤਿਹਾਸਕ ਪੜਾਅ 'ਤੇ ਭਾਵੇਂ ਇਸ ਪ੍ਰਯਾਸ ਦਾ ਇੰਨ ਬਿੰਨ ਅਨੁਕਰਣ ਨਾ ਉਚਿਤ ਤੇ ਨਾ ਯੋਗ ਹੈ ਲੇਕਿਨ ਨਵੀਨ ਪ੍ਰਯਾਸ ਦੀ ਕਲਪਨਾ ਲਈ ਇਸ ਦਾ ਵਿਸ਼ਲੇਸ਼ਣ ਤੇ ਮੁਲੰਕਣ ਬਹੁਤ ਜ਼ਰੂਰੀ ਹੈ।

ਸੰਤ ਸਿੰਘ ਸੇਖੋਂ ਵਲੋਂ ਵਿਉਂਤੇ ਪੰਜਾਬੀ ਸਾਹਿਤ ਦੇ ਅਧਿਐਨ ਦੇ ਅਧਿਆਪਨ ਦੀ ਟੇਕ ਪੰਜਾਬ, ਤੇ ਪੰਜਾਬੀਅਤ ਦਾ ਤਸੱਵਰ ਸੀ ਜਿਸ ਦਾ ਸੰਦਰਭ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਪੇਸ਼ ਪਰੰਤੂ ਲੋਕਰਾਜੀ ਤੇ ਸਮਾਜਵਾਦੀ ਕਦਰਾਂ ਕੀਮਤਾਂ ਨਾਲ ਪ੍ਰਣਾਇਆ ਇਹ ਖੇਤਰ ਹੋਣਾ ਸੀ। ਭਾਵੇਂ ਵੰਡ ਉਪਰੰਤ ਇਸ ਖੇਤਰ ਦੀ ਇਕਾਗਰਤਾ ਭੰਗ ਹੋ ਗਈ ਸੀ ਤਦ ਵੀ ਇਸਦਾ ਜੋ ਭਾਗ ਭਾਰਤਵਾਰਸ਼ ਵਿਚ ਆ ਗਿਆ ਸੀ ਉਸਦਾ ਸਮੁੱਚੇ ਦੇਸ਼ ਦਾ ਭਵਿੱਖ ਉਸਾਰਨ ਵਿਚ ਨਿਸਚਿਤ ਯੋਗਦਾਨ ਹੋਣਾ ਸੀ। ਡਾ. ਅਤਰ ਸਿੰਘ ਦੇ ਤਸੱਵਰ ਵਿਚ ਆਉਂਦਾ ਪੰਜਾਬ ਇਤਿਹਾਸਕ ਨਾਲੋਂ ਲੋਕਧਾਰਾਈ ਬਿੰਬ ਦਾ ਵਧੇਰੇ ਪ੍ਰੋਤਸਾਹਨ ਕਰਦਾ ਸੀ। ਇਹ ਪੂਰਨ ਸਿੰਘ ਦੀ ਕਵਿਤਾ ਵਿਚੋਂ ਉਭਰਦੇ ਪੰਜਾਬ ਨਾਲ ਜਾ ਮੇਲ ਖਾਂਦਾ ਸੀ ਜਿਸ ਨੂੰ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਚਿੱਤਰਪਟ ਦੇ ਵਿਸ਼ੇਸ਼ ਕਰੱਤਵ ਪਰਾਪਤ ਨਹੀਂ ਹੋ ਸਕਦਾ ਸੀ। ਇਸਦੇ ਬਾਵਜੂਦ ਲੋਕ-ਸਿਮਰਿਤੀ ਵਿਚ ਇਸਦੇ ਬਹੁਤ ਦੇਰ ਤਕ ਵਿਚਰਦੇ ਰਹਿਣਾ ਸੀ। ਅਪਰੋਖ ਰੂਪ ਵਿਚ ਇਤਿਹਾਸਕ ਜਾਂ ਸਭਿਆਚਾਰਕ ਪੰਜਾਬ ਦੀ ਟੇਕ ਡਾ. ਹਰਿਭਜਨ ਸਿੰਘ ਦੇ ਪ੍ਰਯਾਸ ਨਾਲ ਸੰਬੰਧ ਨਹੀਂ ਰੱਖਦੀ। ਵਾਸਤਵ ਵਿਚ ਇਸਦਾ ਪੁਰਾਤਨੀ ਰੂਪ ਜ਼ਰੂਰ ਪਰੋਖ ਹੀ ਉਨ੍ਹਾਂ ਦੇ ਪ੍ਰਯਾਸ ਨਾਲ ਆ ਸੰਬੰਧਤ ਹੁੰਦਾ ਹੈ। ਇਹ ਵਚਿੱਤਰ ਤੇ ਵਿਸ਼ੇਸ਼ ਮੋਟਿਫਾਂ ਦਾ ਜਾਮਨ ਹੈ ਜਿਨ੍ਹਾਂ ਦੀ ਤਲਾਸ਼ ਉਨ੍ਹਾਂ ਦੇ ਅਧਿਐਨ ਤੇ ਅਧਿਆਪਨ ਨੂੰ ਬਲ ਬਖਸ਼ਦੀ ਹੈ।

ਸੇਖੋਂ ਵਲੋਂ ਵਿਉਂਤੇ ਅਧਿਐਨ ਤੇ ਅਧਿਆਪਨ ਲਈ ਜੋ ਵਿਧੀ ਕਾਰਗਰ ਹੋ ਸਕਦੀ ਸੀ ਉਸ ਲਈ ਉਨ੍ਹਾਂ ਨਿਰਵੇਚਨ ਦਾ ਸ਼ਬਦ ਘੜਿਆ ਸੀ। ਭਾਸ਼ਿਕ ਸੰਦਰਭ ਵਿਚ ਇਸਦੀ ਅੰਤਰ-ਪ੍ਰੇਰਨਾ ਉਨ੍ਹਾਂ ਨੂੰ ਗੁਰਬਾਣੀ ਤੋਂ ਹੋਈ ਸੀ ਜਿਸ ਵਿਚ ਅਨੇਕ ਸ਼ਬਦਾਂ ਦੀ ਮੌਲਕ ਘਾੜਤ ਪਰਾਪਤ ਹੈ। ਜੋ ਉਦਾਹਰਣ ਉਨ੍ਹਾਂ ਦੇ ਮਨ ਵਿਚ ਸੀ, ਉਹ ਸੀ ਗੁਰੂ ਅਰਜਨ ਸਾਹਿਬ ਵਲੋਂ ਅਗਿਆਕਾਰ ਨੂੰ ਕਰਮਵਾਚਕ ਦੀ ਥਾਂ ਕਰਤਾਵਾਚਕ ਨਾਂਵ ਵਜੋਂ ਵਰਤਣਾ ਜੋ ਆਗਿਆਪਾਲਕ ਦੇ ਵਿਰੋਧ ਵਿਚ ਬੜਾ ਰੌਚਿਕ ਵੀ ਪ੍ਰਤੀਤ ਹੁੰਦਾ ਹੈ। ਇਸ ਦੀ ਬੌਧਿਕ ਪ੍ਰੇਰਨਾ ਦਾ ਸ੍ਰੋਤ ਕਾਰਲ ਮਾਰਕਸ ਦਾ ਦਰਸ਼ਨ ਤੇ ਫਰਾਇਡ ਦਾ ਮਨੋਵਿਗਿਆਨ ਸੀ ਜਿਨ੍ਹਾਂ ਨੂੰ ਇਸ ਸਦੀ ਦੇ ਅੱਧ ਤਕ ਯੁਗ-ਦ੍ਰਿਸ਼ਟੀ ਦੇ ਨਿਰਮਾਣਕਾਰ ਮੰਨਿਆ ਗਿਆ ਹੈ। ਮਾਰਕਸ

ਦੇ ਦਰਸ਼ਨ ਦੀ ਇਸ ਧਾਰਨਾ ਸਦਕਾ ਕਿ ਕੁੱਲ ਯਥਾਰਥ ਗਤੀਮਾਨ ਦਵੰਦਵਾਦ ਦਾ ਭਾਗੀ ਹੈ, ਸੇਖੋਂ ਲਈ ਚਿੰਤਨ ਦੇ ਹਰੇਕ ਆਕਾਰ ਨੂੰ ਵਾਸਤਵਿਕ ਮੰਨਣਾ ਸੁਭਾਵਕ ਹੋ ਜਾਂਦਾ ਸੀ। ਫਾਰਾਇਡ ਦੇ ਮਨੋਵਿਗਿਆਨ ਦੇ ਪ੍ਰਭਾਵ ਅਧੀਨ ਉਨ੍ਹਾਂ ਦਾ ਇਹ ਮੱਤ ਬਣ ਗਿਆ ਸੀ ਕਿ ਇਸ ਪ੍ਰਕਾਰ ਦੀ ਵਾਸਤਵਿਕਤਾ ਮਨੁੱਖੀ ਮਨ ਦੇ ਧੁਰ ਅੰਦਰ ਤਕ ਨਿਹਿਤ ਹੈ ਜਿਸਦਾ ਹਉਮੈ ਤੇ ਕਾਮ, ਸੁਚੇਤ ਤੇ ਅਚੇਤ ਆਦਿ ਟੱਕਰ ਤੇ ਟਕਰਾਉ ਰਾਹੀਂ ਪ੍ਰਗਟਾਓ ਹੁੰਦਾ ਰਹਿੰਦਾ ਹੈ। ਇਸਦੀ ਅੰਤਰ ਪ੍ਰੇਰਨਾ ਦਾ ਸੋਮਾ ਨਾਨਕ-ਬਾਣੀ ਤੇ ਵਿਸ਼ੇਸ਼ ਕਰਕੇ ਇਸਦਾ ਉਹ ਭਾਗ ਸੀ ਜਿਸ ਵਿਚ ਵਾਸਤਵਿਕ ਸੰਸਾਰ ਦੀ ਭਰਪੂਰ ਆਲੋਚਨਾ ਦਰਜ ਹੈ ਅਤੇ ਜੋ ਫੇਰ ਆਤਮ-ਆਲੋਚਨਾ ਤੋਂ ਵੀ ਗੁਰੇਜ਼ ਨਹੀਂ ਕਰਦੀ। ਇਸ ਪ੍ਰੇਰਨਾ ਤੇ ਆਤਮ-ਪ੍ਰੇਰਨਾ ਦੇ ਵਸ ਨਿਰਵੇਚਨ ਦੀ ਪ੍ਰਕਿਰਤੀ ਤੇ ਪ੍ਰਕਿਰਿਆ, ਸੇਖੋਂ ਲਈ ਦਾਰਸ਼ਨਿਕ ਤੇ ਵਿਚਾਰਧਾਰਕ ਹੀ ਨਹੀਂ ਸਗੋਂ ਵਿਹਾਰਕ ਤੇ ਵਿਧੀ ਮੂਲਕ ਮਹੱਤਵ ਨਾਲ ਓਤਪੋਤ ਹੋ ਗਈ। ਉਨ੍ਹਾਂ ਦਾ ਇਹ ਵਿਕਲਪ ਬਣ ਗਿਆ ਕਿ "ਸਮੇਂ ਦੀ ਪ੍ਰਤੀਨਿਧ ਦ੍ਰਿਸ਼ਟੀ" ਦੀ ਲੋਅ ਵਿਚ "ਇਤਿਹਾਸਕ ਜਾਂ ਮਿਥਿਹਾਸਕ ਘਟਨਾਵਾਂ ਨੂੰ ਸਮਝਣ ਦਾ ਯਤਨ ਕੀਤਾ ਜਾਣਾ ਕੇਵਲ ਲੋੜੀਂਦੀ ਗੱਲ ਹੀ ਨਹੀਂ ਸਗੋਂ ਆਵੱਸ਼ਕ ਵੀ ਹੈ। ਇਤਿਹਾਸ ਜਾਂ ਮਿਥਿਹਾਸ ਦਾ ਸਮੇਂ ਦੀ ਪ੍ਰਤੀਨਿਧ ਦ੍ਰਿਸ਼ਟੀ ਤੋਂ ਬਾਹਰ ਹੋਰ ਕੋਈ ਅਰਥ ਹੋ ਹੀ ਨਹੀਂ ਸਕਦਾ।" (ਦਮਯੰਤੀ, ਪੰਨਾ 6) ਇਕ ਹੋਰ ਥਾਂ (ਮੇਰਾ ਨਾਟਕੀ ਅਨੁਭਵ ਪੰਨਾ 35) ਵਿਚ ਨਿਰਵੇਚਨ ਨਾਲ ਨਿਰਮਾਣਕਾਰੀ ਵਿਸ਼ੇਸ਼ ਵੀ ਆ ਜੁੜਦਾ ਹੈ। ਇਸ ਤੋਂ ਅਨੁਮਾਨ ਹੋ ਸਕਦਾ ਹੈ ਕਿ ਉਨ੍ਹਾਂ ਲਈ ਇਸ ਵਿਧੀ ਦਾ ਪ੍ਰਯੋਜਨ ਰਚਨਾ ਨੂੰ ਸਵੀਕਾਰਨ ਦੇ ਨਾਲ ਨਿਕਾਰਨ ਵੱਲ ਵੀ ਰੁਚਿਤ ਹੈ। ਇਹ ਵਿਧੀ ਕਲਿਆਣਕਾਰੀ ਨਹੀਂ ਜੋ ਇਕੋ ਪ੍ਰਯਾਸ ਰਾਹੀਂ ਆਪਣੇ ਅੰਤਮ ਲਖਸ਼ ਨੂੰ ਪਰਾਪਤ ਕਰਨਾ ਲੋਚਦੀ ਹੋਵੇ ਸਗੋਂ ਨਿਰਮਾਣਕਾਰੀ ਹੈ ਜੋ ਭਵਿੱਖ ਦੇ ਦਿਸਹੱਦਿਆਂ ਨੂੰ ਵਰਤਮਾਨ ਦਾ ਭਾਗ ਬਣਾਉਣ ਲਈ ਤਤਪਰ ਹੈ। ਇਸ ਪ੍ਰੇਰਨਾ ਤੇ ਅੰਤਰ ਪ੍ਰੇਰਨਾ ਵੱਸ ਸੇਖੋਂ ਦੇ ਅਧਿਐਨ ਤੇ ਅਧਿਆਪਨ ਦਾ ਪਰਿਪੇਖ ਤਾਂ ਵਿਸ਼ਵ ਵਿਆਪੀ ਹੋ ਗਿਆ ਲੇਕਿਨ ਇਦਾ ਧਰਾਤਲ ਉਨ੍ਹਾਂ ਦਾ ਆਪਣਾ ਦੇਸ਼ ਵਿਸ਼ੇਸ਼ ਕਰਕੇ ਪੰਜਾਬ ਤੇ ਇਸਦੇ ਸਭਿਆਚਾਰ ਦਾ ਸਭ ਤੋਂ ਗੌਰਵਮਈ ਭਾਗ ਬਣ ਗਿਆ। ਇਸ ਪ੍ਰਤੀ ਕਿੱਤੂ ਤਾਂ ਇਸ ਅਹਿਸਾਸ ਦੇ ਪ੍ਰਬਲ ਹੋਣ ਨਾਲ ਹੀ ਬਣਦਾ ਹੈ ਕਿ ਉਪਰੋਕਤ ਦ੍ਰਿਸ਼ਟੀ ਏਕੀਕ੍ਰਿਤ ਭਾਵਨਾ ਤੋਂ ਮੁਕਤ ਨਹੀਂ। ਭਾਵੇਂ ਆਪਣੀ ਸਥਾਪਤੀ ਨੂੰ ਸਥਿਰ ਤੇ ਸੁਰੱਖਿਅਤ ਰੱਖਣਾ ਇਸਦਾ ਮੁੱਖ ਸਰੋਕਾਰ ਨਹੀਂ ਪਰੰਤੂ ਮਾਰਕਸ ਤੇ ਫਾਰਾਇਡ ਤੋਂ ਮਗਰਲੇ ਚਿੰਤਕ ਨਾਲ ਸੰਵਾਦ ਇਸਦਾ ਉਸ ਪ੍ਰਕਾਰ ਤੀਬਰ ਲਖਸ਼ ਜਿਵੇਂ ਪੰਜਾਬੀ ਜੀਵਨ 'ਤੇ ਵਾਰਿਦ ਤਬਦੀਲੀਆਂ ਨੂੰ ਗ੍ਰਹਿਣ ਕਰਨ ਲਈ ਇਹ ਵਧੇਰੇ ਤੋਂ ਵਧੇਰੇ ਜ਼ਰੂਰੀ ਹੋ ਰਿਹਾ ਹੈ। ਮੂਲ ਪੰਜਾਬ ਦੀ ਪਹਿਲਾਂ ਵੰਡ ਤੇ ਫੇਰ ਭਾਰਤੀ ਪੰਜਾਬ ਦਾ ਵਿਭਾਜਨ, ਇਸਦੇ ਫਲਸਰੂਪ ਪੰਜਾਬੀਆਂ ਦਾ ਵਧੇਰੇ ਤੋਂ ਵਧੇਰੇ ਗਿਣਤੀ ਵਿਚ ਆਵਾਸ ਤੇ ਇਸ ਆਵਾਸ ਸਦਕਾ ਪੰਜਾਬ ਦੇ ਵਾਸੀ ਹੋਣ ਦਾ ਗੈਰ-ਪੰਜਾਬੀ ਖੇਤਰਾਂ ਦੇ ਨਿਵਾਸੀ ਹੋਣ ਨਾਲ ਟਕਰਾਉ ਇਹਨਾਂ ਤਬਦੀਲੀਆਂ ਦੇ ਇਤਿਹਾਸਕ ਤੇ ਵਿਆਪਕ ਕਾਰਨ ਹਨ।

ਇਹ ਵਿਰੋਧ ਤੇ ਅੰਤਰ-ਵਿਰੋਧ ਸੇਖੋਂ ਦੇ ਅਧਿਐਨ ਤੇ ਅਧਿਆਪਨ ਵਿਚੋਂ ਪ੍ਰਗਟ ਹੋਣਾ ਲਾਜ਼ਮੀ ਸੀ। ਜਦੋਂ ਇਸ ਦ੍ਰਿਸ਼ਟੀ ਦੀ ਚੜ੍ਹਤ ਸੀ ਉਨ੍ਹਾਂ 'ਸਾਹਿਤਿਆਰਥ' 'ਤੇ 'ਪੰਜਾਬੀ ਕਾਵਿ ਸ਼੍ਰੋਮਣੀ' ਵਰਗੀਆਂ ਅਲੌਕਿਕ ਰਚਨਾਵਾਂ ਰਚੀਆਂ। ਜਿਸ ਉਤਸ਼ਾਹ ਨਾਲ ਇਹਨਾਂ ਰਚਨਾਵਾਂ ਨੂੰ ਪੜ੍ਹਿਆ ਗਿਆ ਉਸ ਤੋਂ ਠੀਕ ਹੀ ਉਨ੍ਹਾਂ ਦਾ ਮੱਤ ਬਣਿਆ ਕਿ "ਪੰਜਾਬੀ ਸਾਹਿਤ ਆਲੋਚਨਾ ਦੀ ਪਰਿਪਾਟੀ ਦੀ ਸਥਾਪਨਾ ਵਿਚ ਮੇਰਾ ਪ੍ਰਭਾਵ ਸਭ ਪਾਸੇ ਮੰਨਿਆ ਗਿਆ ਹੈ।.... ਮੈਨੂੰ ਇਕ ਵਿਜਯੀ ਵਾਲੀ ਖ਼ੁਸ਼ੀ ਹੈ ਕਿ ਪੰਜਾਬੀ ਭਾਸ਼ਾ ਦੀ ਸ਼ੈਲੀ ਹੁਣ ਸਰਵੱਤਰ ਮੇਰੇ ਵਾਲੀ ਹੈ।" (ਉਮਰ ਦਾ ਪੰਧ, ਪੰਨਾ 289) ਇਸ ਮੱਤ ਵਿਚ ਕੁਝ ਵੀ ਅਤਿਕਥਨੀ ਵਾਲਾ ਨਹੀਂ ਸੀ ਕਿਉਂ ਜੋ ਜੇ 'ਸਾਹਿਤਿਆਰਥ' ਪੰਜਾਬੀ ਕਾਵਿ-ਸ਼ਾਸਤਰ ਬਾਰੇ ਪ੍ਰਥਮ ਤੇ



ਹੁਣ ਤਕ ਸਭ ਤੋਂ ਮਹੱਤਵ ਵਾਲੀ ਪੁਸਤਕ ਹੈ ਤਾਂ 'ਪੰਜਾਬੀ ਕਾਵਿ ਸ਼੍ਰੋਮਣੀ' ਵਿਚ ਵੀ 'ਜਪੁਜੀ ਸਾਹਿਬ ਦਾ ਬੌਧਿਕ ਰਹੱਸ' ਵਰਗੇ ਗਹਿਰ ਗੰਭੀਰ ਲੇਖ ਸ਼ਾਮਲ ਹਨ ਜਿਨ੍ਹਾਂ ਵਿਚ ਗੁਰੂ-ਕਵੀਆਂ ਦੇ ਚਿੰਤਨ ਵਿਚਲੇ ਸਾਹਸ ਨੂੰ ਹੀ ਪਹਿਚਾਣਿਆ ਨਹੀਂ ਗਿਆ ਸਗੋਂ ਦਰਪੇਸ਼ ਔਕੜਾਂ ਦੀ ਵੀ ਭਰਪੂਰ ਨਿਸ਼ਾਨਦੇਹੀ ਕੀਤੀ ਗਈ ਹੈ। ਬਾਅਦ ਵਿਚ ਸੇਖੋਂ 'ਨਾਵਲ ਤੇ ਪਲਾਟ' ਵਰਗੀ ਅਕਾਦਮਿਕ ਜਹੀ ਪੁਸਤਕ ਲਿਖਣ ਲਈ ਪ੍ਰੇਰਿਤ ਹੋਏ ਅਤੇ 'ਪ੍ਰਾ-ਸਾਹਿਤ ਸਾਹਿਤ ਤੇ ਅਣ-ਸਾਹਿਤ' ਵਰਗੇ ਲੇਖ ਛਪਵਾਉਣ ਲਈ ਵੀ ਜੋ ਰਚਨਾਤਮਕ ਸੁਤੰਤਰਤਾ ਨਾਲੋਂ ਸੰਕਲਪਾਤਕ ਬੰਦਿਸ਼ ਦੀ ਵਧੇਰੇ ਝਾਤ ਪਾਉਂਦੇ ਹਨ। ਕੁਝ ਜਾਇਜ਼ ਤੇ ਕੁਝ ਨਜਾਇਜ਼ ਕ੍ਰੋਧ ਵਸ ਡਾ. ਹਰਿਭਜਨ ਸਿੰਘ ਨੇ ਇਸਦੇ ਜਵਾਬ ਵਿਚ ਦੋ ਲੇਖ ਲਿਖੇ ਹਨ ਜਿਨ੍ਹਾਂ ਦਾ ਉਨ੍ਹਾਂ ਵੱਲੋਂ ਵਿਉਂਤੇ ਅਧਿਐਨ ਤੇ ਅਧਿਆਪਨ ਨਾਲ ਗੂੜ੍ਹਾ ਸੰਬੰਧ ਬਣਦਾ ਹੈ। ਮੈਨੂੰ ਤਸੱਲੀ ਹੈ ਕਿ ਮੈਂ ਵੀ ਇਕ ਲੇਖ ਸੇਖੋਂ ਅਤੇ ਦੂਜਾ ਡਾ. ਹਰਿਭਜਨ ਸਿੰਘ ਦੇ ਮੱਤ ਸੰਬੰਧੀ ਲਿਖ ਕੇ ਇਸ ਸੰਵਾਦ ਵਿਚ ਆਪਣੀ ਹਾਜ਼ਰੀ ਲੁਆਈ ਸੀ। ਉਹਨਾਂ ਦਾ ਕੁਝ ਨਾ ਕੁਝ ਸੰਬੰਧ ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਨਾਲ ਅਵੱਸ਼ ਹੈ ਜਿਸਦਾ ਇਸ ਪੜਾਅ 'ਤੇ ਤਸੱਵਰ ਲਾਜ਼ਮੀ ਹੈ।

ਇਸ ਸਭ ਕੁਝ ਦੇ ਫਲਸਰੂਪ, ਨਿਰਵੇਚਨ ਦੀ ਪ੍ਰਕਿਰਤੀ ਤੇ ਪ੍ਰਕਿਰਿਆ ਨੂੰ ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਵਿਚ ਸਰਵੱਤਰ ਤੇ ਸਥਾਈ ਮਹੱਤਵ ਪਰਾਪਤ ਹੋ ਗਿਆ। ਆਤਮ-ਆਲੋਚਨਾ ਨਾਲ ਲੈਸ ਇਹ ਦ੍ਰਿਸ਼ਟੀ ਵਿਸ਼ਲੇਸ਼ਣ ਤੇ ਮੁਲੰਕਣ ਨੂੰ ਆਪਣੇ ਕਲਾਵੇ ਵਿਚ ਲੈ ਕੇ ਵਿਵੇਚਨ ਤੋਂ ਪੁਨਰ ਮੁਲੰਕਣ ਤਕ ਦਾ ਪੰਧ ਤੈਅ ਕਰਦੀ ਸੀ। ਕਿਉਂਕਿ ਸੱਤਰਵਿਆਂ ਵਿਚ ਆ ਕੇ ਇਸਦੀ ਸਮਰੱਥਾ ਸਿੱਥਲ ਹੋਣ ਲੱਗ ਪਈ ਸੀ, ਇਸ ਲਈ ਉਸ ਦੌਰ ਵਿਚ ਇਸ ਤੋਂ ਭਿੰਨ ਵਿਕਲਪਾਂ ਨੂੰ ਲੱਭਣ ਦਾ ਯਤਨ ਕੀਤਾ ਗਿਆ। ਜਿਵੇਂ ਕਿ ਆਰੰਭ ਵਿਚ ਹੀ ਸੰਕੇਤ ਹੋ ਚੁੱਕਿਆ ਹੈ, ਜਿਸ ਯਤਨ ਵਿਚ ਡਾ. ਹਰਿਭਜਨ ਸਿੰਘ ਤੇ ਡਾ. ਅਤਰ ਸਿੰਘ ਦਾ ਸਭ ਤੋਂ ਵਧੇਰੇ ਯੋਗਦਾਨ ਸੀ। ਇਹ ਵੱਖਰੀ ਗੱਲ ਹੈ ਕਿ ਇਸ ਬਾਰੇ ਯਤਨ ਵਿਚ ਉਹ ਮਾਰਕਸੀ ਦ੍ਰਿਸ਼ਟੀ ਤੋਂ ਹਟ ਕੇ ਉਭਰੇ ਚਿੰਤਨ ਦਾ ਪੱਖ ਪੂਰਦੇ ਰਹੇ ਅਤੇ ਨਿਰਵੇਚਨ ਵਰਗਾ ਕੋਈ ਮੌਲਿਕ ਵਿਕਲਪ ਪ੍ਰਸਤੁਤ ਨਾ ਕਰ ਸਕੇ ਜੋ ਪ੍ਰੇਰਨਾ ਤੇ ਅੰਤਰ-ਪ੍ਰੇਰਨਾ ਵਿਚੋਂ ਪ੍ਰਫੁਲਤ ਹੋਣ ਕਾਰਨ ਦੇਸੀ ਭਾਵਨਾ ਤੇ ਬਿਦੇਸ਼ੀ ਗਿਆਨ ਦਾ ਸਮਾਵੇਸ਼ ਪੇਸ਼ ਕਰ ਸਕਦਾ।

ਇਸ ਪ੍ਰਸੰਗ ਵਿਚ ਡਾ. ਹਰਿਭਜਨ ਸਿੰਘ ਨੇ ਕੁਝ ਵਧੇਰੇ ਹੀ ਤੀਬਰਤਾ ਤੇ ਕਾਹਲ ਤੋਂ ਕੰਮ ਲਿਆ। ਸੁਭਾਵਕ ਹੀ ਉਨ੍ਹਾਂ ਵੱਲੋਂ ਇਕ ਵਿਕਲਪ ਤੋਂ ਦੂਜੇ ਵਿਕਲਪ ਤਕ ਵੀ ਵਕਾਲਤ ਵੱਖੋ ਵੱਖਰੇ ਖੰਡਾਂ ਵਿਚ ਹੀ ਪੇਸ਼ ਹੋ ਸਕੀ। ਜੇ ਉਨ੍ਹਾਂ ਦੀ ਪ੍ਰਥਮ ਰਚਨਾ (ਅਧਿਐਨ ਤੇ ਅਧਿਆਪਨ) ਵਿਚ ਇਹ ਕ੍ਰੋਚਿ ਵਲੋਂ ਵਰੋਸਾਈ ਅਭਿਵਿਅੰਜਨਾ ਨਾਲ ਸੰਬੰਧਤ ਹੈ ਤਾਂ ਇਸ ਤੋਂ ਅਗਲੀ (ਰੂਪਕੀ) ਵਿਚ ਇਹ ਰੂਸੀ ਰੂਪਵਾਦੀਆਂ ਵਲੋਂ ਪੇਸ਼ ਅਜਨਬੀਕਰਨ ਤੇ ਫੇਰ (ਸਿਸਟਮੀ) ਵਿਚ ਫਰਾਂਸ ਦੇ ਲੈਵੀ ਸੱਤਰਾਸ ਤੇ ਰੋਲਾਂ ਬਾਰਤ ਵਲੋਂ ਸੰਕਲਪਤ ਸੰਰਚਨਾ ਅਤੇ ਅੰਤਮ (ਖਾਮੋਸ਼ੀ ਦਾ ਜਜ਼ੀਰਾ) ਵਿਚ ਦੈਰੀਦਾ ਦੇ ਅਮਰੀਕੀ ਪੈਰੋਕਾਰਾਂ ਵਲੋਂ ਅਕਾਦਮਿਕ ਢੰਗ ਨਾਲ ਪਰਚਾਰੀ ਵਿਸਥਾਪਨਾ ਨਾਲ ਲਗਾਓ ਦਿਖਾਉਂਦੀ ਚਲੀ ਗਈ ਹੈ। ਇਸ ਦੌਰਾਨ ਉਨ੍ਹਾਂ ਨੂੰ ਇਸ ਦੋਸ਼ ਦਾ ਵੀ ਭਾਗੀ ਬਣਨਾ ਪਿਆ ਕਿ ਇਹਨਾਂ ਵਿਕਲਪਾਂ ਦੀ ਪਰਿਪੱਕ ਚੇਤਨਾ ਤੋਂ ਬਿਨਾਂ ਹੀ ਉਹ ਆਪਣਾ ਅਧਿਐਨ ਤੇ ਅਧਿਆਪਨ ਪੇਸ਼ ਕਰਦੇ ਰਹੇ ਹਨ। ਅਪੂਰਤ ਸਿਧਾਂਤੀਕਰਨ ਦੇ ਨਜ਼ਰੀਏ ਤੋਂ ਭਾਵੇਂ ਇਸ ਦੋਸ਼ ਵਿਚ ਕੋਈ ਤੁਕ ਨਜ਼ਰ ਆ ਜਾਵੇ ਲੇਕਿਨ ਉਹਨਾਂ ਦੀ ਨਿਰਮਲ ਤਾਂ ਨਹੀਂ ਪਰੰਤੂ ਦੁਜੈਲੀ ਵਰਤੋਂ ਰਾਹੀਂ ਡਾ. ਹਰਿਭਜਨ ਸਿੰਘ ਸੰਬੰਧਤ ਪਾਠਾਂ ਨਾਲ ਮੋਹ ਜਾਂ ਨਿਰਮੋਹ ਦਾ ਅਜੇਹਾ ਨਿਕਟਵਰਤੀ ਨਾਤਾ ਬਣਾ ਲੈਂਦੇ ਸਨ ਜਿਸ ਅੱਗੇ ਉਪਰੋਕਤ ਸਿਧਾਂਤਕ ਅਵੱਗਿਆ ਦਾ ਕੁਝ ਵੀ ਨਹੀਂ ਵੱਟੀਂਦਾ ਸੀ। ਇਸੇ ਕਾਰਨ ਹੀ ਪ੍ਰਤੀਤ ਹੁੰਦਾ ਹੈ ਕਿ ਇਹਨਾਂ ਵਿਕਲਪਾਂ ਦੀ ਲੋਅ ਵਿਚ ਪੰਜਾਬੀ ਅਧਿਐਨ ਤੇ ਅਧਿਆਪਨ ਦੀ ਜੇ ਕੋਈ ਪਰਾਪਤੀ ਹੈ ਤਾਂ ਉਸਦਾ ਸਿਹਰਾ ਵਧੇਰੇ ਕਰਕੇ ਡਾ. ਹਰਿਭਜਨ ਸਿੰਘ ਨੂੰ

ਹੀ ਜਾਂਦਾ ਹੈ। ਇਸ ਸਭ ਕੁਝ ਦੇ ਬਾਵਜੂਦ ਇਸਦਾ ਜੋ ਪ੍ਰਤੀਕੂਲ ਪ੍ਰਭਾਵ ਪਿਆ, ਉਹ ਇਹ ਸੀ ਕਿ ਸਭਿਆਚਾਰਕ ਪਿਛੋਕੜ ਨੂੰ ਖਾਰਿਜ ਕਰਕੇ ਵਿਧੀ ਦਾ ਮਸਲਾ ਅਗਰਭੂਮੀ ਵਿਚ ਵਿਚਰਨ ਲੱਗ ਪਿਆ। ਡਾ. ਹਰਿਭਜਨ ਸਿੰਘ ਦੇ ਸਿਖਿਆਰਥੀਆਂ ਤੇ ਵਿਦਿਆਰਥੀਆਂ ਵਿਚ ਇਹ ਮਸਲਾ ਅੱਗੇ ਸੂਚਨਾ ਤਕ ਹੀ ਸਿਮਟ ਗਿਆ। ਇਸ ਨਾਲ ਪੰਜਾਬੀ ਅਧਿਐਨ ਤੇ ਅਧਿਆਪਨ ਵਿਚ ਉਹ ਰੋਲ ਘਚੋਲਾ ਪਿਆ ਜੋ ਅਜੇ ਤਕ ਵੀ ਖ਼ਤਮ ਹੁੰਦਾ ਪ੍ਰਤੀਤ ਨਹੀਂ ਹੁੰਦਾ।

ਡਾ. ਹਰਿਭਜਨ ਸਿੰਘ ਦੇ ਅਧਿਐਨ ਤੇ ਅਧਿਆਪਨ ਵਿਚ ਨਿਹਿਤ ਇਸ ਪ੍ਰਾਹਿਆਪਣ ਨੂੰ ਮੈ ਸੇਖੋਂ ਨਾਲ ਛਿੜੇ ਉਨ੍ਹਾਂ ਦੇ ਸੰਵਾਦ ਦੌਰਾਨ ਵਿਚਾਰ ਅਧੀਨ ਲਿਆਉਣ ਦਾ ਯਤਨ ਕੀਤਾ ਸੀ। ਪ੍ਰਾਹਿਆਪਣ ਦੀ ਖਾਤਰ ਆਪਣਾ ਰੂਪ ਵਟਾਉਂਦੇ ਤੇ ਜਟਿਲਤਾ ਗ੍ਰਹਿਣ ਕਰਦੇ ਇਸ ਅ-ਪ੍ਰਤੀਬੱਧ ਅਮਲ ਦੀ ਇਸਦੇ ਪ੍ਰਤੀਬੱਧ ਬਦਲ ਨਾਲ ਕੀ ਤੁਲਨਾ-ਅਪੇਖਿਆ ਬਣਦੀ ਹੈ ਇਸ ਸੰਬੰਧੀ ਆਪਣੇ ਲੇਖ 'ਕਵਿਤਾ ਤੇ ਗੱਦ ਵਿਚਲਾ ਭੇਦ' ਵਿਚ ਮੈਂ ਇਉਂ ਲਿਖਿਆ ਸੀ:

ਸਹਿਜ-ਗਿਆਨ ਦੀ ਕਠਿਨਤਾ ਤੇ ਰੂਪ ਦੀ ਪੇਚੀਦਗੀ ਕਾਰਨ, ਉਪਰੋਕਤ ਅਜਨਬੀਕਰਨ ਸਿਧਾਂਤ ਬਰੈਖਤ ਦੇ ਵਿਦਰੇਕਤਾ-ਸਿਧਾਂਤ ਤੋਂ ਨਿਸਚੇ ਸਿਰਨਾਤਮਕ ਪ੍ਰਕਿਰਿਆ ਵਲ ਸੰਕੇਤ ਕਰਦਾ ਹੈ। ਬਰੈਖਤ ਦਾ ਵਿਦਰੇਕਤਾ-ਸਿਧਾਂਤ ਰਚਨਾ ਵਿਚ ਵਸਤੂ, ਵਿਅਕਤੀ ਤੇ ਅਨੁਭਵ ਨੂੰ ਉਸਦੇ ਉਸ ਅਨੂਠਾਪਨ ਵਿਚ ਸਿਰਜਣ ਪ੍ਰਤੀ ਪ੍ਰਤੀਬੱਧ ਹੈ ਜਿਸ ਵਿਚ ਇਸਦੀ ਮੌਲਿਕਤਾ ਇਸਦੀ ਵਿਲੱਖਣਤਾ ਨਾਲ ਅਭੇਦ ਹੋ ਜਾਂਦੀ ਹੈ। ਕੁਦਰਤੀ ਤੌਰ 'ਤੇ ਇਸ ਵਿਦਰੇਕਤਾ-ਸਿਧਾਂਤ ਨੂੰ ਵਾਲਟਰ ਬੈਂਜਾਮਿਨ ਦੀ ਇਸ ਦ੍ਰਿਸ਼ਟੀ ਵਿਚ ਦਾਰਸ਼ਨਿਕ ਇਤਿਹਾਸਕ ਸੰਪੰਨਤਾ ਮਿਲ ਜਾਂਦੀ ਹੈ ਕਿ ਰਚਨਾ ਵਿਚ ਵਰਤਮਾਨ ਇਉਂ ਪ੍ਰਜਵਲਤ ਹੋਇਆ ਹੁੰਦਾ ਹੈ ਕਿ ਇਹ ਦੇਸ਼-ਕਾਲ ਦੇ ਗਤੀਮਾਨ ਪ੍ਰਬੰਧ ਦਾ ਅੰਗ ਹੁੰਦਾ ਹੋਇਆ ਇਸ ਨਾਲੋਂ ਭਿੰਨ ਹੋ ਜਾਂਦਾ ਹੈ ਅਤੇ ਅਤੀਤ ਦੇ ਭਵਿੱਖ ਨੂੰ ਆਪਣੇ ਪੂਰਵਲੇ ਤੇ ਅਗੰਮੀ ਇਤਿਹਾਸ ਦੇ ਰੂਪ ਵਿਚ ਢਾਲ ਲੈਂਦਾ ਹੈ। ਇਥੇ ਇਹ ਮੰਨ ਲੈਣ ਵਿਚ ਵੀ ਸੰਕੋਚ ਨਹੀਂ ਹੋ ਸਕਦਾ ਕਿ ਬੈਂਜਾਮਿਨ ਦੀ ਦ੍ਰਿਸ਼ਟੀ ਅਮੂਰਤ ਬਣੀ ਰਹਿੰਦੀ ਹੈ ਜਿਸ ਨੂੰ ਸਮੂਰਤ ਚਿਤਵਣ ਲਈ ਇਸਦੀ ਇਤਿਹਾਸਕ-ਵਿਆਪਕ ਧਾਰਤਲ 'ਤੇ ਵਿਆਖਿਆ ਜ਼ਰੂਰੀ ਹੈ ਜਿਸਨੂੰ ਅਨਤੋਨੀਓ ਗ੍ਰਾਮਸਕੀ ਨੇ ਜੀਵਨਬੋਧ/ਸੁਬੋਧ ਦੇ ਦਵੰਦ ਰਾਹੀਂ ਸਮਝਣ ਦਾ ਯਤਨ ਕੀਤਾ ਹੈ। (ਸਿਰਜਣਾ, ਅਕਤੂਬਰ-ਸਤੰਸਰ 1976, ਪੰਨਾ 13)

ਆਪਣੀ ਧਾਰਨਾ ਮੈਨੂੰ ਅਜੇ ਵੀ ਜਾਇਜ਼ ਅਨੁਭਵ ਹੁੰਦੀ ਹੈ ਕਿਉਂ ਜੋ ਅਜੋਕੇ ਇਤਿਹਾਸਕ ਮੋੜ 'ਤੇ ਜੇ ਡਾ. ਹਰਿਭਜਨ ਸਿੰਘ ਦੀ ਵਿਧੀ ਦਾ ਗੁਣਾਤਮਕ ਲਾਭ ਉਠਾਣਾ ਹੈ ਤਾਂ ਇਸ ਨੂੰ ਉਪਰੋਕਤ ਦਰਪਣ ਰਾਹੀਂ ਵਾਚਣਾ ਅਵੱਸ਼ਕ ਹੈ।

ਸੱਠਵਿਆਂ ਦੇ ਦੌਰ ਦੀ ਆਪਣੀ ਕਿਰਤ (ਦ੍ਰਿਸ਼ਟੀਕੋਣ), ਤੋਂ ਚੱਲ ਕੇ ਅੱਸੀਵਿਆਂ ਦੀ ਅੰਤਮ ਕਿਰਤ 'ਸਾਹਿਤ ਸੰਵੇਦਨਾ' ਵਿਚ ਡਾ. ਅਤਰ ਸਿੰਘ ਨੇ ਸਭਿਆਚਾਰ, ਸਾਮਲੋਚਨਾ, ਸੰਵੇਦਨਾ ਆਦਿ ਦੇ ਵਿਕਲਪ ਪੇਸ਼ ਕੀਤੇ ਜਿਨ੍ਹਾਂ ਦਾ ਪਰੋਖ ਸ੍ਰੋਤ ਰਲਵਾਂ ਮਿਲਵਾਂ ਸੀ। ਇਹਨਾਂ ਵਿਚ ਟੀ. ਐਸ. ਇਲੀਅਟ ਤੇ ਰੀਨ ਵੈਲਿਕ ਆਦਿ ਦੀਆਂ ਧਾਰਨਾਵਾਂ ਦੀ ਭਰਮਾਰ ਸੀ ਜਿਨ੍ਹਾਂ ਦੀ ਪਰਦਾਪੋਸ਼ੀ ਵਿਚ ਪੰਜਾਬੀ ਅਧਿਐਨ ਤੇ ਅਧਿਆਪਨ ਦਾ ਵਿਚਾਰਧਾਰਕ ਇਕਰਾਰ ਉਵੇਂ ਲੋਪ ਹੋ ਸਕਦਾ ਸੀ ਜਿਵੇਂ ਇਹਨਾਂ ਦੇ ਗੈਰ ਮਾਰਕਸੀ ਸ੍ਰੋਤਾਂ ਦਾ ਇਹ ਸੁਚੇਤ ਮੰਤਵ ਸੀ। ਤੀਬਰ ਸਭਿਆਚਾਰਕ ਭਾਵਨਾ ਵਸ ਡਾ. ਅਤਰ ਸਿੰਘ ਇਸਦਾ ਮਾਧਿਅਮ ਨਹੀਂ ਬਣ ਸਕਦੇ ਸਨ। ਵਿਚਾਰਧਾਰਕ ਇਕਰਾਰ ਨਾਲ ਬਣੇ ਅਕੇਵੇਂ ਦੇ ਬਾਵਜੂਦ ਉਨ੍ਹਾਂ ਨੂੰ ਉਪਰੋਂ ਦਿਸਦਾ ਸਭਿਅਕ ਪਰੰਤੂ ਅੰਦਰੋਂ ਪ੍ਰਤੀਤ ਹੁੰਦਾ ਇਹ ਅ-ਸਭਿਆਚਾਰਕ ਕਰਤੱਵ ਸਵੀਕਾਰ ਨਹੀਂ ਸੀ। ਸਭਿਆਚਾਰਕ ਪਿਛੋਕੜ ਨਾਲ ਭਾਵਪੂਰਤ ਲਗਾਉ ਉਨ੍ਹਾਂ ਲਈ ਕਦੇ ਵੀ ਸੰਕਟ ਬਣ ਸਕਦਾ ਸੀ ਜੋ ਬਣਿਆ ਵੀ ਜਿਸਦੀ ਦਸਤਾਵੇਜ਼ੀ ਪੇਸ਼ਕਾਰੀ ਉਨ੍ਹਾਂ ਦੀ ਸੱਤਰਵਿਆਂ ਵਿਚਲੀ ਲਿਖਤ



(ਸਮਦਰਸ਼ਨ) ਵਿਚ ਦਰਜ ਹੈ। ਏਥੇ ਸਭਿਆਚਾਰਕ ਪਿਛੋਕੜ ਦਾ ਮਹੱਤਵ ਐਨਾ ਸਰਵੱਤਰ ਬਣ ਜਾਂਦਾ ਹੈ ਕਿ ਇਸਦੇ ਆਪਣੇ ਵਿਰੋਧ ਤੇ ਅੰਤਰ-ਵਿਰੋਧ ਉਨ੍ਹਾਂ ਲਈ ਗੌਣ ਹੋ ਕੇ ਰਹਿ ਜਾਂਦੇ ਹਨ। ਸੂਫ਼ੀਵਾਦ ਤੇ ਗੁਰਬਾਣੀ ਵਿਚਲਾ ਅੰਤਰ ਜੋ ਉਨ੍ਹਾਂ ਲਈ ਪਹਿਲਾਂ ਪ੍ਰਥਮ ਸੀ ਤੇ ਪ੍ਰਤੀਗਾਮੀ ਬਨਾਮ ਪ੍ਰਗਤੀਵਾਦੀ ਪ੍ਰਤੀਧੁਨੀਆਂ ਦਾ ਲਖਾਇਕ ਵੀ, ਹੁਣ ਵਧੇਰੇ ਮੁਲਾਇਮ ਤੇ ਮਾਰਮਿਕ ਸਰੂਪ ਗ੍ਰਹਿਣ ਕਰ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਦਾ ਅਧਿਐਨ ਤੇ ਅਧਿਆਪਨ ਇਕ ਪਾਸੇ ਸੇਖੋਂ ਦੇ ਪ੍ਰਤੀਬੱਧ ਤੇ ਦੂਜੇ ਪਾਸੇ ਡਾ. ਹਰਿਭਜਨ ਸਿੰਘ ਦੇ ਅ-ਪ੍ਰਤੀਬੱਧ ਅਧਿਐਨ ਤੇ ਅਧਿਆਪਨ ਦੇ ਵਿਚ ਵਿਚਾਲੇ ਵਿਚਰਦਾ ਸੀ। ਇਹ ਵੱਖਰੀ ਗੱਲ ਹੈ ਕਿ ਇਸਦਾ ਪ੍ਰਭਾਵ-ਖੇਤਰ ਵਿਚਾਰਧਾਰਕ ਨਾਲੋਂ ਵਧੇਰੇ ਉਦਾਰਵਾਦੀ ਵੀ ਲੱਗਣ ਲੱਗ ਪੈਂਦਾ ਹੈ। ਏਥੇ ਇਹ ਕਹਿਣ ਵਿਚ ਵੀ ਸੰਕੋਚ ਨਹੀਂ ਹੋ ਸਕਦਾ ਕਿ ਉਦਾਰਚਿੱਤ ਹੋਣ ਦੇ ਬਾਵਜੂਦ, ਪੰਜਾਬੀ ਸਭਿਆਚਾਰ, ਪਰੰਪਰਾ ਤੇ ਉਹਨਾਂ ਦੇ ਸ੍ਰੋਤਾਂ ਬਾਬਤ ਡਾ. ਅਤਰ ਸਿੰਘ ਦੇ ਵਿਚਾਰ ਸਥਾਪਨਾ ਨਾਲੋਂ ਵਿਸਥਾਪਨਾ ਦੇ ਵਧੇਰੇ ਅਧਿਕਾਰੀ ਹਨ। ਮਿਸਾਲ ਵਜੋਂ ਉਨ੍ਹਾਂ ਦੇ ਲੇਖ 'ਪੰਜਾਬ ਤੇ ਪੰਜਾਬੀਅਤ' ਵਿਚ ਜਿਹੜੇ ਕੁਝ ਢੰਗ ਸੁਝਾਏ ਹਨ ਉਹਨਾਂ ਦੇ ਤਾਤਪਰਜ ਇਹ ਚਾਰ ਬਣਦੇ ਹਨ:

(ੳ) ਪੰਜਾਬ ਵਿਚ ਵਸਦੇ ਸਾਰੇ ਧਰਮਾਂ, ਸੰਪਰਦਾਵਾਂ, ਜਾਤਾਂ ਵਰਗਾਂ ਵਿਚ ਪੰਜਾਬੀ ਬੋਲੀ ਮੋਹ ਜਗਾਉਣ ਲਈ ਉਨ੍ਹਾਂ ਦੀਆਂ ਵਿਭਿੰਨ ਸਾਂਸਕ੍ਰਿਤਿਕ ਭਾਵਨਾਵਾਂ ਨੂੰ ਇਸ ਝਲਕਾਣ ਦੇ ਢੋ ਢਕਾਣੇ;

(ਅ) ਪੰਜਾਬ ਦੀ ਸਮੁੱਚੀ ਸਾਂਸਕ੍ਰਿਤਿਕ ਨਿੱਧੀ ਨੂੰ ਪੰਜਾਬੀ ਪ੍ਰਵਾਨ ਕਰਨਾ;

(ੲ) ਪੰਜਾਬ ਦੇ ਰਾਜਨੀਤਕ ਇਤਿਹਾਸ ਦੇ ਨਾਲ ਨਾਲ ਇਸ ਦੇ ਭਿੰਨ ਭਿੰਨ ਪੱਖਾਂ ਦੇ ਇਤਿਹਾਸ ਤਿਆਰ ਕਰਵਾ ਕੇ ਪੰਜਾਬੀਆਂ ਦੇ ਆਤਮ ਗੌਰਵ ਨੂੰ ਬਲਵਾਨ ਬਣਾਉਣਾ;

(ਸ) ਪੰਜਾਬ ਦੀ ਲੋਕਧਾਰਾ ਕੌਮੀ ਮਹਾਂਕਾਵਿ, ਲੋਕ-ਪੁਰਾਣ, ਲੋਕ ਕਥਾਵਾਂ, ਲੋਕ ਗੀਤਾਂ, ਲੋਕ ਗਿਆਨ ਆਦਿ ਦਾ ਆਪਣੀਆਂ ਵਰਤਮਾਨ ਲੋੜਾਂ ਅਨੁਸਾਰ ਪੁਨਰ-ਵਿਵੇਚਨ।

(ਸਮਦਰਸ਼ਨ, ਪੰਨਾ 166-167)

ਕੀ ਇਸ ਪੁਨਰ-ਵਿਵੇਚਨ ਵਿਚ ਵਰਤਮਾਨ ਦੀਆਂ ਲੋੜਾਂ ਨੂੰ ਪਹਿਚਾਨਣ ਲਈ ਕਿਸੇ ਜੀਵਨ-ਦ੍ਰਿਸ਼ਟੀ ਦੀ ਪੁੱਛ ਪ੍ਰਤੀਤ ਹੋਵੇਗੀ, ਇਸ ਬਾਬਤ ਡਾ. ਅਤਰ ਸਿੰਘ ਮੋਨ ਹਨ। ਕਿਸ ਸੀਮਾ ਤਕ ਇਸ ਪੁਨਰ-ਵਿਵੇਚਨ ਨੂੰ ਸਥਾਪਤ ਹੋ ਚੁੱਕੀਆਂ ਕਦਰਾਂ-ਕੀਮਤਾਂ, ਉਹਨਾਂ ਦੇ ਪਿਛੋਕੜ ਵਿਚ ਸਰਗਰਮ ਸੱਤਾਧਾਰੀ ਵਿਚਾਰਾਂ ਦੀ ਬੇਪਰਦਗੀ ਯੋਗ ਹੈ, ਇਸ ਸੰਬੰਧੀ ਵੀ ਉਨ੍ਹਾਂ ਦੀ ਕੋਈ ਸਪੱਸ਼ਟ ਧਾਰਨਾ ਨਹੀਂ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਡਾ. ਅਤਰ ਸਿੰਘ ਦਾ ਪੁਨਰ-ਵਿਵੇਚਨ ਬੇਪਰਦਗੀ ਤੇ ਪਰਦਾਪੋਸ਼ੀ ਦਾ ਅਜੇਹਾ ਖੇਲ ਹੋਣਾ ਲੋਚਦਾ ਹੈ ਜੋ ਪੰਜਾਬੀਆਂ ਵਿਚਕਾਰ ਬਣੇ ਵਿਰੋਧ ਨੂੰ ਖੋਰ ਦੇਵੇ। ਕੀ ਇਸ ਨਾਲ ਉਹਨਾਂ ਨੂੰ ਅਤੀਤ ਤੇ ਵਰਤਮਾਨ ਦਾ ਉਹ ਕਠੋਰ ਸੱਚ ਵੀ ਮੁਹੱਈਆ ਹੋਣਾ ਹੈ, ਇਹ ਗੱਲ ਕਿੰਤੂਮੂਲਕ ਪ੍ਰਤੀਤ ਹੁੰਦੀ ਹੈ। ਇਹ ਸੁਤੰਤਰ ਸੰਵਾਦ ਹੈ ਜਿਸ ਬਿਨਾਂ ਨੱਬੇਵਿਆਂ ਦੇ ਇਸ ਦੌਰ ਵਿਚ ਜਦੋਂ ਇਹ ਸਦੀ ਅੰਤ ਨੂੰ ਪਹੁੰਚਣ 'ਤੇ ਹੈ, ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਦਾ ਗੁਜ਼ਾਰਾ ਨਹੀਂ ਹੋਣਾ। ਕਾਰਨ ਇਸਦਾ ਇਹ ਹੈ ਕਿ ਪੰਜਾਬ, ਪੰਜਾਬੀਅਤ ਤੇ ਪੰਜਾਬੀ ਭਾਸ਼ਾ ਸਥਿਰ ਖੇਤਰ, ਪ੍ਰਵਿਰਤੀ ਤੇ ਮਾਧਿਅਮ ਵਜੋਂ ਵਿਚਰਨ ਦੇ ਅਸਮਰੱਥ ਹੋ ਗਏ ਹਨ। ਵਿਸ਼ਵ ਵਿਆਪੀ ਸੰਦਰਭ ਵਿਚ ਉਹ ਨਿਜ਼ਾਮ ਜੋ ਮਾਰਕਸੀ ਵਿਚਾਰਧਾਰਾ ਤੋਂ ਸੇਧ ਪਰਾਪਤ ਕਰਨ ਦਾ ਦਾਅਵਾ ਕਰਦੇ ਸੀ, ਅਸਲੋਂ ਹੀ ਢਹਿ ਢੇਰੀ ਹੋ ਕੇ ਰਹਿ ਗਏ ਹਨ। ਪੂੰਜੀਵਾਦੀ ਨਿਜ਼ਾਮ ਜੋ ਇਸ ਵਿਚਾਰਧਾਰਾ ਤੋਂ ਵਾਰਿਦ ਹੋਏ ਭੈਅ ਦੀ ਲੋਅ ਵਿਚ ਉਦਾਰਵਾਦੀ ਬਣ ਚੁੱਕੇ ਸਨ, ਆਪਣੀ ਦੂਰ-ਰਸੀ ਸਥਾਪਨਾ/ ਸਥਿਰਤਾ/ ਸੁਰੱਖਿਅਤਾ ਲਈ ਨਵੀਨ ਵਿਸ਼ਵ ਪ੍ਰਬੰਧ ਅਨੁਸਾਰ ਕਤਾਰਬੰਦ ਹੋ ਰਹੇ ਹਨ। ਇਸਦਾ ਤੀਜੀ ਦੁਨੀਆਂ ਦੇ ਦੇਸ਼ਾਂ 'ਤੇ ਪ੍ਰਭਾਵ ਪੈਣਾ ਵੀ ਲਾਜ਼ਮੀ ਹੈ ਜੋ ਆਪਣੇ

ਬਚਾਉ ਲਈ ਇਸ ਕਤਾਰਬੰਦੀ ਵਿਚ ਸੁਰੱਖਿਅਤ ਤੋਂ ਸੁਰੱਖਿਅਤ ਥਾਂ ਦੀ ਤਲਾਸ਼ ਵਿਚ ਹਨ। ਇਸ ਕਾਰਨ ਕਤਾਰਬੰਦ ਹੋ ਰਹੇ ਨਵੀਨ ਵਿਸ਼ਵ ਪ੍ਰਬੰਧ ਦੀ ਰੇਖ ਦੇਖ ਹੇਠ ਇਕ ਨਵੀਨ ਵਿਸ਼ਵ-ਦੁਰਪ੍ਰਬੰਧ ਵੀ ਫੈਲ ਰਿਹਾ ਹੈ। ਨਵੀਨ ਵਿਸ਼ਵ-ਪ੍ਰਬੰਧ ਨਾਲ ਚਕਾਚੂੰਦ ਹੋਏ ਚਿੰਤਨ ਲਈ ਇਤਿਹਾਸ ਦਾ ਅੰਤ ਆ ਪਹੁੰਚਾ ਹੈ ਜਿਸਦਾ ਭਾਵ ਪਰਿਵਰਤਨ ਦਾ ਵਿਨਾਸ਼ ਨਹੀਂ ਸਗੋਂ ਇਸਦੀ ਇੱਛਾ ਅਨੁਸਾਰ ਇਸਦੇ ਵਾਪਰਨ ਦਾ ਇਕਰਾਰ ਹੈ। ਨਵੀਨ ਵਿਸ਼ਵ ਦੁਰਪ੍ਰਬੰਧ ਨੂੰ ਅੱਖੋਂ ਪਰੋਖੇ ਨਾ ਕਰਨ ਵਾਲਾ ਚਿੰਤਨ, ਮਾਨਵਤਾ ਨੂੰ ਸਰਕਮਕ ਰੱਖਣ ਦੇ ਹੱਕ ਵਿਚ ਹੈ ਅਤੇ ਬਹੁਤੀਆਂ ਗਿਆਨ ਪ੍ਰਣਾਲੀਆਂ ਜਿਵੇਂ ਸਭਿਆਚਾਰਕ-ਸਿਧਾਂਤ, ਭਾਸ਼ਾ ਵਿਗਿਆਨ, ਮਨੋ-ਵਿਗਿਆਨ, ਸਮਾਜ-ਵਿਗਿਆਨ ਤੇ ਸਾਹਿਤ-ਸਿਧਾਂਤ, ਭਾਸ਼ਾ ਵਿਗਿਆਨ, ਸਮਾਜ-ਵਿਗਿਆਨ ਅਤੇ ਸਿਧਾਂਤ ਵਿਚ ਆਲੋਚਨਾ ਤੇ ਆਤਮ-ਆਲੋਚਨਾ ਨਾਲ ਪਰਣਾਏ ਸੁੰਤਤਰ ਸੰਵਾਦ ਦੇ ਦਖਲ ਨੂੰ ਸ਼ੁਭ ਕਰਕੇ ਮੰਨਦਾ ਹੈ। ਇਸਦਾ ਪਰਤੱਖ ਪ੍ਰਮਾਣ ਇਹ ਹੈ ਕਿ ਵਿਸਥਾਪਨਾ ਨੂੰ ਗਿਆਨ ਦੀ ਉਪਜ ਤੇ ਪਰਾਪਤੀ ਦੀ ਵਿਧੀ ਦਾ ਨਿਰਮਾਤਾ ਤੇ ਸੰਚਾਲਕ ਦੈਰੀਦਾ ਵੀ ਆਪਣੀ ਮੋੜ ਕਟਵੀਂ ਰਚਨਾ, 'ਸਪੈਕਟਰਜ਼ ਆਫ ਮਾਰਕਸ' ਵਿਚ ਸੁਤੰਤਰ ਸੰਵਾਦ ਵਿਸ਼ੇਸ਼ ਕਰਕੇ ਜਿਵੇਂ ਇਹ ਵਾਲਟਰ ਬੈਂਜਾਮਿਨ ਦੀਆਂ ਰਚਨਾਵਾਂ ਵਿਚ ਪੇਸ਼ ਹਨ, 'ਤੇ ਟੇਕ ਲਾਈ ਬੈਠਾ ਹੈ। ਇਹ ਵੱਖਰੀ ਗੱਲ ਹੈ ਕਿ ਅਮਰੀਕਾ ਦੇ ਅਕਾਦਮਿਕ ਅਦਾਰਿਆਂ ਵਿਚ ਵਿਸਥਾਪਨਾ ਨੂੰ ਪ੍ਰਚਲਿਤ ਕਰਨ ਵਾਲੇ ਬਹੁਤੇ ਬੁੱਧੀਮਾਨ ਲਈ ਇਸ ਪ੍ਰਕਾਰ ਦੀ ਚਿੰਤਨਸ਼ੀਲ ਦੇ ਚਿੰਤਾਜਨਕ ਟੇਕ ਕੋਈ ਅਰਥ ਨਹੀਂ ਰੱਖਦੀ।

ਪਿਛਲੇ ਕੁਝ ਸਾਲਾਂ ਦੌਰਾਨ ਅਮਰੀਕਾ ਦੇ ਅਕਾਦਮਿਕ ਅਦਾਰਿਆਂ ਵਿਚ ਪ੍ਰਚਲਿਤ ਮਨ ਇੱਛਤ ਵਿਸਥਾਪਨਾ ਦੀ ਰੀਸ ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਲਈ ਵੀ ਇਸਦੀ ਪਿਰ ਕਤਾਰਬੰਦ ਹੋ ਰਹੀ ਹੈ। ਵੈਸੇ ਤਾਂ ਦੈਰੀਦਾ ਦੀਆਂ ਪਹਿਲੀਆਂ ਕਿਰਤਾਂ ਭਾਵ 'ਔਨ ਗਰਾਮੇਟਾਲੋਜੀ' ਆਦਿ ਵਿਚ ਇਸ ਪ੍ਰਕਾਰ ਦੀ ਵਿਸਥਾਪਨਾ ਦੀ ਅਣਹੋਂਦ ਨਹੀਂ ਜਿਸ ਵਿਚ ਪਾਠ ਦੇ ਇਤਿਹਾਸਕ ਤੇ ਸਭਿਆਚਾਰਕ ਸੰਦਰਭ ਤੋਂ ਲਾਂਭੇ ਰਹਿ ਕੇ ਇਸਦੀ ਭਾਸ਼ਾ ਵਿਚਲੀਆਂ ਵਿਸੰਗਤੀਆਂ ਨੂੰ ਪ੍ਰਸਤੁਤ ਕਰ ਦੀ ਰੌ ਹੁੰਦੀ ਹੈ। ਆਪਣੀਆਂ ਅਜੋਕੀਆਂ ਲਿਖਤਾਂ ਜਿਨ੍ਹਾਂ ਵਿਚ 'ਸਪੈਕਟਰਜ਼ ਆਫ ਮਾਰਕਸ' ਦੇ ਨਾ 'ਔਨ ਦਾ ਗਿਫਟ ਆਫ ਡੈਥ' ਦਾ ਵਿਸ਼ੇਸ਼ ਜ਼ਿਕਰ ਹੋ ਸਕਦਾ ਹੈ, ਦੈਰੀਦਾ ਨਿਯਮਤ ਤੇ ਨਿਰਣਾਤਮ ਵਿਸਥਾਪਨਾ ਨੂੰ ਅਧਿਐਨ ਤੇ ਅਧਿਆਪਨ ਦੀ ਵਿਧੀ ਵਜੋਂ ਪੇਸ਼ ਕਰਨ ਵੱਲ ਵਧੇਰੇ ਤਤਪਰ ਹੈ। ਪੰਜਾ ਵਿਚ ਵਿਸਥਾਪਨਾ ਨੂੰ ਉਭਾਰਨ ਵਾਲੇ ਵਿਦਵਾਨਾਂ ਨੇ ਉਪਰੋਕਤ ਅੰਤਰ ਨਿਰਸੰਕੋਚ ਅੱਖੋਂ ਪਰੋਖੇ ਕ ਛੱਡਿਆ ਹੋਇਆ ਹੈ। ਇਸਦੇ ਫਲਸਰੂਪ ਅਧਿਐਨ ਤੇ ਅਧਿਆਪਨ ਦੀ ਇਹ ਵਿਧਾ ਸੂਚਨਾ ਤੋਂ ਉਭ ਉਠਣ ਲਈ ਤਤਪਰ ਨਹੀਂ ਜਾਪਦੀ। ਕੀ ਇਸਦੇ ਅਨੁਯਾਈ ਉਸ ਸੀਮਾ ਨੂੰ ਪਾਰ ਕਰ ਸਕਣਗੇ ਜੋ ਹਰਿਭਜਨ ਸਿੰਘ ਦੇ ਵਿਦਿਆਰਥੀ ਤੇ ਸਿਖਿਆਰਥੀ ਕਰਨ ਵਿਚ ਅਸਫਲ ਰਹੇ, ਅਜੇਹਾ ਡਰ ਹੈ ਅਧਿਐਨ ਤੇ ਅਧਿਆਪਨ ਦੀ ਇਸ ਵਿਧੀ 'ਤੇ ਬਰਾਬਰ ਬਣਿਆ ਹੋਇਆ ਹੈ।

ਮੂਲ ਰੂਪ ਵਿਚ ਉਹਨਾਂ ਦਾ ਅਧਿਐਨ ਤੇ ਅਧਿਆਪਨ ਉੱਤਰ-ਆਧੁਨਿਕਤਾ ਦੇ ਉਸ ਰੂਪ ਵਾਹਣ ਬਣਨਾ ਲੋਚਦਾ ਹੈ ਜਿਸਨੂੰ ਉਪਰੋਕਤ ਪਰਿਵਰਤਨ ਜਸ਼ਨਮਈ ਭਾਵਨਾ ਨਾਲ ਸਵੀਕਾਰ ਫਲਸਰੂਪ ਇਸਨੂੰ ਪੰਜਾਬ ਦੇ ਮੂਲਵਾਦੀ ਜਕੜ ਵਿਚ ਸਿਮਟਣ ਜਾਂ ਵਿਸ਼ਵੀਕਰਨ ਦੇ ਵਹਾਉ ਵਿ ਗਰਕ ਹੋ ਜਾਣ ਨੂੰ ਇਸਦੀ ਸ਼ਨਾਖ਼ਤ ਦੇ ਦੋ ਇੱਛਤ ਤੇ ਅਵੱਸ਼ਕ ਪਾਸੇ ਹੀ ਲਗਦੇ ਹਨ। ਆਪ ਸਿਧਾਂਤੀਕਰਨ ਦੌਰਾਨ ਜੋ ਵਧੇਰੇ ਕਰਕੇ ਉਕਤੀਆਂ ਰਾਹੀਂ ਨੇਪਰੇ ਚੜ੍ਹਦਾ ਹੈ, ਇਸਦੇ ਸਮਰਥਕ ਉਹ ਵਿਰੋਧਾਂ ਤੇ ਅੰਤਰ-ਵਿਰੋਧਾਂ ਤੋਂ ਅਵੇਸਲੇ ਰਹਿੰਦੇ ਹਨ ਜੋ ਸੁਤੇ ਸਿੱਧ ਹੀ ਦ੍ਰਿਸ਼ਟੀਗੋਚਰ ਹੋ ਜਾਂਦੇ ਹ ਮਿਸਾਲ ਦੇ ਤੌਰ 'ਤੇ ਉਹਨਾਂ ਨੂੰ ਪਰਮ ਬਿਰਤਾਂਤਾਂ ਦਾ ਖੰਡਨ ਤੇ ਅਲਪ ਬਿਰਤਾਂਤਾਂ ਦਾ ਮੰਡਨ ਬ ਮਨਮੋਹਕ ਪ੍ਰਤੀਤ ਹੁੰਦਾ ਹੈ ਲੇਕਿਨ ਇਸਦੀ ਸਤਹ 'ਤੇ ਭੈਅ ਮੰਡਲਾ ਰਿਹਾ ਹੈ ਨਵੀਨ ਵਿਸ਼ਵ ਦੁਰਪ੍ਰ



ਦੇ ਰੂਪ ਵਿਚ, ਉਸ ਵੱਲ ਉਹਨਾਂ ਦਾ ਰਤਾ ਵੀ ਧਿਆਨ ਨਹੀਂ ਜਾਂਦਾ। ਇਸੇ ਤਰ੍ਹਾਂ ਦਾ ਇਤਰਾਜ਼ ਉਹਨਾਂ ਵੱਲੋਂ ਦੇਹੀ ਸੰਬੰਧੀ ਚਕਾਚੂੰਦ ਕਰਨ ਵਾਲੇ ਵਿਚਾਰ ਨਾਲ ਬਣਦਾ ਹੈ। ਦੇਹੀ ਉਹਨਾਂ ਲਈ ਜਸ਼ਨ ਤੇ ਆਨੰਦ ਦਾ ਕੇਵਲ ਉਹ ਵਾਹਣ ਹੈ ਜਿਸਨੂੰ ਦੇਹਵਾਦ ਦੇ ਮੁੱਢਲੇ ਸਿਧਾਂਤਕਾਰ ਬਾਖਤਿਨ ਨੇ ਧੜ ਦੇ ਨਿਚਲੇ ਭਾਗ ਨਾਲ ਓਤਪੋਤ ਕਰਕੇ ਦੇਖਿਆ ਸੀ। ਵਾਸਤਵ ਵਿਚ ਤਨ ਦਾ ਉਤਲਾ ਭਾਗ ਵੀ ਹੈ ਜਿਸਨੂੰ ਉਸਨੇ ਅੱਖੋਂ ਪਰੋਖੇ ਕਰਨ ਦੀ ਥਾਂ ਪੀੜਾ ਤੇ ਸੰਤਾਪ ਨਾਲ ਸੰਬੰਧਤ ਕਰ ਦਿਤਾ ਸੀ। ਬਾਕੀ ਸਾਹਿਤ ਰਚਨਾ ਵਿਚ ਤਾਂ ਜਿਸਦਾ ਸਾਡੀ ਆਪਣੀ ਹੀਰ ਵਾਰਿਸ ਅਨਿੱਖੜਵਾਂ ਅੰਗ ਹੈ, ਦੇਹੀ ਨੂੰ ਸਮਾਜਕ ਮਾਣਤਾਵਾਂ, ਰਸਮਾਂ ਰਿਵਾਜਾਂ, ਰੋਕਾਂ ਰੁਕਾਵਟਾਂ ਦੇ ਜਟਿਲ ਤੇ ਗੰਭੀਰ ਪ੍ਰਸੰਗ ਵਿਚ ਵਾਚਿਆ ਗਿਆ ਹੈ। ਉਤਰ-ਆਧੁਨਿਕਤਾ ਦਾ ਸੰਦੇਸ਼ ਦੇਣ ਵਾਲੇ ਸਾਡੇ ਵਿਸਥਾਪਨੀ ਵਿਦਵਾਨ ਇਸ ਸਭ ਕੁਝ ਤੋਂ ਅਣਭੋਲ ਐਸਾ ਸਿਧਾਂਤਕ ਪ੍ਰਵਚਨ ਉਸਾਰਦੇ ਹਨ ਜੋ ਅਮੂਰਤ ਹੀ ਨਹੀਂ ਸਗੋਂ ਆਪਣੇ ਢੰਗ ਨਾਲ ਏਕੀਕ੍ਰਿਤ ਵੀ ਹੋ ਨਿਬੜਦਾ ਹੈ।

ਵੈਸੇ ਵੀ ਪਰਮ ਤੇ ਅਲਪ ਬਿਰਤਾਂਤਾਂ ਵਿਚਲਾ ਉਪਰੋਕਤ ਅੰਤਰ ਕਿੰਤੂ-ਮੁਕਤ ਪ੍ਰਤੀਤ ਨਹੀਂ ਹੁੰਦਾ। ਜਿਸ ਤਰ੍ਹਾਂ ਯਾਨ ਲੋਤਾਰ ਦੀ ਕਿਰਤ 'ਦਾ ਪੋਸਟ ਮਾਡਰਨ ਕੰਡੀਸ਼ਨ' ਵਿਚ ਇਸ ਅੰਤਰ ਦੀ ਪੇਸ਼ਕਾਰੀ ਹੋਈ ਹੈ, ਉਸ ਤੋਂ ਤਾਂ ਇਹੋ ਅਨੁਮਾਨ ਲਗ ਸਕਦਾ ਹੈ ਕਿ ਪਰਮ ਬਿਰਤਾਂਤ ਦਾ ਸੱਤਾਧਾਰੀ ਤੇ ਅਲਪ ਬਿਰਤਾਂਤ ਦਾ ਸੱਤਾਹੀਣ ਵਰਗਾਂ ਨਾਲ ਸੰਬੰਧ ਹੈ। ਇਸ ਸੰਬੰਧੀ ਪਹਿਲਾ ਕਿੰਤੂ ਤਾਂ ਇਹੋ ਉੱਠ ਆਉਂਦਾ ਹੈ ਕਿ ਯਹੂਦੀ ਲੋਕ ਜਿਨ੍ਹਾਂ ਦਾ ਬਿਰਤਾਂਤ ਪਰਮ ਤੱਤ ਦੀਆਂ ਚੋਟੀਆਂ ਨੂੰ ਸਰ ਕਰਦਾ ਹੈ ਵੀਹਵੀਂ ਸਦੀ ਤੋਂ ਪਹਿਲਾਂ ਕਦੇ ਵੀ ਸੱਤਾਧਾਰੀ ਨਹੀਂ ਰਹੇ ਸਨ। ਹੁਣ ਜਦੋਂ ਦੇ ਉਹ ਸੱਤਾਧਾਰੀ ਹੋ ਚੁੱਕੇ ਹਨ, ਸੱਤਾਹੀਣ ਫਲਸਤੀਨੀ ਲੋਕਾਂ ਦੇ ਅਲਪ ਬਿਰਤਾਂਤ ਨੇ ਉਹਨਾਂ ਦੇ ਪਰਮ ਤੱਤ ਅੱਗੇ ਅਜੇਹੀ ਚਣੌਤੀ ਪੇਸ਼ ਕੀਤੀ ਹੈ ਕਿ ਵਿਸ਼ਵ ਦੇ ਸਦਭਾਵੀ ਲੋਕਾਂ ਨੂੰ ਹੀ ਨਹੀਂ ਸਗੋਂ ਸੁਹਿਰਦ ਚਿੱਤ ਯਹੂਦੀਆਂ ਨੂੰ ਵੀ ਆਪਣੇ ਪਰਮ ਬਿਰਤਾਂਤ 'ਤੇ ਸ਼ੰਕਾ ਹੋਣ ਲਗ ਪਈ ਹੈ। ਇਸ ਪ੍ਰਸੰਗ ਵਿਚ ਸਿੱਖ ਭਾਈਚਾਰੇ ਦੀ ਉਦਾਹਰਣ ਵੀ ਲਈ ਜਾ ਸਕਦੀ ਹੈ। ਜਦੋਂ ਤਕ ਸਿਖ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਰਾਹੀਂ ਸੱਤਾਧਾਰੀ ਨਹੀਂ ਬਣੇ ਸਨ ਉਹਨਾਂ ਦਾ ਬਿਰਤਾਂਤ ਜਿਵੇਂ ਸੈਨਾਪਤੀ ਦੇ ਗੁਰਸੋਭਾ ਤੇ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪ੍ਰੰਥ ਪ੍ਰਕਾਸ਼ ਵਿਚ ਸਪੱਸ਼ਟ ਪਰਮ ਤੱਟ ਦਾ ਤੀਬਰ ਅਭਿਲਾਖੀ ਸੀ। ਸੱਤਾ ਦੀ ਪਰਾਪਤੀ ਉਪਰੰਤ ਸਭ ਕੁਝ ਜਾਂਦਾ ਰਿਹਾ ਜਿਸਦੀ ਹਿਰਦੇਵੇਦਕ ਤਸਵੀਰ ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਭਲੀਭਾਂਤ ਹੀ ਦਰਜ ਹੋਈ ਮਿਲਦੀ ਹੈ।

ਦੂਜੇ ਇਹ ਗੱਲ ਵੀ ਸਵੀਕਾਰ ਕਰਨੀ ਬਣਦੀ ਹੈ ਕਿ ਕੋਈ ਵੀ ਬਿਰਤਾਂਤ ਭਾਵੇਂ ਉਹ ਪਰਮ ਤੇ ਭਾਵੇਂ ਅਲਪ ਹੋਵੇ, ਗਤੀ ਵਿਚ ਸਮਾਇਆ ਰਹਿੰਦਾ ਹੈ। ਉਸ ਵਿਚ ਨਵੀਨ ਮੋਟਿਫਾਂ, ਅਨੁਭਵਾਂ, ਸੰਬੰਧਾਂ, ਭਾਵਾਂ ਤੇ ਮੁੱਲਾਂ ਦਾ ਪ੍ਰਵੇਸ਼ ਹੁੰਦਾ ਰਹਿੰਦਾ ਹੈ। ਨਾਲ ਹੀ ਸਮਰਥਾ ਵਿਹਾ ਚੁਕੇ ਮੋਟਿਫ, ਅਨੁਭਵ, ਸੰਬੰਧ, ਭਾਵ ਤੇ ਮੁੱਲ ਉਹਨਾਂ ਵਿਚੋਂ ਕਿਰਦੇ ਵੀ ਰਹਿੰਦੇ ਹਨ। ਇਸ ਨਾਲ ਚਾਹੁੰਦਿਆਂ ਵੀ ਵਿਭਿੰਨ ਬਿਰਤਾਂਤ ਪਰਸਪਰ ਆਦਾਨ ਪ੍ਰਦਾਨ ਬਣਾਈ ਰੱਖਦੇ ਹਨ ਤੇ ਸੰਵਾਦ ਰਚਾਈ ਰੱਖਦੇ ਹਨ। ਇਸ ਨਾਲ ਲੋਤਾਰ ਦੀ ਅਗਲੀ ਧਾਰਨਾ ਕਿ ਪਰਮ ਬਿਰਤਾਂਤ ਮੁਜੱਮਿਦ ਹੋ ਜਾਂਦੇ ਹਨ ਅਤੇ ਅਲਪ ਬਿਰਤਾਂਤ ਜਣਨਸ਼ੀਲ ਬਣੇ ਰਹਿੰਦੇ ਹਨ ਫੇਰ ਅਰਥਹੀਣ ਸਿੱਧ ਹੋ ਜਾਂਦੀ ਹੈ। ਇਸੇ ਪ੍ਰਸੰਗ ਵਿਚ ਪਰਮ ਤੇ ਅਲਪ ਇਰਤਾਂਤਾਂ ਦੀ ਦੂਹਰੀ ਗੋਂਦ ਦਾ ਵਿਕਲਪ ਜ਼ੋਰ ਫੜ ਜਾਂਦਾ ਹੈ ਜਿਸ ਅਨੁਸਾਰ ਜੋ ਦੋ ਬਿਰਤਾਂਤ ਮੇਲ ਸੁਮੇਲ ਦੀ ਅਵਸਥਾ ਦੇ ਭਾਗੀ ਹੋਣ ਤਾਂ ਸੁਖਾਂਤ ਦੀ ਸੰਭਾਵਨਾ ਬਣ ਜਾਂਦੀ ਹੈ। ਜੇ ਉਹਨਾਂ ਦੀ ਹੋਣੀ ਟੱਕਰ-ਟਕਰਾਉ ਵਾਲੀ ਹੋਵੇ ਤਾਂ ਦੁਖਾਂਤ ਦਾ ਉਪਜਣਾ ਸੁਭਾਵਕ ਹੋ ਜਾਂਦਾ ਹੈ। ਕਹਿਣ ਤੋਂ ਭਾਵ ਇਹ ਬਣਦਾ ਹੈ ਕਿ ਮਹਾਨ ਸਾਹਿਤ ਕਿਰਤਾਂ ਲਈ ਪਰਮ ਤੇ ਅਲਪ ਬਿਰਤਾਂਤ ਵਿਚਕਾਰ ਆਦਾਨ ਪ੍ਰਦਾਨ ਤੇ ਟੱਕਰ

ਟਕਰਾਉ ਜ਼ਰੂਰੀ ਹੈ। ਇਹਨਾਂ ਦੇ ਅਭਾਵ ਵਿਚ ਉਹਨਾਂ ਲਈ ਸਾਹਿਤਕਤਾ ਦੀਆਂ ਸੰਭਾਵਨਾਵਾਂ ਨੂੰ ਹੰਢਾਉਣਾ ਅਸੰਭਵ ਹੈ। ਇਸ ਪ੍ਰਕਾਰ ਪੰਜਾਬੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਲਈ ਸੁਤੰਤਰ ਸੰਵਾਦ ਦਾ ਚਿੰਤਨ, ਚੇਤਨਾ ਤੇ ਵਿਧੀ ਵਜੋਂ ਵਿਚਰਨਾ ਤੇ ਵਿਕਸਤ ਹੋਣਾ ਜ਼ਰੂਰੀ ਹੈ। ਇਸਦਾ ਲਗਾਵ ਜੀਵਨ-ਦ੍ਰਿਸ਼ਟੀ ਨਾਲ ਤਾਂ ਹੋਵੇਗਾ ਲੇਕਿਨ ਇਸਦਾ ਕੋਈ ਰੂਪ ਉਸ ਲਈ ਅੰਤਮ ਤੇ ਪੂਰਨ ਨਹੀਂ ਹੋਵੇਗਾ। ਇਸਦਾ ਵਾਸਤਵਿਕ ਲੋੜਾਂ ਨਾਲ ਸੰਬੰਧ ਵੀ ਹੋਵੇਗਾ ਪਰੰਤੂ ਇਸਦਾ ਕੁੱਲ ਸਰੋਕਾਰ ਉਹਨਾਂ ਦੀ ਪੂਰਤੀ ਤਕ ਘਟ ਕੇ ਨਹੀਂ ਰਹਿ ਜਾਵੇਗਾ। ਇਸ ਲਈ ਸਾਹਿਤਕ ਜੁਗਤਾਂ ਦੀ ਪਹਿਚਾਣ ਨੂੰ ਵਰਤੋਂ ਵਿਚ ਲਿਆਉਣਾ ਯੋਗ ਹੋਵੇਗਾ ਲੇਕਿਨ ਇਹਨਾਂ ਦੀ ਵਰਤੋਂ ਸੰਦਾਂ ਵਾਂਗ ਨਹੀਂ ਸਗੋਂ ਵਿਕਲਪਾਂ ਵਾਂਗ ਹੋਵੇਗੀ। ਕੁੱਲ ਪਰਾਪਤੀ ਪ੍ਰਤੀ ਇਸਨੂੰ ਸੰਦੇਹ ਬਣਿਆ ਰਹੇਗਾ ਲੇਕਿਨ ਇਸਦੀਆਂ ਵਿਸੰਗਤੀਆਂ ਨੂੰ ਜਸ਼ਨਮਈ ਢੰਗ ਨਾਲ ਉਭਾਰਨਾ ਇਸਦਾ ਲਖਸ਼ ਨਹੀਂ ਹੋਵੇਗਾ।

[19-ਸੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ]

## ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਭਾਸ਼ਾ: ਸਮਾਨੰਤਰ ਮਿਆਰੀਕਰਣ ਦੀ ਲੋੜ

**ਨਵਜੀਤ ਸਿੰਘ ਜੌਹਲ**

ਪੱਤਰਕਾਰੀ ਸ਼ਬਦਾਂ ਦਾ ਅਜਿਹਾ ਸ਼ੀਸ਼ਾ ਹੈ ਜਿਸ ਵਿਚੋਂ ਕੋਈ ਵੀ ਸਮਾਜ ਆਪਣਾ ਸਮਾਜਕ, ਰਾਜਨੀਤਕ, ਧਾਰਮਿਕ, ਸਭਿਆਚਾਰਕ ਅਤੇ ਸਾਹਿਤਕ ਅਕਸ ਵੇਖਦਾ ਹੈ। ਕਿਸੇ ਵੀ ਖਿੱਤੇ ਦੀ ਪੱਤਰਕਾਰੀ ਵਿਸ਼ੇਸ਼ ਪਰਿਸਥਿਤੀਆਂ 'ਚੋਂ ਉਪਜਦੀ ਅਤੇ ਵਿਗਸਦੀ ਹੈ ਅਤੇ ਇਸਦਾ ਸਮੇਂ ਤੇ ਸਥਾਨ ਨਾਲ ਗੂੜ੍ਹਾ ਰਿਸ਼ਤਾ ਹੋਇਆ ਕਰਦਾ ਹੈ। ਪੰਜਾਬੀ ਪੱਤਰਕਾਰੀ ਦੀ ਤਾਂ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਹ ਸਮੇਂ ਸਮੇਂ ਵੱਖ ਵੱਖ ਲਹਿਰਾਂ ਦੇ ਨਾਲ ਨਾਲ ਪ੍ਰਵਾਨ ਚੜ੍ਹੀ ਹੈ। ਪੰਜਾਬੀ ਪੱਤਰਕਾਰੀ ਦੀ ਇਹ ਵਿਸ਼ੇਸ਼ਤਾ ਇਕ ਤਰ੍ਹਾਂ ਨਾਲ ਇਸਦੀ ਸੀਮਾ ਵੀ ਰਹੀ ਹੈ, ਕਿਉਂਕਿ ਅਜਿਹਾ ਹੋਣ ਕਰਕੇ ਇਹ ਇਕ ਪਾਸੇ ਤਾਂ ਪ੍ਰਤੀਬੱਧਤਾ ਦੇ ਬੰਧਨਾਂ ਤੋਂ ਮੁਕਤ ਨਾ ਹੋ ਸਕੀ ਅਤੇ ਦੂਜੇ ਪਾਸੇ ਆਪਣੀ ਹੋਂਦ ਦੇ ਇਕ ਸੌ ਸਾਲਾਂ ਤੋਂ ਵੀ ਵੱਧ ਸਮੇਂ ਤਕ ਕਿੱਤੇ ਜਾਂ ਵਿਹਾਰ ਵਜੋਂ ਆਪਣੀ ਵਿਲੱਖਣ ਪਹਿਚਾਣ ਨਾ ਬਣਾ ਸਕੀ। ਪਰ ਇਹ ਪੰਜਾਬੀ ਸਮਾਜ ਅਤੇ ਜਨ-ਜੀਵਨ ਨਾਲ ਇਸ ਕਦਰ ਜੁੜੀ ਰਹੀ ਕਿ ਇਸਨੇ ਸਮੇਂ ਸਮੇਂ ਪੰਜਾਬ ਦੀ ਰਾਜਨੀਤੀ ਨੂੰ ਸੇਧ ਦਿੱਤੀ ਅਤੇ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਵਿਕਾਸ ਵਿਚ ਅਹਿਮ ਭੂਮਿਕਾ ਅਦਾ ਕੀਤੀ।

ਇਸ ਲੇਖ ਵਿਚ ਪੱਤਰਕਾਰੀ ਅਤੇ ਭਾਸ਼ਾ ਦੇ ਆਪਸੀ ਰਿਸ਼ਤੇ ਦੀਆਂ ਤੰਦਾਂ ਨੂੰ ਪਕੜਕੇ, ਪੱਤਰਕਾਰੀ ਵੱਲੋਂ ਕੀਤੇ ਜਾ ਰਹੇ ਭਾਸ਼ਾ ਦੇ ਵਿਕਾਸ ਦੀ ਦਿਸ਼ਾ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸਦੇ ਨਾਲ ਨਾਲ ਪੱਤਰਕਾਰੀ ਵਿਚ ਵਰਤੀ ਜਾਂਦੀ ਭਾਸ਼ਾ ਦੇ ਮਿਆਰੀਕਰਣ ਦੀ ਲੋੜ ਨੂੰ ਸਮਝਣ ਦਾ ਯਤਨ ਵੀ ਕੀਤਾ ਗਿਆ ਹੈ।

ਪੱਤਰਕਾਰੀ ਦਾ ਉਦੇਸ਼ ਭਾਸ਼ਾ ਦਾ ਵਿਕਾਸ ਕਦਾਚਿਤ ਨਹੀਂ ਹੁੰਦਾ ਪਰ ਇਕ ਅਚੇਤ ਪੱਧਰ 'ਤੇ ਪੱਤਰਕਾਰੀ ਇਹ ਕਾਰਜ ਹਮੇਸ਼ਾ ਕਰਦੀ ਰਹਿੰਦੀ ਹੈ। ਪੱਤਰਕਾਰੀ ਭਾਸ਼ਾ ਦੀ ਸੰਚਾਰਕ ਸ਼ਕਤੀ ਨੂੰ ਵਧਾਉਂਦੀ ਅਤੇ ਇਸਨੂੰ ਜਨ-ਸਾਧਾਰਨ ਦੇ ਵਧੇਰੇ ਨੇੜੇ ਲਿਆਉਂਦੀ ਹੈ। ਪੱਤਰਕਾਰੀ ਦੀ ਭਾਸ਼ਾ ਬੋਲਚਾਲ ਦੀ ਭਾਸ਼ਾ ਦੇ ਨੇੜੇ ਨੇੜੇ ਹੁੰਦੀ ਹੈ। ਪੱਤਰਕਾਰੀ ਦਾ ਪਾਠਕ ਨਾਲ ਰਿਸ਼ਤਾ ਹੀ ਅਜਿਹਾ ਹੈ ਕਿ ਇਹ ਸਵੇਰੇ ਸਵੇਰੇ ਪਾਠਕ ਦੇ ਹੱਥ ਸ਼ਬਦਕੋਸ਼ ਫੜਾਉਣਾ ਗਵਾਰਾ ਹੀ ਨਹੀਂ ਕਰ ਸਕਦੀ। ਨਾ ਹੀ ਇਹ ਪਾਠਕ ਨੂੰ ਕਿਸੇ ਪੇਚੀਦਾ ਜਾਂ ਉਲਝੇ ਹੋਏ ਬਿਰਤਾਂਤ ਵਿਚ ਉਲਝਾ ਸਕਦੀ ਹੈ। ਇਸਦਾ ਪ੍ਰਕਾਰਜ



ਤਾਂ ਪਾਠਕ ਨੂੰ ਸਿੱਧੇ, ਸਪਸ਼ਟ ਤੇ ਸਰਲ ਬਿਰਤਾਂਤ ਰਾਹੀਂ ਸੂਚਨਾ ਅਤੇ ਟਿਪਣੀ ਦੇਣਾ ਹੈ। ਇਸ ਲਈ ਪੱਤਰਕਾਰੀ ਵਿਚ ਜ਼ੋਰ ਭਾਸ਼ਾ ਦੇ ਸੁਹਜ ਉਪਰ ਨਹੀਂ ਸਗੋਂ ਸੰਚਾਰ ਉਪਰ ਰਹਿੰਦਾ ਹੈ।

ਬੜੀ ਦੇਰ ਤਕ ਪੱਤਰਕਾਰੀ ਨੂੰ ਕਾਹਲੀ ਵਿਚ ਅਤੇ ਦਬਾਅ ਹੇਠ ਲਿਖਿਆ ਜਾਂਦਾ ਸਾਹਿਤ ਹੀ ਕਿਹਾ ਜਾਂਦਾ ਰਿਹਾ। ਪਰ ਜਿਉਂ ਜਿਉਂ ਪੱਤਰਕਾਰੀ ਨੇ ਆਪਣੀ ਇਕ ਨਿਵੇਕਲੀ ਪਛਾਣ ਬਣਾਈ, ਤਿਉਂ ਤਿਉਂ ਇਹ ਉਪਰੋਕਤ ਪਰਿਭਾਸ਼ਾ ਤੋਂ ਵੀ ਦੂਰ ਹੁੰਦੀ ਗਈ। ਪੱਤਰਕਾਰੀ ਦੇ ਵਿਕਾਸ ਦੇ ਵੱਖ ਵੱਖ ਦੌਰਾਂ ਅਤੇ ਪੜਾਵਾਂ ਉਤੇ ਇਕ ਮੋਟੀ ਜਿਹੀ ਨਜ਼ਰ ਹੀ ਇਹ ਗਿਆਨ ਕਰਵਾ ਦਿੰਦੀ ਹੈ ਕਿ ਸਮੇਂ ਸਮੇਂ ਬਹੁਤ ਸਾਰੇ ਸਾਹਿਤਕਾਰਾਂ ਨੇ ਪੱਤਰਕਾਰੀ ਨੂੰ ਇਕ ਸਹਾਇਕ ਧੰਦੇ ਵਜੋਂ ਅਪਣਾਇਆ। ਕੁਝ ਲੇਖਕਾਂ ਨੇ ਆਪਣੀ ਮੁੱਢਲੀ ਸਿਖਲਾਈ ਹੀ ਪੱਤਰਕਾਰੀ 'ਚੋਂ ਲਈ। ਜਦੋਂ ਇਨ੍ਹਾਂ ਲੇਖਕਾਂ ਨੇ ਪੱਤਰਕਾਰੀ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ ਸਿਰਜਣਾਤਮਕ ਲੇਖਣ ਨੂੰ ਹੀ ਆਪਣਾ ਲਿਆ ਤਾਂ ਵੀ ਇਨ੍ਹਾਂ ਲੇਖਕਾਂ ਦੀ ਭਾਸ਼ਾ ਉਪਰ ਪੱਤਰਕਾਰੀ ਦੇ ਪ੍ਰਭਾਵ ਸਪਸ਼ਟ ਦਿਖਾਈ ਦਿੰਦੇ ਸਨ। ਇਨ੍ਹਾਂ ਆਪਣੀਆਂ ਸਾਹਿਤਕ ਲਿਖਤਾਂ ਵਿਚ ਵੀ ਭਾਸ਼ਾ ਦੀ ਵਰਤੋਂ ਬੜੇ ਸੰਜਮ ਨਾਲ ਕੀਤੀ ਅਤੇ ਵਧੇਰੇ ਸਾਫ਼ ਸਪਸ਼ਟ ਤੇ ਸਰਲ ਸ਼ੈਲੀ ਅਪਨਾਈ। ਮਾਰਕ ਟਵੇਨ, ਸਟੀਫਲ ਕਰੇਨ, ਫਰੈਂਕ ਨੌਰਿਸ, ਕਾਲਡਵੈਲ ਅਤੇ ਹੈਮਿੰਗਵੇ ਜਿਹੇ ਲੇਖਕਾਂ ਦੀਆਂ ਲਿਖਤਾਂ 'ਚੋਂ ਸੁਹਜ ਦੇ ਨਾਲ ਸੰਕੋਚ ਅਤੇ ਸੰਜਮ ਤੋਂ ਵੀ ਕੰਮ ਲਿਆ ਗਿਆ। ਕਾਲਡਵੈਲ ਇਕ ਥਾਂ ਪੱਤਰਕਾਰੀ ਸੰਬੰਧੀ ਆਪਣੇ ਪ੍ਰਭਾਵ ਦੱਸਦਾ ਹੋਇਆ ਕਹਿੰਦਾ ਹੈ :

"ਪੱਤਰਕਾਰੀ ਦੇ ਕੰਮ ਵਿਚ ਮੈਂ ਬਹੁਤ ਕੁਝ ਸਿਖਿਆ ਅਤੇ ਸਿਖਿਆ ਹੋਇਆ ਬਹੁਤ ਕੁਝ ਭੁਲਾਇਆ। ਸਭ ਤੋਂ ਪਹਿਲਾਂ ਮੈਨੂੰ ਲੇਖਕਾਂ ਵਾਲੀ ਸ਼ੈਲੀ ਛੱਡ ਕੇ ਪੱਤਰਾਕਰੀ ਵਾਲੀ ਸਾਫ ਅਤੇ ਸਿੱਧੀ ਸ਼ੈਲੀ ਵਿਚ ਲਿਖਣਾ ਪਿਆ।"

"ਮੈਂ ਕੋਈ ਖਬਰ ਲਿਖ ਕੇ ਸਹਾਇਕ ਸੰਪਾਦਕ ਕੋਲ ਜਾਂਦਾ। ਉਹ ਹੱਥ ਵਿਚ ਪੈਨਸਲ ਫੜੀ ਖਬਰ ਪੜ੍ਹਦਾ ਹੋਇਆ ਉਸਨੂੰ ਥਾਂ ਥਾਂ ਤੋਂ ਕੱਟਦਾ ਜਾਂਦਾ। ਚਾਰ ਪੰਜ ਸੌ ਲਫਜ਼ਾਂ ਦੀ ਉਹ ਖਬਰ ਅਖੀਰ ਵਿਚ ਛੋਟੇ ਛੋਟੇ ਦਸ ਬਾਰਾਂ ਫਿਕਰਿਆਂ ਦੀ ਰਹਿ ਜਾਂਦੀ। ਤਦ ਸਹਾਇਕ ਸੰਪਾਦਕ ਮੈਨੂੰ ਉਹ ਖਬਰ ਪੰਜ ਛੇ ਫਿਕਰਿਆਂ ਵਿਚ ਲਿਖ ਕੇ ਲਿਆਉਣ ਲਈ ਕਹਿੰਦਾ।"

"ਇਹ ਇਕ ਨਵੀਂ ਕਿਸਮ ਦੀ ਸਿਖਿਆ ਸੀ ਜੋ ਮੈਨੂੰ ਲੇਖਕ ਦੇ ਰੂਪ ਵਿਚ ਮਿਲੀ ਤੇ ਬਾਅਦ ਵਿਚ ਇਸਦਾ ਮੈਨੂੰ ਬਹੁਤ ਫਾਇਦਾ ਹੋਇਆ।"

ਪੱਤਰਕਾਰੀ ਦੀ ਸਾਰੀ ਪ੍ਰਕ੍ਰਿਆ ਘੜੀ ਦੀਆਂ ਸੂਈਆਂ ਦੇ ਦਬਾਅ ਹੇਠ ਚੱਲਦੀ ਹੈ। ਵੱਖ ਵੱਖ ਖੇਤਰਾਂ ਵਿਚ ਹੋ ਰਹੇ ਵਿਕਾਸ ਜਾਂ ਵਿਨਾਸ਼, ਘਟਨਾਵਾਂ, ਹਾਦਸਿਆਂ ਅਤੇ ਜ਼ਿੰਦਗੀ ਦੇ ਅਨੇਕ ਸਿਲਸਿਲਿਆਂ ਨੂੰ ਪੱਤਰਕਾਰ ਨੇ ਇਨ੍ਹਾਂ ਦੇ ਵਾਪਰਨ ਤੋਂ ਕੁਝ ਹੀ ਮਿੰਟਾਂ ਦੇ ਅੰਦਰ ਅੰਦਰ ਪ੍ਰਗਟਾਉਣਾ ਹੁੰਦਾ ਹੈ। ਪੱਤਰਕਾਰ ਇਕ ਸਾਹਿਤਕਾਰ ਵਾਂਗ ਢੁਕਵੇਂ ਸ਼ਬਦਾਂ ਜਾਂ ਵਾਕਾਂ ਦੀ ਉਡੀਕ ਵਿਚ ਮਨ ਚਾਹਿਆ ਸਮਾਂ ਨਹੀਂ ਗੁਜ਼ਾਰ ਸਕਦਾ ਪੱਤਰਕਾਰ ਨੂੰ ਤਾਂ ਹਰ ਹਾਲ ਸ਼ਬਦ ਚਾਹੀਦਾ ਹੈ, ਇਹ ਸ਼ਬਦ ਚਾਹੇ ਉਹ ਆਪ ਘੜੇ ਜਾਂ ਕਿਸੇ ਹੋਰ ਭਾਸ਼ਾ ਤੋਂ ਉਧਾਰ ਲਏ। ਇਸੇ ਪ੍ਰਕ੍ਰਿਆ ਵਿਚ ਪੱਤਰਕਾਰੀ ਕਈ ਵਾਰ ਅਸਲੋਂ ਨਵੇਂ ਸ਼ਬਦ ਘੜ ਲੈਂਦੀ ਹੈ ਅਤੇ ਕਈ ਵਾਰ ਕਿਸੇ ਹੋਰ ਭਾਸ਼ਾ ਦੇ ਸ਼ਬਦਾਂ ਨੂੰ ਮੌਲਿਕ ਰੂਪ ਵਿਚ ਜਾਂ ਆਪਣੇ ਮੁਹਾਵਰੇ ਵਿਚ ਢਾਲ ਕੇ ਅਪਨਾ ਲੈਂਦੀ ਹੈ। ਜਿਸ ਭਾਸ਼ਾ ਦੀ ਪੱਤਰਕਾਰੀ ਮੂਲ ਸੋਮਿਆਂ ਲਈ ਕਿਸੇ ਹੋਰ ਭਾਸ਼ਾ ਉਤੇ ਨਿਰਭਰ ਕਰੇ, ਉਸ ਵਿਚ ਦੂਜੀ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਕਾਫੀ ਮਾਤਰਾ ਵਿਚ ਸੁਤੇ-ਸਿਧ ਹੀ ਹੋਣ ਲੱਗ ਜਾਂਦੀ ਹੈ। ਪੈਨਸ਼ਨ, ਪਟੀਸ਼ਨ, ਇੰਟਰਵਿਊ, ਚੈਕਿੰਗ ਜਿਹੇ ਅਨੇਕ ਸ਼ਬਦ ਅਖਬਾਰੀ ਭਾਸ਼ਾ ਦਾ ਹਿੱਸਾ ਬਣ ਗਏ ਹਨ। ਪਿਛਲੇ ਦਿਨੀਂ 'ਕਲੋਨ' ਸ਼ਬਦ ਦੀ ਵਰਤੋਂ ਵੀ ਹੁੰਦੀ ਰਹੀ ਹੈ।

ਚੰਗੀ ਅਤੇ ਪ੍ਰਭਾਵਸ਼ਾਲੀ ਪੱਤਰਕਾਰੀ ਦੀ ਭਾਸ਼ਾ ਚੁਸਤ ਅਤੇ ਨੁੱਕਦਾਰ ਹੁੰਦੀ ਹੈ। ਸੰਜਮ

ਇਸਦਾ ਵਿਸ਼ੇਸ਼ ਗੁਣ ਰਹਿੰਦਾ ਹੈ। ਪੱਤਰਕਾਰੀ ਦੀ ਕਿਸੇ ਵੀ ਲਿਖਤ ਦੀ ਗਿਣਤੀ ਪੈਰਿਆਂ ਜਾਂ ਸਫ਼ਿਆਂ ਵਿਚ ਨਹੀਂ ਸਗੋਂ ਕਾਲਮਾਂ ਤੇ ਸੈਂਟੀਮੀਟਰਾਂ ਵਿਚ ਹੁੰਦੀ ਹੈ। ਪੱਤਰਕਾਰੀ ਦੀ ਕੋਈ ਵੀ ਲਿਖਤ ਅਸਲ ਵਿਚ ਮੁਕੰਮਲ ਲਿਖਤ ਨਹੀਂ ਸਗੋਂ ਉਸਦਾ ਸੰਖੇਪ ਰੂਪ ਹੀ ਹੁੰਦੀ ਹੈ। ਜਿਉਂ ਜਿਉਂ ਸੂਚਨਾ ਅਤੇ ਗਿਆਨ ਦਾ ਦਬਾਅ ਵਧ ਰਿਹਾ ਹੈ ਤਿਉਂ ਤਿਉਂ ਸੰਖੇਪਤਾ ਉਪਰ ਵਧੇਰੇ ਜ਼ੋਰ ਦਿੱਤਾ ਜਾਣ ਲੱਗ ਗਿਆ ਹੈ।

ਭਾਸ਼ਾ ਦੇ ਵਿਕਾਸ ਦੀ ਇਕ ਆਪਣੀ ਨਿਰੰਤਰ ਪ੍ਰਕ੍ਰਿਆ ਹੈ। ਇਸਦੇ ਆਪਣੇ ਨਿਯਮ ਹਨ। ਪਰ ਹੁਣ ਜਦੋਂ ਭਾਸ਼ਾ ਦੀ ਵਰਤੋਂ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ ਹੈ ਤਾਂ ਇਸਦੇ ਵਿਕਾਸ ਦੀ ਗਤੀ ਨੂੰ ਨਿਰੰਤਰਤ ਕਰਨ ਲਈ ਵੱਖ ਵੱਖ ਅਦਾਰੇ ਜਾਂ ਸੰਗਠਨ ਅਲੱਗ ਅਲੱਗ ਭੂਮਿਕਾਵਾਂ ਨਿਭਾਅ ਰਹੇ ਹਨ। ਕਿਸੇ ਵੀ ਭਾਸ਼ਾ ਨੂੰ ਰਾਜ ਸੀ ਸਰਪਰਸਤੀ, ਵਿਸ਼ਵ-ਵਿਦਿਆਲੇ ਅਤੇ ਦੂਜੇ ਵਿਦਿਅਕ ਅਦਾਰੇ, ਸਾਹਿਤ ਅਤੇ ਪੱਤਰਕਾਰੀ, ਭਾਸ਼ਾ ਦੇ ਵਿਕਾਸ ਵਿਚ ਇਕ ਅਹਿਮ ਯੋਗਦਾਨ ਪਾਉਂਦੇ ਹਨ। ਜਿਹੜੀਆਂ ਭਾਸ਼ਾਵਾਂ ਮੱਧ ਕਾਲ ਵਿਚ ਉਨਤੀ ਕਰ ਗਈਆਂ ਉਨ੍ਹਾਂ ਦੇ ਵਿਕਾਸ ਵਿਚ ਰਾਜ, ਧਰਮ ਅਤੇ ਸਾਹਿਤ ਦੀ ਭੂਮਿਕਾ ਵਧੇਰੇ ਮਹੱਤਵਪੂਰਨ ਰਹੀ ਪਰ ਜਿਨ੍ਹਾਂ ਭਾਸ਼ਾਵਾਂ ਦਾ ਵਿਕਾਸ ਪੱਤਰਕਾਰੀ ਦੇ ਉਨਤ ਹੋਣ ਤੋਂ ਬਾਦ ਜਾਂ ਇਸਦੇ ਸਮਾਨੰਤਰ ਹੋਇਆ, ਉਨ੍ਹਾਂ ਦੇ ਵਿਕਾਸ ਵਿਚ ਪੱਤਰਕਾਰੀ ਦੀ ਭੂਮਿਕਾ ਬਹੁਤ ਅਹਿਮ ਰਹੀ ਹੈ।

ਪੰਜਾਬੀ ਭਾਸ਼ਾ ਦਾ ਵਿਕਾਸ ਪੰਜਾਬੀ ਪੱਤਰਕਾਰੀ ਦੇ ਬਿਲਕੁਲ ਸਮਾਨੰਤਰ ਹੋਇਆ ਹੈ। ਆਪਣੇ ਜਨਮ ਤੋਂ ਬਾਅਦ ਦੀ ਪੌਣੀ ਸਦੀ ਦੌਰਾਨ ਇਸਨੇ ਸੁਚੇਤ ਅਤੇ ਅਚੇਤ ਪੱਧਰ ਉਤੇ ਇਕੱਲੇ ਤੌਰ 'ਤੇ ਹੀ ਪੰਜਾਬੀ ਭਾਸ਼ਾ ਦੇ ਵਿਕਾਸ ਨੂੰ ਗਤੀਸ਼ੀਲ ਰੱਖਿਆ। ਕਿਤਾਬਾਂ ਨਾ ਪੜ੍ਹਨ ਦੀ ਆਦਤ ਕਰਕੇ ਸਾਹਿਤ ਪੰਜਾਬੀਆਂ ਦੇ ਮਨਾਂ ਵਿਚ ਇਕ ਵਿਲੱਖਣ ਹੋਂਦ ਅਤੇ ਪਛਾਣ ਨਾ ਬਣਾ ਸਕਿਆ। ਪੰਜਾਬੀ ਦਾ ਬਹੁਤਾ ਸਾਹਿਤ ਅਤੇ ਲੇਖਕ ਪੱਤਰਕਾਰੀ ਰਾਹੀਂ ਹੀ ਪਾਠਕਾਂ ਤਕ ਪਹੁੰਚੇ। ਇਸੇ ਮਜਬੂਰੀ 'ਚੋਂ ਹੀ ਪੰਜਾਬੀ ਦੇ ਬਹੁਗਿਣਤੀ ਲੇਖਕਾਂ ਨੂੰ ਆਪੋ ਆਪਣੇ ਪਰਚੇ ਕੱਢਣੇ ਪਏ। 1955 ਵਿਚ ਭਾਸ਼ਾ ਵਿਭਾਗ, 1962 ਵਿਚ ਪੰਜਾਬੀ ਯੂਨੀਵਰਸਿਟੀ ਅਤੇ 1966 ਵਿਚ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਪੰਜਾਬੀ ਪੱਤਰਕਾਰੀ ਪੰਜਾਬੀ ਭਾਸ਼ਾ ਦੀ ਨਵੀਂ ਨੁਹਾਰ ਘੜਨ ਅਤੇ ਸ਼ੈਲੀ ਦੀ ਵੰਨ-ਸੁਵੰਨਤਾ ਲਿਆਉਣ ਵਿਚ ਅਹਿਮ ਭੂਮਿਕਾ ਅਦਾ ਕੀਤੀ। ਇਨ੍ਹਾਂ ਅਦਾਰਿਆਂ ਦੇ ਹੋਂਦ ਵਿਚ ਆਉਣ ਤੋਂ ਬਾਅਦ ਅਤੇ ਵਿਸ਼ੇਸ਼ ਕਰਕੇ ਸੱਤਰਵਿਆਂ ਦੇ ਆਖਰੀ ਵਰ੍ਹਿਆਂ ਤੋਂ ਪੰਜਾਬੀ ਪੱਤਰਕਾਰੀ ਨੇ ਇਕ ਤਰ੍ਹਾਂ ਭਾਸ਼ਾ-ਪੁਲੀਸ ਦਾ ਕੰਮ ਕੀਤਾ। ਇਸਨੇ ਇਕ ਅਜਿਹੇ ਪੁਲ ਉਪਰ ਸਿਪਾਹੀ ਦਾ ਕੰਮ ਕੀਤਾ ਜਿਸ ਉਤੋਂ ਵਿਦਵਾਨਾਂ ਦੀ ਭਾਸ਼ਾ ਨੇ ਵੀ ਲੰਘਣਾ ਸੀ ਅਤੇ ਲੋਕ-ਬੋਲੀ ਨੇ ਵੀ। ਇਕੋ ਸਮੇਂ ਇਸਨੇ ਇਨ੍ਹਾਂ ਦੋਹਾਂ ਨੂੰ ਆਤਮਸਾਤ ਵੀ ਕੀਤਾ ਅਤੇ ਵਖਰਾਇਆ ਵੀ। ਸਾਹਿਤ ਨੂੰ ਪਾਠਕਾਂ ਤਕ ਪਹੁੰਚਾਉਣ ਦੇ ਇਵਜ਼ ਵਿਚ ਪੱਤਰਕਾਰੀ ਨੇ ਸਾਹਿਤ ਤੋਂ ਸਾਹਿਤਕ ਭਾਸ਼ਾ, ਨਵੀਂ ਸ਼ੈਲੀ ਅਤੇ ਪ੍ਰਗਟਾਅ ਹਾਸਲ ਕੀਤੇ।

ਪੱਤਰਕਾਰੀ ਭਾਸ਼ਾ ਨੂੰ ਵਧੇਰੇ ਭੁੱਖ ਲਾਉਂਦੀ ਹੈ ਅਤੇ ਇਸਦਾ ਹਾਜ਼ਮਾ ਦਰੁਸਤ ਕਰਦੀ ਹੈ। ਅਜਿਹਾ ਕਰਦਿਆਂ ਇਹ ਬਹੁਤੀ ਵਾਰ ਵਿਆਕਰਣ ਦੀਆਂ ਸੀਮਾਵਾਂ ਵੀ ਉਲੰਘ ਜਾਂਦੀ ਹੈ। ਸੁਰਖੀਆਂ ਦੀ ਭਾਸ਼ਾ ਦੀ ਤਾਂ ਭਾਸ਼ਾ ਨੂੰ ਚਿੱਥਣ ਦੀ ਮਜਬੂਰੀ ਹੁੰਦੀ ਹੈ। ਪਰ ਇਸੇ ਮਜਬੂਰੀ ਵਿਚੋਂ ਨਵੇਂ ਸ਼ਬਦ ਪੈਦਾ ਹੋ ਜਾਂਦੇ ਹਨ ਅਤੇ ਪ੍ਰਚਲੱਤ ਵੀ। ਇੰਡੀਅਨ ਨੈਸ਼ਨਲ ਕਾਂਗਰਸ (ਇੰਦਰਾ) ਇੰਕਾ ਬਣ ਜਾਂਦੀ ਹੈ ਅਤੇ ਭਾਰਤੀ ਜਨਤਾ ਪਾਰਟੀ ਭਾਜਪਾ। ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਏਲਮ, ਲਿਟੇ ਹੋ ਜਾਂਦੀ ਹੈ। ਹੁਣ ਤਾਂ ਕਦੇ ਕਦੇ ਪੰਜਾਬੀ ਅਖਬਾਰਾਂ ਵਿਚ ਅਜਿਹੀ ਸੁਰਖੀ ਵੀ ਦੇਖਣ ਨੂੰ ਮਿਲਦੀ ਹੈ। "ਲਿੱਟਿਆਂ ਨੇ 30 ਫੌਜੀ ਮਾਰੇ।" ਕਾਮਰਸ, ਕਾਨੂੰਨ, ਵਿਗਿਆਨ ਅਤੇ ਤਕਨੌਲੋਜੀ ਜਿਹੇ ਖੇਤਰਾਂ ਵਿਚ ਨਿੱਤ ਨਵੇਂ ਅਜਿਹੇ ਸ਼ਬਦ ਆ ਰਹੇ ਹਨ ਜਿਨ੍ਹਾਂ ਦਾ ਬਦਲ ਪੰਜਾਬੀ ਵਿਚ ਨਹੀਂ ਮਿਲ ਰਿਹਾ। ਪਰ ਜਿੱਥੇ ਵੀ ਕਿਤੇ ਅਜਿਹੇ ਬਦਲ ਦੀ ਸੰਭਾਵਨਾ ਹੁੰਦੀ ਹੈ, ਪੱਤਰਕਾਰ ਨਵਾਂ ਸ਼ਬਦ ਜ਼ਰੂਰ ਘੜ ਲੈਂਦੇ ਹਨ। ਮਿਸਾਲ ਵਜੋਂ



ਸਟਾਕ ਮਾਰਕਿਟ ਨਾਲ ਸੰਬੰਧਤ ਸ਼ਬਦਾਂ Bulls and Bears ਦਾ ਅਨੁਵਾਦ ਪੰਜਾਬੀ ਵਿਚ ਤੇਜਲੀਏ ਅਤੇ ਮੰਦਲੀਏ ਛਪਦਾ ਹੈ। Impeachment ਲਈ ਪਹਿਲਾਂ ਮਹਾਂਦੋਸ਼ ਅਤੇ ਦੋਸ਼-ਆਰੋਪਣ ਜਿਹੇ ਸ਼ਬਦ ਵਰਤੇ ਜਾਂਦੇ ਰਹੇ ਪਰ ਅੱਜ ਕੁੱਲ ਇਸ ਨੂੰ ਪਾਰਲੀਮਾਨੀ ਮਕੱਦਮਾ ਲਿਖਿਆ ਜਾਂਦਾ ਹੈ।

ਪੱਤਰਕਾਰੀ ਵਿਚ ਭਾਸ਼ਾ ਦਾ ਮਿਆਰੀਕਰਣ ਕਾਫ਼ੀ ਔਖਾ ਹੈ। ਹਰੇਕ ਅਖਬਾਰ ਆਪਣੇ ਪਾਠਕ ਵਰਗ ਨੂੰ ਸਾਹਮਣੇ ਰੱਖਕੇ ਹੀ ਭਾਸ਼ਾ ਬਾਰੇ ਨੀਤੀ ਤੈਅ ਕਰਦੀ ਹੈ। ਵੱਖ ਵੱਖ ਅਖਬਾਰਾਂ ਨੂੰ ਮਿਆਰੀ ਸ਼ਬਦ ਜੋੜਾਂ ਬਾਰੇ ਇਕ ਰਾਇ ਕਰਨਾ ਕਾਫੀ ਗੁੰਝਲ ਵਾਲਾ ਕੰਮ ਹੈ। ਪੰਜਾਬੀ ਵਿਚ ਇਕ ਖਬਰ ਏਜੰਸੀ ਦੀ ਅਣਹੋਂਦ ਇਸ ਕੰਮ ਨੂੰ ਹੋਰ ਵੀ ਮੁਸ਼ਕਲ ਬਣਾ ਰਹੀ ਹੈ। ਕਿਉਂਕਿ ਮਿਆਰੀਕਰਣ ਦੀ ਪ੍ਰਕ੍ਰਿਆ ਉਸ ਵਿਚ ਮੌਜੂਦ ਬੁਨਿਆਦੀ ਭਾਸ਼ਾ ਸਮੱਗਰੀ ਦੀ ਵਰਤੋਂ ਨਾਲ ਬੱਝੀ ਹੋਈ ਹੈ। ਪੰਜਾਬ ਵਿਚ ਖੇਤੀਬਾੜੀ ਨਾਲ ਸੰਬੰਧਤ ਸ਼ਬਦਾਵਲੀ ਦਾ ਮਿਆਰੀਕਰਣ ਤਾਂ ਹੋਇਆ ਹੈ ਕਿਉਂਕਿ ਖੇਤੀਬਾੜੀ ਯੂਨੀਵਰਸਿਟੀ ਅਜਿਹੀ ਬੁਨਿਆਦੀ ਸਮੱਗਰੀ ਪ੍ਰਦਾਨ ਕਰ ਰਹੀ ਹੈ ਪਰ ਬਾਕੀ ਖੇਤਰਾਂ ਵਿਚ ਬਹੁਤ ਸਮੱਸਿਆ ਹੈ। ਕਾਰਨ ਸਪਸ਼ਟ ਹੈ ਜਿਸ ਤਰ੍ਹਾਂ ਉਤਪਾਦਨ ਪ੍ਰਕ੍ਰਿਆ ਵਿਚ ਅਸੀਂ ਖੇਤੀਬਾੜੀ ਨਾਲ ਜੁੜੇ ਹੋਏ ਹਾਂ, ਬਾਕੀ ਖੇਤਰਾਂ ਵਿਚ ਨਹੀਂ।

ਜਿਉਂ ਜਿਉਂ ਪੰਜਾਬੀ ਅਖਬਾਰਾਂ ਦੀ ਛਪਣ ਗਿਣਤੀ ਵਧਦੀ ਗਈ ਹੈ ਤਿਉਂ ਤਿਉਂ ਉਨ੍ਹਾਂ ਦੀ ਪੰਜਾਬੀ ਜਨ-ਜੀਵਨ ਵਿਚ ਭੂਮਿਕਾ ਵੀ ਵਧੇਰੇ ਮਹੱਤਵਪੂਰਨ ਹੋਈ ਹੈ ਅਤੇ ਕੁਝ ਵਿਸ਼ੇਸ਼ ਸ਼ਬਦਾਂ ਜਾਂ ਮੁਹਾਵਰਿਆਂ ਨੂੰ ਲੋਕਾਂ 'ਚ ਪ੍ਰਚਲਤ ਕਰਨ ਦੀ ਸਮਰੱਥਾ ਵੀ। ਇਹ ਵੇਖਣ ਵਿਚ ਆਇਆ ਹੈ ਕਿ ਇਕ ਵੱਡਾ ਪਾਠਕ-ਵਰਗ ਅਖਬਾਰ ਵੱਲੋਂ ਵਰਤੇ ਜਾਂਦੇ ਸ਼ਬਦ-ਜੋੜਾਂ ਨੂੰ ਅਪਨਾ ਲੈਂਦਾ ਹੈ ਭਾਵੇਂ ਉਹ ਗਲਤ ਹੀ ਕਿਉਂ ਨਾ ਹੋਣ। ਮਿਸਾਲ ਵਜੋਂ, ਸ਼ੁਰੂ ਦੇ ਕੁਝ ਸਾਲਾਂ ਦੌਰਾਨ 'ਪੰਜਾਬੀ ਟ੍ਰਿਬਿਊਨ' ਨੇ ਪਰਿਵਾਰ ਦੀ ਥਾਂ 'ਤੇ 'ਪ੍ਰੀਵਾਰ' ਸ਼ਬਦ ਵਰਤਿਆ। ਕੁਝ ਸਾਲਾਂ ਮਗਰੋਂ ਅਖਬਾਰ ਨੇ ਤਾਂ ਆਪਣੀ ਗਲਤੀ ਸੁਧਾਰ ਲਈ ਪਰ ਇਸ ਅਖਬਾਰ ਦੇ ਪਾਠਕ ਜਦ ਅਖਬਾਰ ਨਾਲ ਚਿੱਠੀ-ਪੱਤਰ ਕਰਦੇ ਹਨ ਤਾਂ 'ਪ੍ਰੀਵਾਰ' ਹੀ ਲਿਖਦੇ ਹਨ। 'ਮੁਫਤੀ', 'ਸ਼ੇਖ', ਅਤੇ 'ਸੱਯਦ' ਆਦਿ ਖਿਤਾਬ ਸਨ, ਪਰ ਅਖਬਾਰਾਂ ਨੇ ਸ੍ਰੀ ਮੁਫਤੀ, ਸ੍ਰੀ ਸ਼ੇਖ ਅਤੇ ਸ੍ਰੀ ਸੱਯਦ ਲਿਖਕੇ ਇਨ੍ਹਾਂ ਨੂੰ ਨਾਮ ਜਾਂ ਉਪ-ਨਾਮ ਹੀ ਬਣਾ ਦਿੱਤਾ ਹੈ। ਅੱਸੀਵਿਆਂ ਦੌਰਾਨ ਪੰਜਾਬੀ ਦੀਆਂ ਤਿੰਨੋ ਪ੍ਰਮੁਖ ਅਖਬਾਰਾਂ Police ਨੂੰ ਪੁਲਿਸ, ਪੁਲੀਸ ਅਤੇ ਪੁਲਸ ਲਿਖਦੀਆਂ ਰਹੀਆਂ। 'ਪੰਜਾਬੀ ਟ੍ਰਿਬਿਊਨ', 'ਅਤਿਵਾਦ' ਲਿਖਦਾ ਹੈ ਜਦ ਕਿ 'ਨਵਾਂ ਜ਼ਮਾਨਾ' ਅਤੇ 'ਦੇਸ਼ ਸੇਵਕ' 'ਅੱਤਵਾਦ'।

ਛੋਟੇ ਅਤੇ ਨੁੱਕਦਾਰ ਵਾਕ ਪੱਤਰਕਾਰੀ ਦੀ ਜਾਨ ਵੀ ਹੁੰਦੇ ਹਨ ਅਤੇ ਸ਼ਾਨ ਵੀ। ਪਰ ਦੇਖਣ ਵਿਚ ਆਇਆ ਹੈ ਕਿ ਪੰਜਾਬੀ ਅਖਬਾਰਾਂ ਲੰਬੇ ਵਾਕ ਵਰਤਦੀਆਂ ਹਨ। ਮੌਲਿਕ ਰਚਨਾਵਾਂ ਵਿਚ ਤਾਂ ਲੰਬਾਈ ਨਿਸਬਤਨ ਠੀਕ ਹੁੰਦੀ ਹੈ ਪਰ ਅਨੁਵਾਦ ਸਮੇਂ ਅਕਸਰ ਲੰਬੇ ਵਾਕ ਵਰਤੇ ਜਾਂਦੇ ਹਨ। ਅਜਿਹੇ ਵਾਕਾਂ ਵਿਚ ਜਾਂ ਤਾਂ ਪਾਠਕ ਉਂਝ ਹੀ ਉਲਝ ਕੇ ਰਹਿ ਜਾਂਦਾ ਹੈ ਅਤੇ ਜਾਂ ਅਰਥ ਦਾ ਅਨਰਥ ਹੀ ਹੋ ਜਾਂਦਾ ਹੈ। ਅੰਗਰੇਜ਼ੀ ਪੱਤਰਕਾਰੀ ਵਿਚ 15 ਤੋਂ 20 ਸ਼ਬਦਾਂ ਵਾਲੇ ਵਾਕ ਦੀ ਵਰਤੋਂ ਉਤੇ ਜ਼ੋਰ ਦਿੱਤਾ ਜਾਂਦਾ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰਕਾਰੀ ਤੇ ਜਨ-ਸੰਚਾਰ ਵਿਭਾਗ ਦੇ ਵਿਦਿਆਰਥੀ ਗੁਰਦਰਸ਼ਨ ਬਾਹੀਆ (1992-93) ਵੱਲੋਂ ਕੀਤੀ ਖੋਜ ਤੋਂ ਪਤਾ ਲੱਗਦਾ ਹੈ ਕਿ ਇਸ ਪੱਖੋਂ ਪੰਜਾਬੀ ਅਖਬਾਰਾਂ ਦੇ ਸੰਪਾਦਕੀ ਪੰਨਿਆਂ ਦੀ ਸਥਿਤੀ ਖਬਰਾਂ ਦੇ ਪੰਨਿਆਂ ਨਾਲੋਂ ਬਿਹਤਰ ਹੈ। ਵਾਕ ਬਣਤਰ ਦੇ ਪੱਖ ਤੋਂ 'ਪੰਜਾਬੀ ਟ੍ਰਿਬਿਊਨ' ਅਤੇ 'ਅਜੀਤ' ਦੀ ਸਥਿਤੀ 'ਜੱਗ ਬਾਣੀ' ਨਾਲੋਂ ਬਿਹਤਰ ਹੈ। ..... 'ਜੱਗਬਾਣੀ' ਦੇ ਵਾਕ ਲੰਬੇ ਹੁੰਦੇ ਹਨ। ਇਸਦੇ ਪਹਿਲੇ ਸਫੇ ਅਤੇ ਸੰਪਾਦਕੀ ਪੰਨੇ ਉਤੇ 100 ਸ਼ਬਦਾਂ ਪਿੱਛੇ ਔਸਤ ਵਾਕਾਂ ਦੀ ਗਿਣਤੀ 3.3 ਹੁੰਦੀ ਹੈ। 'ਅਜੀਤ' ਦੇ ਪਹਿਲੇ ਸਫੇ ਦੀਆਂ ਖਬਰਾਂ ਵਿਚ 100 ਸ਼ਬਦਾਂ ਪਿੱਛੇ 4.2 ਵਾਕ ਹੁੰਦੇ ਹਨ ਜਦੋਂ ਕਿ ਸੰਪਾਦਕੀ ਪੰਨੇ ਉਤੇ ਇਹ ਗਿਣਤੀ ਵਧ ਕੇ 5.1 ਹੋ ਜਾਂਦੀ ਹੈ। 'ਪੰਜਾਬੀ

ਟ੍ਰਿਬਿਊਨ' ਦੇ ਪਹਿਲੇ ਸਫੇ 'ਤੇ 100 ਸ਼ਬਦਾਂ ਪਿੱਛੇ ਔਸਤ ਵਾਕਾਂ ਦੀ ਗਿਣਤੀ 4.2 ਹੁੰਦੀ ਅਤੇ ਸੰਪਾਦਕੀਆਂ ਵਿਚ ਵਾਕਾਂ ਦੀ ਗਿਣਤੀ 4.3 ਹੁੰਦੀ ਹੈ। ਇਸਦੇ ਮੁਕਾਬਲੇ ਅੰਗਰੇਜ਼ੀ ਦੀਆਂ ਕੌਮੀ ਅਖਬਾਰਾਂ ਛੋਟੇ ਵਾਕਾਂ ਦੀ ਵਰਤੋਂ ਕਰਦੀਆਂ ਹਨ। "ਸਟੇਟਸਮੈਨ" ਵਿਚ ਖਬਰਾਂ ਵਾਲੇ ਪੰਨਿਆਂ ਉਤੇ 100 ਸ਼ਬਦਾਂ ਪਿੱਛੇ ਔਸਤ 4.6 ਅਤੇ ਸੰਪਾਦਕੀ ਪੰਨੇ ਉਤੇ 100 ਸ਼ਬਦਾਂ ਪਿੱਛੇ 6.5 ਵਾਕ ਹੁੰਦੇ ਹਨ।"

ਪੱਤਰਕਾਰੀ ਉਪਰ ਅਕਸਰ ਇਹ ਦੋਸ਼ ਲਗਦਾ ਹੈ ਕਿ ਇਹ ਜ਼ਿੰਦਗੀ ਦੇ ਸੰਜੀਦਾ ਮੁੱਦਿਆਂ ਨੂੰ ਵੀ ਸਾਧਾਰਨ ਸ਼ੈਲੀ ਵਿਚ ਪ੍ਰਸਤੁਤ ਕਰਕੇ ਉਨ੍ਹਾਂ ਦੀ ਗੰਭੀਰਤਾ ਨੂੰ ਘਟਾ ਦਿੰਦੀ ਹੈ। ਸਾਧਾਰਨ ਨੂੰ ਅਸਾਧਾਰਨ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਵਿਚ ਵੱਡੇ ਵੱਡੇ ਵਿਸ਼ੇਸ਼ਣ ਦੀ ਵਰਤੋਂ ਸਦਕਾ ਭਾਸ਼ਾ ਵਿਚ ਬਹੁਤ ਸਾਰੇ ਵਿਗਾੜ ਲੈ ਆਉਂਦੀ ਹੈ। ਪੱਤਰਕਾਰੀ ਸ਼ਬਦਾਂ ਨੂੰ ਘਸਾ ਘਸਾ ਕੇ ਉਨ੍ਹਾਂ ਦੀ ਮਿੱਝ ਕੱਢ ਦੇਂਦੀ ਹੈ, ਅਰਥਾਤ ਸ਼ਬਦਾਂ ਨੂੰ ਅਰਥਹੀਣ ਬਣਾ ਦਿੰਦੀ ਹੈ। ਜਦੋਂ ਹਰ ਕਲਾਕਾਰ ਹੀ 'ਮਹਾਨ', ਹਰ ਨਾਟਕ ਹੀ 'ਸਫਲ' ਅਤੇ ਹਰ ਘਟਨਾ ਹੀ 'ਵਿੱਲਖਣ' ਹੋ ਜਾਂਦੀ ਹੈ ਤਾਂ ਲੋਕ-ਚੇਤਨਾ ਵਿਚ ਇਹ ਸ਼ਬਦ ਬੇਗਾਨੇ ਹੋ ਜਾਂਦੇ ਹਨ।

ਕੰਪਿਊਟਰ, ਮਲਟੀ-ਮੀਡੀਆ, ਇਨਫਰਮੇਸ਼ਨ ਸੁਪਰਹਾਈਵੇ ਅਤੇ ਗਲੋਬੇਲਾਈਜੇਸ਼ਨ ਦੇ ਇਸ ਦੌਰ ਵਿਚ ਕੁਦਰਤੀ ਤੌਰ 'ਤੇ ਸਭਨਾਂ ਸਥਾਨਕ ਭਾਸ਼ਵਾਂ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਿੱਤ ਨਵੇਂ ਲਫਜ਼ ਸਾਹਮਣੇ ਆ ਰਹੇ ਹਨ, ਨਿੱਤ ਨਵੀਆਂ ਧਾਰਨਾਵਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਸੂਚਨਾ ਤਕਨੌਲੋਜੀ ਦੇ ਅਤਿ ਤੇਜ਼ ਵਿਕਾਸ ਨੇ ਪਰੰਪਰਾਗਤ ਵਿਕਾਸ ਅਤੇ ਕੰਮ-ਕਾਜੀ ਢੰਗਾਂ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇਕੱਲਾ ਪੰਜਾਬੀ ਪੱਤਰਕਾਰ ਇਸ ਦਬਾਅ ਨੂੰ ਝੱਲਣੋਂ ਅਸਮਰੱਥ ਦਿਖਾਈ ਦੇ ਰਿਹਾ ਹੈ। ਭਾਸ਼ਾ ਵਿਗਿਆਨੀਆਂ ਨੂੰ ਪੱਤਰਕਾਰਾਂ ਦੀ ਸਹਾਇਤਾ ਲਈ ਅੱਗੇ ਆਉਣਾ ਪਵੇਗਾ। ਇਸ ਲਈ ਬਹੁਤ ਜ਼ਰੂਰੀ ਹੈ ਕਿ ਅਖਬਾਰਾਂ ਅਤੇ ਯੂਨੀਵਰਸਿਟੀਆਂ ਦੇ ਭਾਸ਼ਾ ਅਤੇ ਪੱਤਰਕਾਰੀ ਵਿਭਾਗ ਵਿਵਿਹਾਰਕ ਸਹਿਯੋਗ ਕਰਨ ਅਤੇ ਇਹ ਧਿਆਨ ਰੱਖਣ ਕਿ ਇਹ ਸਹਿਯੋਗ ਨਿਰੋਲ ਸਿਧਾਂਤਕ ਹੀ ਨਾ ਰਹਿ ਜਾਏ। ਕੰਪਿਊਟਰ ਆਉਣ ਨਾਲ ਪੰਜਾਬੀ ਭਾਸ਼ਾ ਦੇ ਮਿਆਰੀਕਰਣ ਦਾ ਕੰਮ ਵਧੇਰੇ ਸੌਖਾ ਹੋ ਗਿਆ ਹੈ। ਪੰਜਾਬੀ ਭਾਸ਼ਾ ਦੀ ਸਹੀ ਵਰਤੋਂ ਸੰਬੰਧੀ ਇਕ ਪੈਕੇਜ ਤਿਆਰ ਕੀਤਾ ਜਾ ਸਕਦਾ ਹੈ ਅਤੇ ਪੰਜਾਬੀ ਪੱਤਰਕਾਰ ਲੋੜ ਪੈਣ 'ਤੇ ਇਸ ਤੋਂ ਅਗਵਾਈ ਲੈ ਸਕਦੇ ਹਨ। ਜੋ ਗਲਤੀਆਂ ਹੋਈਆਂ ਹਨ, ਉਨ੍ਹਾਂ ਨੂੰ ਇਕਵੱਢਿਓਂ ਸੁਧਾਰਿਆ ਜਾ ਸਕਦਾ ਅਤੇ ਇਕ ਸਾਂਝੀ ਸਟਾਈਲ ਬੁੱਕ ਤਿਆਰ ਕਰਕੇ ਭਾਸ਼ਾ ਦੇ ਮਿਆਰੀਕਰਣ ਵੱਲ ਅਹਿਮ ਕਦਮ ਪੁੱਟਿਆ ਜਾ ਸਕਦਾ ਹੈ। ਮਿਸਾਲ ਵਜੋਂ "ਆਪਰੇਸ਼ਨ ਬਲਿਊ ਸਟਾਰ" ਦਾ ਅੱਵਲ ਤਾਂ ਅਨੁਵਾਦ ਹੋਣਾ ਹੀ ਨਹੀਂ ਸੀ ਚਾਹੀਦਾ, ਕਿਉਂਕਿ ਇਹ ਇਕ ਨਾਮ ਸੀ। ਫਿਰ, ਬਲਿਊ ਸਟਾਰ ਦਾ ਨੀਲਾ ਤਾਰਾ ਤਾਂ ਸਹੀ ਹੈ ਪਰ ਆਪਰੇਸ਼ਨ ਦਾ 'ਸਾਕਾ' ਕਦਾਚਿਤ ਸਹੀ ਨਹੀਂ। ਪਰ ਅਖਬਾਰਾਂ ਵੱਲੋਂ ਵਰਤਣ ਕਰਕੇ ਇਹ ਪ੍ਰਚਲਤ ਹੋ ਗਿਆ। ਸ਼ਬਦਾਂ ਦਾ ਇਕ ਪਿਛੋਕੜ, ਇਕ ਸਭਿਆਚਾਰ ਹੁੰਦਾ ਹੈ। ਇਨ੍ਹਾਂ ਦੀ ਇਕ ਰੂਹ ਹੁੰਦੀ ਹੈ। ਪੰਜਾਬੀ ਪੱਤਰਕਾਰਾਂ ਨੇ ਕੁਝ ਬਹੁਤ ਹੀ ਢੁਕਵੇਂ ਸ਼ਬਦ ਸਾਨੂੰ ਦਿੱਤੇ ਹਨ। Consignment ਲਈ ਖੇਪ, Sequence of events ਲਈ ਘਟਨਾ-ਕ੍ਰਮ ਜਿਹੇ ਛੋਟੇ ਤੇ ਢੁਕਵੇਂ ਸ਼ਬਦ ਪੱਤਰਕਾਰੀ ਰਾਹੀਂ ਹੀ ਸਾਨੂੰ ਮਿਲੇ ਹਨ। ਲੌਂਢੂਵਾਲ ਤੱਕ ਸਮਝ" ਜਿਹੇ ਮੁਹਾਵਰੇ ਵੀ ਪੱਤਰਕਾਰੀ ਰਾਹੀਂ ਆਏ ਹਨ। ਲੋੜ ਹੈ ਕਿ ਅਸੀਂ ਪੱਤਰਕਾਰੀ ਦੀ ਭਾਸ਼ਾ ਨੂੰ ਪਹਿਚਾਣੀਏ, ਇਸਦੇ ਜ਼ਿੰਦਗੀ ਦੇ ਹਰ ਖੇਤਰ ਵਿਚ ਵਧ ਰਹੇ ਰੋਲ ਨੂੰ ਜਾਣੀਏ ਅਤੇ ਵਰਤਮਾਨ ਅਤੇ ਭਵਿੱਖ ਦੀਆਂ ਲੋੜਾਂ ਨੂੰ ਸਾਹਮਣੇ ਰੱਖਦੇ ਹੋਏ ਪੰਜਾਬੀ ਪੱਤਰਕਾਰੀ ਦੀ ਭਾਸ਼ਾ-ਨੀਤੀ ਨੂੰ ਪੂਰੀ ਸੰਜੀਦਗੀ ਅਤੇ ਤਨਦੇਹੀ ਨਾਲ ਨੇਪਰੇ ਚਾੜ੍ਹੀਏ।

[ਰੀਡਰ, ਪੱਤਰਕਾਰੀ ਤੇ ਜਨ-ਸੰਚਾਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]



# ਔਰਤ ਦੀ ਚੁੱਪ ਦਾ ਪ੍ਰਵਚਨ : 'ਇਕ ਕੁੜੀ ਚੁੱਪ ਸੀ'

ਧਨਵੰਤ ਕੌਰ

ਔਰਤ ਮੁੱਢ ਕਦੀਮ ਤੋਂ ਮਨੁੱਖ ਜਾਤੀ ਦਾ ਇਕ ਕੁਦਰਤੀ ਅਤੇ ਲਾਜ਼ਮੀ ਅੰਗ ਹੈ ਪਰ ਮਨੁੱਖੀ ਚੇਤਨਾ ਦੇ ਇਤਿਹਾਸ ਵਿਚ ਔਰਤ ਨੂੰ ਸਾਲਮ ਸਬੂਤੀ ਹੋਂਦ ਸਮਝ ਕੇ ਉਸ ਸੰਬੰਧੀ ਪ੍ਰਵਚਨ ਸਿਰਜਣ ਦਾ ਵਰਤਾਰਾ ਅਤਿ ਆਧੁਨਿਕ ਕਿਹਾ ਜਾ ਸਕਦਾ ਹੈ ਕਿਉਂਕਿ ਔਰਤ-ਸੰਵੇਦਨਾ ਦਾ ਸੰਕਲਪ ਹੀ ਹੋਂਦ ਵਿਚ ਉਦੋਂ ਆਉਂਦਾ ਹੈ ਜਦੋਂ ਆਧੁਨਿਕ ਯੁਗ ਚੇਤਨਾਵਾਂ ਇਸ ਕਾਇਨਾਤ ਵਿਚ ਮਨੁੱਖ ਦੀ ਸਰਦਾਰੀ ਦੇ ਠੋਸ ਪ੍ਰਮਾਣਿਕ ਆਧਾਰ ਪ੍ਰਸਤੁਤ ਕਰਦੀਆਂ ਹਨ ਅਤੇ ਜਾਤੀ ਜਮਾਤੀ ਤੇ ਜਿਨਸੀ ਵਖਰੇਵਿਆਂ ਤੋਂ ਉਪਰ ਉਠਕੇ ਮਾਨਵੀ ਗੌਰਵ ਦੀ ਬਹਾਲੀ ਲਈ ਸੁੰਤਤਰਤਾ, ਬਰਾਬਰਤਾ ਅਤੇ ਭਰਾਤਰੀਅਤਾ ਦਾ ਪੈਗਾਮ ਦਿੰਦੀਆਂ ਹਨ। ਸਮਾਜ ਦੇ ਵਿਭਿੰਨ ਤੱਤਾਂ ਦੀ ਹੋਂਦ, ਹੋਂਦ-ਵਿਧੀ ਅਤੇ ਵਿਕਾਸ ਨੂੰ ਜਦੋਂ ਇਸ ਫੋਕਸ ਵਿਚੋਂ ਵੇਖਿਆ ਜਾਂਦਾ ਹੈ ਤਾਂ ਸਮੁੱਚਾ ਨਜ਼ਰੀਆ ਹੀ ਬਦਲ ਜਾਂਦਾ ਹੈ। ਇਸੇ ਫ਼ੋਕਸ ਤਹਿਤ ਮਨੁੱਖੀ ਸਮਾਜ ਦੇ ਦੋ ਮਹੱਤਵਪੂਰਨ ਜੁਜ਼, ਔਰਤ ਤੇ ਮਰਦ, ਆਪਣੇ ਪ੍ਰਕਿਰਤਕ ਪਰਿਪੇਖ ਵਿਚ ਲਿੰਗ ਰਿਸ਼ਤਿਆਂ ਵਿਚ ਬੱਝੀਆਂ ਦੋ ਪੂਰਕ ਹੋਂਦਾਂ ਵਜੋਂ ਪ੍ਰਮਾਣਿਤ ਹੁੰਦੇ ਹਨ। ਪਰ ਜਦੋਂ ਇਨ੍ਹਾਂ ਰਿਸ਼ਤਿਆਂ ਨੂੰ ਮਨੁੱਖ ਦੇ ਸਮਾਜਕ ਸਭਿਆਚਾਰਕ ਇਤਿਹਾਸ ਅਤੇ ਮਾਨਸਿਕਤਾ ਦੇ ਸੰਦਰਭ ਵਿਚ ਪਰਿਭਾਸ਼ਤ ਕੀਤਾ ਜਾਂਦਾ ਹੈ ਤਾਂ ਚੇਤਨਾ ਦਾ ਤਵਾਜ਼ਨ ਮਰਦ ਵਾਲੇ ਪਾਸੇ ਝੁਕਦਾ ਵਿਖਾਈ ਦਿੰਦਾ ਹੈ। ਜਿਥੇ ਮਰਦ ਆਪਣੀ ਸੁਤੰਤਰ, ਸਾਲਮ, ਸਬੂਤੀ ਤੇ ਉਚੇਰੀ ਸਥਿਤੀ ਨਾਲ ਸਮਾਜ ਵਿਚ ਲਿੰਗ ਦੀ ਪਛਾਣ ਤੋਂ ਉਪਰ ਉਠ ਕੇ ਕੇਂਦਰੀ ਸਥਿਤੀ ਵਿਚ ਵਿਚਰਦਾ ਵਿਖਾਈ ਦਿੰਦਾ ਹੈ ਉਥੇ ਔਰਤ ਆਪਣੀ ਦੂਜੈਲੀ, ਅਧੀਨਗੀ ਵਾਲੀ ਅਤੇ ਕਈ ਵਾਰੀ ਨਿਰੋਲ ਲਿੰਗ ਦੀ ਪ੍ਰਕਿਰਤਕ ਜ਼ਿੰਮੇਵਾਰੀ ਨਾਲ ਬੱਝੀ ਪਛਾਣ ਨਾਲ ਹਾਸ਼ੀਏ ਵਾਲੀ ਸਥਿਤੀ ਵਿਚ ਸਿਮਟੀ ਨਜ਼ਰ ਪੈਂਦੀ ਹੈ। ਇਸ ਸਥਿਤੀ ਦਾ ਬੋਧ ਹੀ ਔਰਤ-ਸੰਵੇਦਨਾ ਦੀ ਬੁਨਿਆਦ ਬਣਦਾ ਹੈ ਅਤੇ ਮਨੁੱਖੀ ਇਤਿਹਾਸ ਦੀ ਇਕ ਉਪੇਖਿਅਤ ਪਰਤ ਵਜੋਂ ਵਿਚਰਦੀ ਔਰਤ ਦਾ ਇਤਿਹਾਸ ਅਥਾਹ ਦਿਲਚਸਪੀ ਅਤੇ ਸਨਸਨੀਖੇਜ਼ ਲੱਭਤਾਂ ਦਾ ਵਿਸ਼ਾ ਬਣਾ ਦਾ ਹੈ।

ਐਨ. ਕੌਰ ਦਾ ਕਹਾਣੀ ਸੰਗ੍ਰਹਿ 'ਇਕ ਕੁੜੀ ਚੁੱਪ ਸੀ' ਇਸੇ ਦਿਲਚਸਪੀ ਅਤੇ ਪ੍ਰੇਰਨਾ ਵਿਚੋਂ ਉਪਜਿਆ ਇਕ ਪ੍ਰਮਾਣਿਕ ਸਰੋਕਾਰ ਹੈ। ਇਸ ਸੰਗ੍ਰਹਿ ਵਿਚ ਲੇਖਕਾ ਦੀ ਬਿਰਤਾਂਤਕਾਰੀ ਦਾ ਧੁਰਾ ਔਰਤ ਹੈ। ਪੰਜਾਬੀ ਸਭਿਆਚਾਰ ਦੀਆਂ ਕੀਮਤਾਂ ਅਤੇ ਪੈਟਰਨ ਸਮਾਜ ਵਿਚ ਔਰਤ ਦੇ ਆਚਰਣ ਵਿਚਰਣ ਦੇ ਜਿੰਨੇ ਪ੍ਰਕਰਣਾਂ ਨੂੰ ਪ੍ਰਵਾਨਗੀ ਦਿੰਦੇ ਹਨ ਉਹ ਲਗਪਗ ਸਾਰੇ ਇਨ੍ਹਾਂ ਕਹਾਣੀਆਂ ਵਿਚ ਉਪਲਬਧ ਹਨ। ਸਾਡੀ ਸਮਾਜਕ ਪਰਿਵਾਰਕ ਬਣਤਰ ਵਿਚ ਇਕ ਧੀ, ਇਕ ਭੈਣ, ਇਕ ਮਾਂ ਜਾਂ ਇਕ ਪਤਨੀ ਵਜੋਂ ਭੂਮਿਕਾ ਨਿਭਾਉਂਦੀ ਔਰਤ ਹੀ ਨਹੀਂ ਜਾਗੀਰਦਾਰੀ ਸਮਾਜ ਵਿਚ ਕਿਸੇ ਮਰਦ ਦੀ ਚਾਹਤ ਉਪਰੰਤ ਇਕ ਪ੍ਰੇਮਿਕਾ ਵਜੋਂ ਵਿਚਰਦੀ ਔਰਤ ਵੀ ਉਸਦੀ ਕਹਾਣੀ ਦੇ ਫੋਕਸ ਵਿਚ ਹੈ। ਐਨ. ਕੌਰ ਸਾਡੇ ਸਮਾਜਕ ਰਿਸ਼ਤਿਆਂ ਅਤੇ ਕਾਰਾਂ-ਵਿਹਾਰਾਂ ਵਿਚ ਕਾਰਜਸ਼ੀਲ ਔਰਤ ਨੂੰ ਏਨੇ ਸਹਿਜ ਸੁਭਾਵਕ ਪਰ ਨਿੱਗਰ ਪ੍ਰਸੰਗਾਂ ਵਿਚ ਪੇਸ਼ ਕਰਦੀ ਹੈ ਕਿ ਕਿਸੇ ਕਹਾਣੀ ਵਿਚ ਵਾਪਰਨ ਦੀ ਪੱਧਰ 'ਤੇ ਕੁਝ ਵੀ ਅਲੋਕਾਰ, ਅਸੰਭਵ ਜਾਂ ਅਨੋਖਾ ਪ੍ਰਤੀਤ ਨਹੀਂ ਹੁੰਦਾ ਪਰ ਇਹੀ ਪੇਸ਼ਕਾਰੀ ਆਪਣੇ ਐਨਕੋਡ ਪੈਗਾਮ ਵਿਚ ਸਾਡੇ ਸਮਾਜਕ ਇਤਿਹਾਸ ਵਿਚ ਮਰਦ ਔਰਤ ਸੰਬੰਧਾਂ ਦੇ ਵਿਵੇਕ ਨੂੰ ਹੀ ਨਹੀਂ ਸਾਂਭੀ ਬੈਠੀ ਬਲਕਿ ਔਰਤ ਦੀ ਵਿਗੜੀ ਹੋਂਦ-ਵਿਧੀ ਦਾ ਇਕ ਸਾਰਥਕ ਪ੍ਰਵਚਨ ਸਿਰਜ ਰਹੀ ਹੈ। ਸਾਡੀ ਮਰਦ ਪ੍ਰਧਾਨ ਸਮਾਜਕ ਬਣਤਰ ਅਤੇ ਬੁਣਤਰ ਵਿਚ ਮਰਦ ਔਰਤ ਸੰਬੰਧ ਕਿਵੇਂ ਤੇ ਕਿਨ੍ਹਾਂ ਆਧਾਰਾਂ 'ਤੇ ਬਣਦੇ ਨੇਂ? ਕਿਵੇਂ ਬਦਲਦੇ ਤੇ ਕਿਵੇਂ ਟੁੱਟਦੇ ਨੇਂ? ਕਿੰਨੇ ਇਕਪਾਸੜ ਤੇ ਵਧੀਕੀਆਂ ਭਰਪੂਰ ਨੇ? ਜਾਂ ਔਰਤ ਬਾਰੇ ਕਿਵੇਂ ਸੋਚਿਆ ਜਾਂਦਾ ਹੈ ਅਤੇ ਕਿਵੇਂ ਸੋਚਿਆ ਜਾਣਾ ਚਾਹੀਦਾ ਹੈ?

ਜਾਂ ਫਿਰ ਔਰਤ ਕਿਵੇਂ ਤੇ ਕਿਨ੍ਹਾਂ ਅਣਮਨੁੱਖੀ ਹਾਲਤਾਂ ਵਿਚ ਵੀ ਜਿਊਂਦੀ ਹੈ ? ਆਦਿ ਪ੍ਰਸ਼ਨ ਪੂਰੇ ਜ਼ਬਤ ਨਾਲ ਉਸਦੀ ਬਿਰਤਾਂਤਕਤਾ ਦੇ ਆਰ ਪਾਰ ਫੈਲੇ ਹੋਏ ਹਨ ਅਤੇ ਇਹੀ ਉਸ ਦੀਆਂ ਕਹਾਣੀਆਂ ਵਿਚੋਂ ਉਭਰਦੇ ਵਡੇਰੇ ਪ੍ਰਵਚਨ ਦਾ ਆਧਾਰ ਹਨ।

ਐਨ. ਕੌਰ ਆਪਣੀਆਂ ਕਹਾਣੀਆਂ ਵਿਚ ਔਰਤ ਦੇ ਇਤਿਹਾਸ ਦਾ ਉਹ ਦੌਰ ਸਿਰਜ ਰਹੀ ਹੈ ਜਿਸ ਦੌਰ ਵਿਚ ਔਰਤ ਵਸਤੂ ਸਥਿਤੀ ਨੂੰ ਆਪਣੀ ਚੁੱਪ ਨਾਲ ਮੁਖਾਤਬ ਹੈ। ਉਸਦੇ ਕਥਾ-ਜਗਤ ਵਿਚ ਔਰਤ ਦੀ ਸੰਤਾਪੀ ਸਥਿਤੀ ਦਾ ਵੇਦਨੀ ਵਿਵੇਕ ਇਕ ਤੋਂ ਵਧੇਰੇ ਪ੍ਰਸੰਗਾਂ ਵਿਚੋਂ ਉਭਰਦਾ ਹੈ। ਪਤੀ ਪਤਨੀ ਦੇ ਰਿਸ਼ਤੇ ਵਿਚ ਬੱਝਣ ਲਈ ਔਰਤ ਦੀ ਇਕ ਵਸਤ ਵਜੋਂ ਨਿਰਖ ਪਰਖ/ ਪ੍ਰਦਰਸ਼ਨੀ ਇਸਦਾ ਪਹਿਲਾ ਚਰਨ ਹੈ। 'ਧੀਆਂ ਵਾਲੇ' ਤੇ 'ਭੈਣ' ਕਹਾਣੀ ਵਿਚ ਔਰਤ ਦਾ ਕੱਦ-ਕਾਠ, ਰੰਗਰੂਪ ਅਤੇ ਦਾਜ ਦੀਆਂ ਸ਼ਰਤਾਂ ਹੀ ਰਿਸ਼ਤੇ ਦੇ ਆਧਾਰ ਵਜੋਂ ਸਨਮੁਖ ਆਉਂਦੀਆਂ ਹਨ। ਰਿਸ਼ਤੇ ਵਿਚ ਬੱਝਣ ਉਪਰੰਤ ਵੀ ਇਹ ਰਿਸ਼ਤਾ ਸਾਵਾਂ ਪੱਧਰਾ ਚੱਲਣ ਦੀ ਥਾਂ ਜਿਨਸੀ ਪੱਧਰ 'ਤੇ ਹੀ ਵਿਚਰਦਾ ਹੈ। ਇਹ ਔਰਤਾਂ ਭਾਵੇਂ ਸਰਦਾਰਾਂ ਦੇ ਘਰਾਂ ਵਿਚ ਵਿਚਰਦੀਆਂ ਹੋਣ (ਸਰਦਾਰਾਂ ਦੀ ਧੀ) ਅਤੇ ਭਾਵੇਂ ਪ੍ਰੇਮ ਦੇ ਜਜ਼ਬੇ ਅਧੀਨ ਪੂਰਨ ਵਿਸ਼ਵਾਸ, ਉਤਸ਼ਾਹ ਅਤੇ ਸਮਰਪਣ ਦੀ ਅਨੋਅਵਸਥਾ ਵਿਚ ਵਿਚਰਦੀਆਂ ਹੋਣ (ਪਿਛੋਕੜ ਵਾਲੀ ਕੁੜੀ, ਘੁਪ ਹਨੇਰਾ) ਮਰਦ ਲਈ ਉਨ੍ਹਾਂ ਦੀ ਪਛਾਣ ਜਿਨਸੀ ਵਖਰੇਵੇਂ ਵਿਚ ਹੀ ਨਿਹਿਤ ਹੁੰਦੀ ਹੈ। 'ਇਕ ਕੁੜੀ ਚੁੱਪ ਸੀ' ਦੇ ਕਥਾਨਕੀ ਵੇਰਵੇ ਤਾਂ ਇਹ ਪ੍ਰਮਾਣਿਤ ਕਰਨ ਵਿਚ ਵੀ ਸਫਲ ਰਹੇ ਹਨ ਕਿ ਔਰਤ ਦੀ ਇਹ ਜਿਨਸੀ ਪਛਾਣ ਇੰਨੀ ਘਿਨਾਉਣੀ ਵੀ ਹੋ ਸਕਦੀ ਹੈ ਕਿ ਇਕ ਪਿਉ ਆਪਣੀ ਧੀ ਨੂੰ ਧੀ ਵਜੋਂ ਪਛਾਣਨ ਦੀ ਥਾਂ ਜਿਨਸ ਦੀ ਪੱਧਰ 'ਤੇ ਮਹਿਜ਼ ਇਕ ਔਰਤ ਵਜੋਂ ਵਿਰੂਪਤ ਕਰ ਸਕਦਾ ਹੈ। ਪਤੀ ਦੇ ਘਰ ਵਿਚ ਵਿਚਰਦੀਆਂ, ਬੱਚੇ ਜੰਮਦੀਆਂ ਇਹ ਔਰਤਾਂ ਮੁੰਡਾ ਜੰਮਣ ਦੀ ਸ਼ਰਤ ਪੂਰੀ ਕਰਨ ਉਪਰੰਤ ਹੀ ਪ੍ਰਵਾਨ ਹੁੰਦੀਆਂ ਹਨ (ਆਪਣਾ ਘਰ)। ਔਰਤ ਦੀ ਹੋਂਦ ਨੂੰ ਜਿਨਸੀ ਜੀਵ ਅਤੇ ਵੰਸ਼ ਨਿਰੰਤਰਤਾ ਲਈ ਲੋੜੀਂਦੀ ਸੀਮਤ ਹੋਂਦ ਤਕ ਘਟਾ ਦੇਣ ਦੀ ਇਸ ਸਥਿਤੀ ਦਾ ਪ੍ਰਤੱਖਣ ਇਨ੍ਹਾਂ ਕਹਾਣੀਆਂ ਦੇ ਬਿਰਤਾਂਤਕ ਮੂਡ ਦੀ ਪ੍ਰਾਪਤੀ ਹੈ।

ਪਰ ਐਨ. ਕੌਰ ਦੀ ਬਿਰਤਾਂਤਕਤਾ ਦਾ ਪ੍ਰਯੋਜਨ ਨਿਰੋਲ ਇਸ ਵਸਤੂ ਸਥਿਤੀ ਦੀ ਘਟਨਾਵੀ ਪੇਸ਼ਕਾਰੀ ਨਹੀਂ। ਉਸਦੀ ਦਿਲਚਸਪੀ ਇਸ ਸਥਿਤੀ ਵਿਚੋਂ ਲੰਘਦੀ ਔਰਤ ਦੀ ਮਾਨਸਿਕਤਾ ਨੂੰ ਕੁਰੇਦਣ ਵਿਚ ਹੈ। ਉਸਨੂੰ ਇਸ ਗੱਲ ਦਾ ਸੂਖਮ ਅਹਿਸਾਸ ਹੈ ਕਿ ਇਸ ਅਤਿ ਕਰੂਰ ਵਸਤੂ ਸਥਿਤੀ ਵਿਚ ਨਿਸਹੋਂਦ ਵਾਂਗ ਵਿਚਰਦੀ ਔਰਤ ਜੜ੍ਹ ਨਹੀਂ ਹੋ ਜਾਂਦੀ। ਉਸ ਦੇ ਮਨ ਅੰਦਰ ਉਤਪੰਨ ਹੁੰਦੀਆਂ, ਜਾਗਦੀਆਂ, ਬਿਨਸਦੀਆਂ ਮਨੋ-ਅਕਾਂਖਿਆਵਾਂ ਇਕ ਸਮਾਨਾਂਤਰ ਸੰਸਾਰ ਸਿਰਜਦੀਆਂ ਹਨ ਜਿਹੜਾ ਔਰਤ ਜਾਤ ਦਾ ਆਪਣਾ ਨਿੱਜੀ ਇਤਿਹਾਸ ਹੈ ਅਤੇ ਜਿਸਨੂੰ ਜਾਣੇ ਬਗ਼ੈਰ ਔਰਤ ਦੀ ਹੋਂਦ ਅਤੇ ਹੋਂਦ-ਵਿਧੀ, ਔਰਤ ਦੀਆਂ ਅਕਾਂਖਿਆਵਾਂ ਅਤੇ ਅਤ੍ਰਿਪਤੀਆਂ ਅਤੇ ਔਰਤ ਨੂੰ ਮਾਨਵੀ ਗੌਰਵ ਤੋਂ ਵੰਚਿਤ ਰੱਖਣ ਵਾਲੀਆਂ ਸਮਾਜਕ ਕੀਮਤਾਂ ਦਾ ਮੂਲ-ਨਿਰਧਾਰਨ ਸੰਭਵ ਨਹੀਂ।

ਐਨ. ਕੌਰ ਦੀ ਕਹਾਣੀ ਦੇ ਬਿਰਤਾਂਤਕ ਵੇਰਵੇ ਇਹ ਗੱਲ ਭਲੀਭਾਂਤ ਦਰਸਾ ਰਹੇ ਹਨ ਕਿ ਇਕ ਕੁੜੀ ਵਿਚ ਜਦੋਂ ਹੋਂਦ-ਚੇਤਨਾ ਜਾਗਦੀ ਹੈ ਤਾਂ ਹਸਦੀ ਗਾਉਂਦੀ, 'ਸੁਪਨਿਆਂ ਵਰਗੀਆਂ ਕੂਲੀਆਂ ਕੂਲੀਆਂ ਗੱਲਾਂ ਕਰਦੀ' ਇਹ ਕੁੜੀ ਕਿਸੇ ਰੌਸ਼ਨ ਭਵਿਖ ਲਈ 'ਚਿਣਗਾਂ ਚੁਕ ਚੁਕ ਕੇ ਬੋਝੇ ਵਿਚ ਪਾਉਣ' ਲਈ ਤਤਪਰ ਹੁੰਦੀ ਹੈ। 'ਡਾਢੇ ਹੀ ਕੂਲੇ ਜਿਹੇ ਸੁਭਾਅ ਵਾਲੀ' ਇਹ ਬੀਬੀ ਜਿਹੀ ਕੁੜੀ 'ਅੱਖੀਂ ਜ਼ੁਬਾਨ ਨਾਲ ਬੋਲਦੀ ਹੈ' ਪਰ 'ਬੱਦਲਾਂ ਦੀ ਹਿੱਕ ਤੇ ਸਤਰੰਗੀ ਪੀਂਘ ਝੂਟਣ' ਦੀ ਇੱਛਾ ਨਾਲ ਸਰਸ਼ਾਰ ਹੁੰਦੀ ਹੈ। ਪਰ ਇਹੀ ਕੂਲੇ ਜਿਹੇ ਝੱਲੇ ਜਿਹੇ ਜਜ਼ਬਿਆਂ ਵਾਲੀ ਸੁਬਕ ਜਿਹੀ ਕੁੜੀ ਉਲਾਰ ਬਣਤਰ ਵਾਲੇ ਮਰਦ ਪ੍ਰਧਾਨ ਰਿਸ਼ਤੇ ਵਿਚ ਬੱਝਦੀ ਹੈ ਤਾਂ ਇਨ੍ਹਾਂ ਮਨੋ-ਅਕਾਂਖਿਆਵਾਂ ਦਾ ਕੋਈ ਵੀ ਸਿਰਾ ਉਸਦੇ ਹੱਥ ਨਹੀਂ ਆਉਂਦਾ ਅਤੇ ਅੰਦਰ ਵੱਲ ਸਿਮਟਣਾ ਉਸਦੀ ਹੋਣੀ ਹੋ ਨਿਬੜਦੀ ਹੈ। ਇਸੇ ਅੰਦਰ ਪਰਤੀ,



ਉਦਾਸ, ਇਕੱਲੀ ਅਤੇ ਚੁੱਪ ਔਰਤ ਦਾ ਦਰਦ ਐਨ. ਕੌਰ ਦੀਆਂ ਕਹਾਣੀਆਂ ਦਾ ਕਥਾ ਵਿਵੇਕ ਬਣਦਾ ਹੈ।

ਐਨ. ਕੌਰ ਦੀ ਕਥਾ ਨਾਇਕਾ ਜਾਗੀਰਦਾਰੀ ਪਰਿਵੇਸ਼ ਵਾਲੀਆਂ ਸਮਾਜਕ ਕੀਮਤਾਂ ਵਿਚ ਰਹਿ ਰਹੀ ਹੈ। ਇਨ੍ਹਾਂ ਸਮਾਜਕ ਕੀਮਤਾਂ ਵਿਚ ਔਰਤ ਦੀ ਸਵੈ-ਚੋਣ ਦਾ ਸੰਕਲਪ ਤਾਂ ਮੂਲੋਂ ਵਰਜਿਤ ਹੀ ਹੈ ਹਾਲਾਂਕਿ ਮਰਦ ਵੱਲੋਂ ਉਸਦੀ ਚੋਣ ਦਾ ਜ਼ਾਵੀਆ ਆਪਣੀਆਂ ਦਕਿਆਨੂਸੀ ਸੀਮਾਵਾਂ ਸਮੇਤ ਹਾਜ਼ਰ ਹੈ। ਇਸ ਕਹਾਣੀ ਸੰਗ੍ਰਹਿ ਵਿਚ 'ਪਿਛੋਕੜ ਵਾਲੀ ਕੁੜੀ', 'ਘੁੱਪ ਹਨੇਰਾ', 'ਰਖੇਲ', 'ਬਾਬਾ ਸੱਜਣਾ ਅਤੇ 'ਚੰਦ ਮਾਮਾ' ਦੀਆਂ ਕਥਾ ਨਾਇਕਾਵਾਂ ਮਰਦ ਦੀ ਸੁਤੰਤਰ ਚੋਣ ਬਣਦੀਆਂ ਹਨ, ਪਰ ਕਥਾਨਾਕੀ ਵੇਰਵਿਆਂ ਦਾ ਸੱਚ ਇਹ ਹੈ ਕਿ ਚਾਹਤ ਵਿਚ ਇਹ ਰਿਸ਼ਤਾ 'ਬਾਬਾ ਸੱਜਣ' ਜਾਂ 'ਚੰਦ ਮਾਮਾ' ਵਾਂਗ ਸੂਰਮਗਤੀ ਅਤੇ ਕੁਰਬਾਨੀ ਦੇ ਨਾਇਕਤਵ ਵਾਲੀਆਂ ਕੀਮਤਾਂ ਅਧੀਨ ਹਸਤੀਆਂ ਮਿਟਾ ਕੇ ਇਕ ਮਿੱਥ ਬਣਕੇ ਤਾਂ ਜਿਉਂ ਸਕਦਾ ਹੈ ਪਰ ਸਮਾਜਕ ਕੀਮਤਾਂ ਦੇ ਮਰਯਾਦਤ ਪੈਟਰਨ ਵਿਚ ਇਸ ਰਿਸ਼ਤੇ ਲਈ ਕੋਈ ਥਾਂ ਨਹੀਂ ਬਲਕਿ ਇਹ ਪਿਛੋਕੜ ਤਾਂ ਉਸ ਕੁੜੀ ਦੀ ਜ਼ਿੰਦਗੀ ਨੂੰ ਹੋਰ ਬਦਤਰ ਹੀ ਬਣਾਉਂਦਾ ਹੈ। ਜਿਥੇ ਉਸ ਲਈ ਜ਼ਿੰਦਗੀ ਦੀ ਇਸ ਮਰੀ ਆਵਾਜ਼ ਦੀ ਲਾਸ਼ ਨੂੰ ਚੁੱਕਣਾ ਮੁਹਾਲ ਹੋ ਜਾਂਦਾ ਹੈ ਉਥੇ ਨਸੀਹਤਾਂ ਤੁਹਮਤਾਂ ਲਾਅਨਤਾਂ ਦੇ ਇਸ ਪਰਛਾਵੇਂ ਨਾਲ ਉਸਦੀ ਸਾਰੀ ਹੋਂਦ ਸਰਾਪੀ ਜਾਂਦੀ ਹੈ। ਮਿਸਾਲ ਵਜੋਂ 'ਪਿਛੋਕੜ ਵਾਲੀ ਕੁੜੀ' ਦੀ ਨਾਇਕਾ ਜਿਸਦੇ ਅਤੀਤ ਵਿਚ ਅਜਿਹੀ ਕਹਾਣੀ ਦਾ ਪਰਛਾਵਾਂ ਹੈ (ਹੁਣ ਭਾਵੇਂ ਇਸ ਛਲ ਦਾ ਭੇਦ ਪਾਉਣ ਉਪਰੰਤ ਕਿਸੇ ਮਰਦ ਦਾ ਘਰ ਵਸਾ ਰਹੀ ਹੈ) ਦੀ ਵਿਚਰਨ ਸਥਿਤੀ ਹੈ:

> ਸਾਰਾ ਜਹਾਨ ਸ਼ੰਮੋ ਵੱਲ ਹੋਰੂੰ ਹੋਰੂੰ ਦੇਖਦਾ ਜਿਵੇਂ ਉਸਦੇ ਮੱਥੇ 'ਤੇ
> ਸਿੰਗ ਉਗਿਆ ਹੋਵੇ। ਗਲੀ ਵਿਹੜੇ ਦੀਆਂ ਔਰਤਾਂ ਉਹਨੂੰ ਦੇਖ ਕੇ
> ਮੱਥੇ 'ਤੇ ਦੁਪੱਟਾ ਨੀਵਾਂ ਕਰ ਲੈਂਦੀਆਂ..... ਸ਼ੰਮੋ ਨੂੰ ਦੇਖਕੇ ਬਿਗਾਨੇ
> ਮਰਦਾਂ ਦੀਆਂ ਅੱਖਾਂ ਵਿਚ ਇਕ ਕੱਚੀ ਜਿਹੀ ਭੁੱਖ ਜਾਗ ਪੈਂਦੀ....
> ਸ਼ੰਮੋ ਰੱਕੜ ਵਿਚ ਉਗੇ ਹੋਏ ਰੁੱਖ ਵਾਂਗੂੰ ਕੱਲੀ ਰਹਿ ਗਈ ਸੀ।

ਕੱਚੀ ਉਮਰ ਵਿਚ ਕੱਚੇ ਜਜ਼ਬਿਆਂ ਵਾਲੇ ਭੁੱਖੇ ਮਰਦ ਨੂੰ ਹੁੰਗਾਰਾ ਭਰ ਬੈਠੀ ਇਹੋ ਜਿਹੇ ਹੀ ਪਿਛੋਕੜ ਵਾਲੀ 'ਘੁਪ ਹਨੇਰਾ' ਦੀ ਕਥਾ ਨਾਇਕਾ ਇਕ ਪਾਸੇ ਸਾਰੇ ਟੱਬਰ ਦੀਆਂ ਗਾਲ੍ਹਾਂ ਖਾਂਦੀ, ਕੁੱਟ ਖਾਂਦੀ ਅਤੇ ਹਰ ਸਾਲ ਬੱਚੇ ਜੰਮਦੀ ਹੈ ਅਤੇ ਦੂਜੇ ਪਾਸੇ ਆਪਣੇ ਵਜੂਦ ਦੇ ਸੰਤਾਪ ਨੂੰ ਇਉਂ ਹੰਢਾਉਂਦੀ ਹੈ:

> ਸਵੇਰੇ ਮੈਂ ਆਪਣੇ ਵਜੂਦ ਨੂੰ ਦੋ ਹਿੱਸਿਆਂ ਵਿਚ ਟੁਕ ਲੈਂਦੀ ਹਾਂ।
> ਮੇਰਾ ਇਕ ਹਿੱਸਾ ਮੇਰੀ ਆਵਾਜ਼ ਨੂੰ ਬੋਝੇ ਵਿਚ ਪਾ ਕੇ ਕਿਤੇ ਟੁਰ
> ਜਾਂਦਾ ਹੈ ਅਤੇ ਦੂਜਾ ਹਿੱਸਾ ਪੱਥਰ ਹੋ ਚੁੱਕਾ ਹੈ। ਰਾਤ ਨੂੰ ਥੱਕ ਟੁੱਟ
> ਕੇ ਜਦੋਂ ਮੈਂ ਮੰਜੇ 'ਤੇ ਡਿਗਦੀ ਹਾਂ ਤਾਂ ਪਤਾ ਨਹੀਂ ਦੋਵੇਂ ਹਿੱਸੇ ਇਕੱਠੇ
> ਹੋ ਜਾਂਦੇ ਹਨ ਅਤੇ ਮੇਰੀ ਆਵਾਜ਼ ਸਿਰਹਾਣੇ ਆ ਕੇ ਬੈਠ ਜਾਂਦੀ ਹੈ।
> ਸਾਰੀ ਰਾਤ ਮੈਂ ਮੱਛੀ ਵਾਂਗੂ ਤੜਪਦੀ ਰਹਿੰਦੀ ਹਾਂ।

ਇਹ ਸਮਾਜ ਔਰਤ ਦੀ ਇਨਸਾਨੀ ਹੋਂਦ ਤੋਂ ਮੂਲੋਂ ਬੇਨਿਆਜ਼ ਹੀ ਨਹੀਂ ਕਿੰਨਾ ਮੁਜਰਮਾਨਾ ਹੱਦ ਤਕ ਨਿਰਦਈ ਹੈ, ਇਸਦੇ ਅਨੇਕ ਸੰਕੇਤ ਉਸ ਦੀਆਂ ਕਹਾਣੀਆਂ ਵਿਚ ਮਰਦ ਦੇ ਔਰਤ ਪ੍ਰਤੀ ਵਿਹਾਰ ਵਿਚ ਉਪਲਬਧ ਹਨ। ਮਰਦ ਪ੍ਰਧਾਨ ਸਮਾਜਕ ਕੀਮਤਾਂ ਵਿਚ ਮਰਦ ਮਾਨਸਿਕਤਾ ਬਾਰੇ ਉਸਦਾ ਕਥਨ ਹੈ:

> ਮਰਦ ਆਪਣੇ ਨਾਂ ਦਾ ਆਸ਼ਕ ਹੈ। ਹਰ ਮਿੱਟੀ 'ਤੇ ਆਪਣੇ
> ਨਾਂ ਦੀ ਮੁਹਰ ਲਾ ਕੇ ਉਸਦਾ ਮਾਲਕ ਬਣ ਜਾਣਾ ਮਰਦ
> ਦੀ ਇਕੋ ਇਕ ਲਾਲਸਾ ਹੈ। (ਆਪਣਾ ਘਰ,)

ਇਹ ਮਰਦ ਆਪਣੀ ਨਾਮਰਦੀ ਦੀ ਤਲਾਫ਼ੀ ਲਈ ਵੀ ਔਰਤ ਨੂੰ ਜ਼ਲੀਲ ਕਰ ਸਕਦਾ ਹੈ

(ਰੇਸ਼ਮਾ), ਆਪਣੇ ਭੱਦੇ ਪਿਛੋਕੜ ਦੇ ਬਾਵਜੂਦ ਔਰਤ ਉਤੇ ਲੱਗੀ ਝੂਠੀ ਤੁਹਮਤ ਦੀ ਕਨਸੋ ਸੁਣ ਕੇ ਵੀ ਉਸਨੂੰ ਤਜ ਸਕਦਾ ਹੈ (ਥਾਲੀ ਵਿਚ ਰੋਟੀ)। ਇਹ ਮਰਦ ਆਪਣੀ ਦੌਲਤ ਨਾਲ ਕਿਸੇ ਗਰੀਬ ਮਾਂ ਪਿਉ ਦੀ ਧੀ ਨੂੰ ਧੱਕੇ ਨਾਲ ਖ਼ਰੀਦ ਵੀ ਸਕਦਾ ਹੈ (ਅੱਸੂ ਦੀ ਪੁੰਨਿਆ) ਅਤੇ ਸਭ ਕੁਦਰਤੀ ਕਾਇਦੇ ਕਾਨੂੰਨਾਂ ਦੀ ਉਲੰਘਣਾ ਕਰ ਆਪਣੀ ਵਿਆਹੀ ਔਰਤ ਨੂੰ ਧੀਆਂ ਜੰਮਣ ਦੇ ਦੋਸ਼ ਅਧੀਨ ਘਰੋਂ ਵੀ ਕੱਢ ਸਕਦਾ ਹੈ (ਆਪਣਾ ਘਰ)। ਅਜਿਹੀ ਸਮਾਜਕ ਵਿਵਸਥਾ ਵਿਚ ਜਿਥੇ ਔਰਤ ਨੂੰ ਇਕ ਜਿਉਂਦੀ ਜਾਗਦੀ ਧਿਰ ਵਜੋਂ ਪਛਾਣਿਆ ਹੀ ਨਹੀਂ ਜਾ ਰਿਹਾ ਉਥੇ ਔਰਤ ਆਪਣੇ ਆਪ ਬਾਰੇ ਕੀ ਸੋਚਦੀ ਹੈ, ਇਹ ਪ੍ਰਸ਼ਨ ਐਨ. ਕੌਰ ਦੀ ਸਾਹਿਤ ਸੰਵੇਦਨਾ ਦਾ ਇਕ ਮੂਲ ਮੁੱਦਾ ਬਣਦਾ ਹੈ। ਐਨ. ਕੌਰ ਦੀ ਕਥਾ ਨਾਇਕਾ ਡਾਢੀ ਉਦਾਸ ਹੈ। ਉਸਦੇ ਦਰਦ ਨੂੰ ਸੁਣਨ ਵਾਲਾ ਇਸ ਧਰਤੀ 'ਤੇ ਕੋਈ ਨਹੀਂ। ਉਹ ਅੰਬਰ ਕੋਲ ਫਰਿਆਦ ਕਰਦੀ ਹੈ ਤਾਂ ਉਸਨੂੰ ਲਗਦਾ ਹੈ ਕਿ ਅੰਬਰ ਅੱਖਾਂ ਮੀਚੀ ਸੁਣ ਰਿਹਾ ਹੈ ਅਤੇ ਜੇ ਧਰਤੀ ਕੋਲ ਰੋਂਦੀ ਹੈ ਤਾਂ ਧਰਤੀ ਪੱਥਰ ਵਾਂਗ ਸੁੰਨ ਹੋਈ ਜਾਪਦੀ ਹੈ। ਉਸ ਨਾਲ ਹੋ ਰਹੇ ਜਬਰ ਦੀ ਪ੍ਰਕਿਰਤੀ ਗਵਾਹ ਹੈ ਪਰ ਉਸਦੀ ਉਦਾਸੀ ਨੂੰ ਹੁੰਗਾਰਾ ਭਰਨ ਵਾਲਾ ਕੋਈ ਨਹੀਂ। ਉਸਦੀ ਚੁੱਪ ਧੁਖਦੀ ਹੈ, ਥਲਾਂ ਦੀ ਰੇਤ ਵਾਂਗ ਭਖਦੀ ਹੈ। ਇਸ ਗੁਬਾਰ ਵਿਚ ਉਹ ਕਦੇ 'ਭੈਣ' ਕਹਾਣੀ ਦੀ ਕਥਾ ਨਾਇਕਾ ਗੀਤਾ ਵਾਂਗ ਹੋਂਦ/ਨਿਸਹੋਂਦ ਦੇ ਅੰਨ੍ਹੇ ਖੂਹ ਵਿਚ ਡਿਗ ਪੈਂਦੀ ਹੈ, ਕਦੇ 'ਸਰਦਾਰਾਂ ਦੀ ਧੀ', ਪੰਜਾਬੋ ਵਾਂਗ ਹਨੇਰੇ ਵਿਚ ਗੁੰਮ ਹੋ ਜਾਂਦੀ ਹੈ। ਕਦੇ ਉਸਨੂੰ ਨਿੱਜੀ ਭੇਦਾਂ ਨੂੰ ਛੁਪਾ ਕੇ ਜੀਣਾ ਪੈਂਦਾ ਹੈ (ਚੰਦ ਮਾਮਾ) ਅਤੇ ਕਦੇ ਉਹ ਅਣਕੀਤੇ ਗੁਨਾਹਾਂ ਦਾ ਬੋਝ ਵੀ ਢੋਂਦੀ ਹੈ (ਮੈਂ ਬੇਵਫ਼ਾ ਹਾਂ, ਥਾਲੀ ਵਿਚ ਰੋਟੀ)। ਜ਼ਿੰਦਗੀ ਦੇ ਇਨ੍ਹਾਂ ਅਤਿ ਸੰਤਾਪੇ ਸਰਾਪੇ ਪਲਾਂ ਵਿਚ ਔਰਤ ਦੀ ਇਸ ਸੰਤਾਪੀ ਅਨੁਭੂਤੀ ਬਾਰੇ ਕਥਾਕਾਰਾ ਥਾਂ ਪੁਰ ਥਾਂ ਸੰਕੇਤ ਕਰਦੀ ਹੈ:

> ਔਰਤ ਇਕ ਗੁੰਝਲਦਾਰ ਪਹੇਲੀ ਹੈ। ਉਸਦੇ ਮਨ ਵਿਚ ਅਨੇਕ ਰਖਣੇ ਹਨ।
> ਉਹ ਆਪਣੀ ਜਿੰਦ 'ਚ ਤੂੰਬਾ ਤੂੰਬਾ ਕਰਕੇ ਰਖਣੇ ਬਣਾਉਂਦੀ ਹੈ।
> ਕਈ ਰਖਣੇ ਬਣਦੇ ਬਣਦੇ ਉਹਦੇ ਹੱਥਾਂ ਵਿਚੋਂ ਗੁਬਾਰਿਆਂ ਵਾਂਗੂੰ ਉਡ ਜਾਂਦੇ ਹਨ।
> ਕਈ ਰਖਣੇ ਚਾਰ ਦਿਹਾੜੇ ਵਸ ਕੇ ਉਜੜ ਜਾਂਦੇ ਹਨ ਤੇ ਉਹ ਉਨ੍ਹਾਂ ਰਖਣਿਆ ਦੇ
> ਥੇਹ ਨੂੰ ਉਮਰ ਭਰ ਆਪਣੀ ਹਿੱਕ ਨਾਲ ਲਾਈ ਰੱਖਦੀ ਹੈ। (ਮੈਂ ਬੇਵਫ਼ਾ ਹਾਂ)

> ਔਰਤ ਦਾ ਮਨ ਇਕ ਚਕਰਵਿਊਹ ਵਾਕਰ ਹੈ- ਕੰਧਾਂ ਤੋਂ ਅੱਗੇ ਕੰਧਾਂ, ਮੋੜਾਂ ਤੋਂ ਅੱਗੇ
> ਮੋੜ, ਪੌੜੀਆਂ ਤੋਂ ਅੱਗੇ ਪੌੜੀਆਂ। ਉਸ ਭੁੱਲ ਭੁਲਈਏ ਦੇ ਵਿਚਕਾਰ ਕਿਧਰੇ ਉਹਦੀ
> ਆਵਾਜ਼ ਸੁੱਤੀ ਰਹਿੰਦੀ ਹੈ। (ਘੁਪ ਹਨੇਰਾ)

> ਔਰਤ ਦੀ ਮਿੱਟੀ ਵਿਚ ਆਪਣੇ ਘਰ ਦੀ ਜਮਾਂਦਰੂ ਲੋਚਾ ਹੈ।... ਆਪਣੇ ਘਰ ਤਕ
> ਪਹੁੰਚਣ ਲਈ ਔਰਤ ਇਕੋ ਜਨਮ ਵਿਚ ਅਨੇਕਾਂ ਜੂਨਾਂ ਭੋਗਦੀ ਹੈ। ਵੰਨ-ਸੁਵੰਨੇ ਰੂਪ
> ਹੰਢਾਉਂਦੀ ਹੈ। ਰੰਗ ਬਰੰਗੇ ਜਾਮੇ ਬਦਲਦੀ ਹੈ, ਵਾਰ ਵਾਰ ਜੰਮਦੀ ਤੇ ਨਿੱਤ ਨਿੱਤ
> ਮਰਦੀ ਹੈ (ਆਪਣਾ ਘਰ)

ਇਸ ਸਮਾਜ ਵਿਚ ਔਰਤ ਦੀ ਹੋਂਦ ਨੂੰ ਉਹ ਆਪਣੀ ਕਹਾਣੀ 'ਪੁਤਲੀਆਂ ਦਾ ਨਾਚ' ਵਿਚ ਬੜੀ ਖੂਬਸੂਰਤੀ ਨਾਲ ਪੁਤਲੀ ਨਾਲ ਵੀ ਤੁਲਨਾਉਂਦੀ ਹੈ। ਔਰਤ ਮਰਦ ਸੰਬੰਧਾਂ ਵਿਚ ਔਰਤ ਦੀ ਹੋਂਦ ਦਾ ਕਿਹੜਾ ਸੱਚ ਕਿਵੇਂ ਕਾਰਜਸ਼ੀਲ ਹੁੰਦਾ ਹੈ, ਇਸ ਪ੍ਰਸ਼ਨ ਨੂੰ ਉਭਾਰਦਿਆਂ ਉਹ ਲਿਖਦੀ ਹੈ:

> ਔਰਤ ਇਕ ਪੁਤਲੀ ਹੈ।
> ਮਰਦ ਪੁਤਲੀਗਰ ਵੀ ਹੈ ਅਤੇ ਤਮਾਸ਼ਬੀਨ ਵੀ।



> ਪੁਤਲੀਗਰ ਦੀਆਂ ਉਂਗਲਾਂ ਤੇ ਨੱਚਣਾ ਪੁਤਲੀ ਦੀ
> ਮਜ਼ਬੂਰੀ ਹੈ ਜਾਂ ਉਸਦੀ ਆਦਤ। ਸ਼ਾਇਦ ਦੋਨੋਂ ਈ ਸੱਚ ਹੋਣ।...

ਮਰਦ ਦੀ ਔਰਤ ਪ੍ਰਤੀ ਖਿੱਚ ਤੇ ਨਫ਼ਰਤ ਮਰਦ ਮਾਨਸਿਕਤਾ ਨੂੰ ਕਿਵੇਂ ਸੰਚਾਲਿਤ ਕਰਦੀ ਹੈ ਜਾਂ ਫਿਰ ਔਰਤ ਮਰਦ ਤੋਂ ਕਿਹੜੀ ਤ੍ਰਿਪਤੀ ਭਾਲਦੀ ਹੈ ਅਤੇ ਦੋਨੋਂ ਆਪਣੀ ਆਪਣੀ ਜੀਵਾਤਮਕ ਹੋਂਦ ਤੇ ਫਿਤਰਤ ਦੇ ਕਿੰਨੇ ਕੁ ਗੁਲਾਮ ਹਨ, ਇਨ੍ਹਾਂ ਪ੍ਰਸ਼ਨਾਂ ਨੂੰ ਨਜਿੱਠਦੀ ਇਹ ਕਹਾਣੀ ਇਕ ਮਰਦ ਵੱਲ ਆਕਰਸ਼ਤ ਹੁੰਦੀਆਂ ਵੱਖ ਵੱਖ ਔਰਤਾਂ ਦੀਆਂ ਫਿਤਰਤੀ ਗਹਿਰਾਈਆਂ ਦਾ ਬਲਸ਼ਾਲੀ ਗਾਲਪਨਿਕ ਬਿੰਬ ਹੈ। ਔਰਤ ਮਰਦ ਦੇ ਪਰਸਪਰ ਸੰਬੰਧਾਂ ਵਿਚ ਔਰਤ ਮਰਦ ਇਕ ਦੂਜੇ ਤੋਂ ਕੀ ਤਵੱਕੋ ਰੱਖਦੇ ਹਨ, ਕਹਾਣੀ ਇਸ ਪ੍ਰਸ਼ਨ ਉਤੇ ਫੋਕਸ ਹੈ। ਕਹਾਣੀ ਵਿਚ ਅੱਡ ਅੱਡ ਨਾਮ ਦੀਆਂ ਔਰਤਾਂ/ਪੁਤਲੀਆਂ ਪੁਤਲੀਗਰ ਯੁਗਰਾਜ ਦੇ ਇਸ਼ਾਰਿਆਂ 'ਤੇ ਨਚਦੀਆਂ ਹਨ ਅਤੇ ਔਰਤ ਦੀ ਫਿਤਰਤ ਵਿਚੋਂ ਅਛੋਪਲੇ ਹੀ ਇਹ ਸੱਚ ਕੱਢ ਲਿਆਉਂਦੀਆਂ ਹਨ ਕਿ ਔਰਤ ਆਪਣੇ ਮਰਦ ਦਾ ਅਣਵੰਡਿਆ ਸਾਥ ਚਾਹੁੰਦੀ ਹੈ, ਉਸਨੂੰ ਪੂਰੇ ਦਾ ਪੂਰਾ ਆਪਣਾ ਬਣਾਉਣਾ ਚਾਹੁੰਦੀ ਹੈ, ਬਰਾਬਰ ਦਾ ਹੋ ਕੇ ਜਿਊਣਾ ਚਾਹੁੰਦੀ ਹੈ, ਘਰ ਦੀ ਸੁਰੱਖਿਅਤਾ ਚਾਹੁੰਦੀ ਹੈ ਅਤੇ ਇਹੀ ਨਹੀਂ ਸੁਹਣੇ-ਸੁਨੱਖੇ ਮਰਦ, ਰੱਜੇ-ਪੁੱਜੇ ਘਰ ਅਤੇ ਬੱਚਿਆਂ ਦੀ ਹੋਂਦ ਉਪਰੰਤ ਰਹਿ ਗਈ ਸੁੰਨ ਨੂੰ ਭਰਨ ਲਈ ਕੁਝ ਹੋਰ ਵੀ ਚਾਹੁੰਦੀ ਹੈ। ਇਸੇ ਤਰ੍ਹਾਂ ਔਰਤ ਦੀ ਕਮਜ਼ੋਰੀ ਮਰਦ ਨੂੰ ਕਿਵੇਂ ਤ੍ਰਿਪਤਾਉਂਦੀ ਤੇ ਕਿਨ੍ਹਾਂ ਹਾਲਤਾਂ ਵਿਚ ਖਿਝਾਉਂਦੀ ਹੈ ਜਾਂ ਫਿਰ ਔਰਤ ਦਾ ਆਗ੍ਰਹਿ ਮਨੁੱਖ ਨੂੰ ਕਿਵੇਂ ਝੰਜੋੜਦਾ ਤੇ ਕਿਵੇਂ ਗੁੱਸੇ ਵਿਚ ਦੰਦ ਪੀਹਣ ਲਾ ਦਿੰਦਾ ਹੈ, ਆਦਿ ਦੇ ਕਥਾਨਕੀ ਵੇਰਵੇ ਮਰਦ ਦੀ ਫਿਤਰਤ ਦੀ ਥਾਹ ਪਾਉਣ ਵੱਲ ਅਹੁਲਦੇ ਹਨ। ਐਨ. ਕੌਰ ਦੀ ਕਹਾਣੀ ਵਿਚ ਭਾਵੇਂ ਮਰਦ ਦੀ ਔਰਤ ਪ੍ਰਤੀ ਕਮਜ਼ੋਰੀ ਦਾ ਫਾਇਦਾ ਉਠਾ ਕੇ ਉਚੇ ਥਾਂ ਚੜ੍ਹਨ ਲਈ ਮਰਦ ਨੂੰ ਪੌੜੀਆਂ ਵਾਂਗੂ ਵਰਤਦੀ ਅਤੇ ਮਿੱਟੀ ਦੇ ਖਿਡੌਣਿਆਂ ਵਾਂਗ ਖੇਡ ਖੇਡ ਸੁੱਟਦੀ ਔਰਤ ਦਾ ਜ਼ਾਵੀਆ ਵੀ 'ਮਿੱਟੀ ਦੇ ਖਿਡੌਣੇ' ਨਾਮੀ ਕਹਾਣੀ ਵਿਚ ਹਾਜ਼ਰ ਹੈ ਪਰ ਉਸਦੀ ਬਿਰਤਾਂਤਕਾਰੀ ਵਿਚੋਂ ਉਭਰਦਾ ਭਾਰੂ ਵਿਵੇਕ ਮਰਦ ਪ੍ਰਧਾਨ ਸਮਾਜਕ ਕੀਮਤਾਂ ਵਿਚ ਨਮੋਸ਼ੀ ਝੱਲਦੀ, ਅਤਿ ਤ੍ਰਾਸਦਿਕ ਪਲਾਂ ਵਿਚ ਵੀ ਜਜ਼ਬਾਤੀ ਟੇਕ ਤੋਂ ਸੱਖਣੀ ਅੰਦਰੇ ਅੰਦਰ ਘਿਰਦੀ, ਅਣਬੁੱਝੀ ਬੁਝਾਰਤ ਵਾਂਗ ਵਿਚਰਦੀ ਔਰਤ ਦੀ ਚੁੱਪ ਵੇਦਨਾ ਦਾ ਹੀ ਹੈ।

ਇਸਦਾ ਭਾਵ ਇਹ ਕਦਾਚਿਤ ਨਹੀਂ ਕਿ ਐਨ. ਕੌਰ ਦੀ ਕਹਾਣੀ ਵਿਚ ਔਰਤ ਇਕ ਬੇਬਸ ਲਾਚਾਰ ਅਤੇ ਨਿਸ਼ਕ੍ਰਿਯ ਹੋਂਦ ਵਜੋਂ ਪੇਸ਼ ਕੀਤੀ ਗਈ ਹੈ। ਉਸਦੀ ਕਥਾ ਨਾਇਕਾ ਧੁਰ ਅੰਦਰ ਹੱਡਮਾਸ ਦੀ ਜਿਉਂਦੀ ਜਾਗਦੀ ਔਰਤ ਹੈ, ਉਸਦੀ ਹੋਂਦ ਨਾਲ ਵਾਪਰ ਰਹੇ ਸਮਾਜਕ ਖਿਲਵਾੜ ਦੀ ਉਸਨੂੰ ਸਮਝ ਪੈਂਦੀ ਹੈ ਪਰ ਉਹ ਕਿਸੇ ਸ਼ੋਰੀਲੇ ਵਿਦਰੋਹੀ ਸੁਰ ਦੀ ਧਾਰਨੀ ਨਹੀਂ। ਉਹ ਆਦਤਨ ਚੁੱਪ ਤੇ ਜਰਨ ਦਾ ਕੰਮ ਕਰਦੀ ਹੈ ਪਰ ਇਸ ਚੁੱਪ ਵਿਚ ਉਸਦੀ ਉਹ ਦ੍ਰਿੜਤਾ ਪਰ ਤੋਲ ਰਹੀ ਹੈ ਜਿਹੜੀ ਆਰਥਿਕ ਪਰ-ਨਿਰਭਰਤਾ ਦੇ ਭਵਸਾਗਰ ਨੂੰ ਲੰਘਕੇ ਅਤੇ ਸੰਸਕਾਰਾਂ ਦੀਆਂ ਸੀਮਾਵਾਂ ਨੂੰ ਜੋਹ ਕੇ ਪਾਰ ਲੰਘਣਾ ਚਾਹੁੰਦੀ ਹੈ। ਉਸਨੂੰ ਪਤਾ ਹੈ ਕਿ ਅਸਾਂਵੇ ਉਤਪਾਦਨ ਸਿਸਟਮ ਅਤੇ ਉਲਾਰ ਸੰਬੰਧਾਂ ਵਿਚ ਉਸਦੀ ਮੁਥਾਜੀ ਦਾ ਇਕ ਵੱਡਾ ਤਰਕ ਉਸਦੀ ਰੋਟੀ ਲਈ ਪਰਨਿਰਭਰ ਹੋਂਦ ਵਿਚ ਪਿਆ ਹੈ। 'ਅੱਸੂ ਦੀ ਪੁੰਨਿਆ', 'ਥਾਲੀ ਵਿਚ ਰੋਟੀ', 'ਆਪਣਾ ਘਰ' ਆਦਿ ਕਹਾਣੀਆਂ ਦਾ ਰਚਨਾਤਮਕ ਸੂਤਰ ਹੀ ਇਹ ਹੈ ਕਿ ਔਰਤ ਜਦੋਂ ਪੜ੍ਹ ਲਿਖਕੇ ਸਵੈ ਨਿਰਭਰ ਹੋ ਜਾਵੇਗੀ ਤਾਂ ਉਸਦੀ ਆਵਾਜ਼ ਹਨੇਰੇ ਦੀ ਹਿੱਕ 'ਤੇ ਚੜ੍ਹ ਕੇ ਖਲੋ ਸਕਣ ਦੀ ਸਮਰੱਥਾ ਰਖਦੀ ਹੋਵੇਗੀ ਅਤੇ ਹਨੇਰਾ ਉਸਦੇ ਸਾਹਵੇਂ ਕੰਬ ਕੰਬ ਜਾਵੇਗਾ। ਨਿਰਸੰਦੇਹ ਉਹ ਆਪਣੀ ਕਥਾ ਨਾਇਕਾਂ ਨੂੰ ਕਿਸੇ ਰੌਸ਼ਨ ਭਵਿਖ ਦਾ ਪੱਲਾ ਫੜਾਉਂਦੀ ਹੈ। ਐਨ. ਕੌਰ ਦੀ ਚੇਤਨਾ ਇਸ ਗੱਲ ਦੀ ਕਾਇਲ ਹੈ ਕਿ ਉਸਦੀ ਕਥਾ ਨਾਇਕਾ ਬੀਤੇ ਇਤਿਹਾਸ ਦੀ ਨੁਮਾਇੰਦਗੀ ਕਰ ਰਹੀ ਹੈ। ਕਥਾ ਸੰਗ੍ਰਹਿ ਦਾ ਸਿਰਲੇਖ 'ਇਕ ਕੁੜੀ ਚੁੱਪ ਸੀ' ਆਪਣੇ ਆਪ ਵਿਚ ਇਸ ਗੱਲ ਦਾ ਸੰਕੇਤ

ਹੈ ਕਿ ਇਹ ਭੂਤ ਦੀ ਉਸ ਕੁੜੀ ਦੀ ਬਾਤ ਹੈ ਜਿਹੜੀ ਆਪਣੀ ਸਮਾਜਕ ਵਿਅਕਤਿਤਵ ਹੀਣ ਤ੍ਰਾਸਦੀ ਦਾ ਬੋਝ ਢੋਂਦੀ ਸਾਰੀਆਂ ਵਿਖਮਤਾਵਾਂ ਵਿਚ ਜਰਨ ਦੀ ਅਥਾਹ ਸ਼ਕਤੀ ਦਾ ਪ੍ਰਮਾਣ ਦੇ ਰਹੀ ਸੀ ਅਤੇ ਸਭ ਕੁਝ ਚਾਹੁੰਦੀ, ਚਿਤਵਦੀ ਤੇ ਜਾਣਦੀ ਹੋਈ ਵੀ ਚੁੱਪ ਸੀ।

ਐਨ. ਕੌਰ ਆਪਣੀ ਕਹਾਣੀ ਵਿਚ ਔਰਤ ਮਨ ਦੇ ਰਾਜ਼ ਦੱਸ ਰਹੀ ਹੈ। ਇਸ ਕਰਕੇ ਉਸਦਾ ਬਿਰਤਾਂਤਕ ਮਾਡਲ ਬਾਤ ਵਰਗਾ ਸਰਲ ਵੀ ਹੈ ਅਤੇ ਭੇਦ ਵਰਗਾ ਰਾਜ਼-ਦਾਰਾਨਾ ਵੀ। ਜਿਥੋਂ ਤਕ ਉਸਦੀ ਘਟਨਾ ਚੋਣ ਅਤੇ ਘਟਨਾਵਾਂ ਦੇ ਪੇਸ਼ਕ੍ਰਮ ਦਾ ਸਵਾਲ ਹੈ ਉਹ ਸਰਲ ਬਿਰਤਾਂਤ ਦੀ ਰਚੈਤਾ ਹੈ। ਨਾ ਉਸਦੀ ਕਥਾ ਨਾਇਕਾ ਦੀ ਭੂਮਿਕਾ ਗੁੰਝਲਦਾਰ ਤੇ ਬਹੁਪਰਤੀ ਹੈ ਅਤੇ ਨਾ ਹੀ ਘਟਨਾਵੀ ਸਿਲਸਿਲਾ ਟੇਢਾ ਅਤੇ ਸਨਸਨੀਖੇਜ਼ ਹੈ। ਉਹ ਆਪਣੀ ਕਥਾ ਨਾਇਕਾ ਰਾਹੀਂ ਕਿਸੇ ਇਕੱਲੀ ਇਕਹਿਰੀ ਘਟਨਾ ਦਾ ਬਿਰਤਾਂਤ ਸਿਰਜ ਰਹੀ ਹੈ ਪਰ ਇਸ ਬਿਰਤਾਂਤ ਰਾਹੀਂ ਉਹ ਕਿਸੇ ਸਥਿਤੀ ਨੂੰ ਪਲਟਾਉਣਾ ਅਰਥਾਉਣਾ ਚਾਹੁੰਦੀ ਹੈ। ਬਾਹਰੋਂ ਸ਼ਾਂਤ ਸਹਿਜ ਤੇ ਚੁੱਪਚਾਪ ਵਿਚਰਨ ਵਾਲੀ ਕਥਾ ਨਾਇਕਾ ਦੇ ਅੰਤਹਕਰਨ ਨੂੰ ਨਸ਼ਰ ਕਰਨਾ ਚਾਹੁੰਦੀ ਹੈ ਅਤੇ ਇਸ ਮਕਸਦ ਲਈ ਉਹ ਜਜ਼ਬਿਆਂ ਦੀ ਭਾਸ਼ਾ ਦੇ ਸੂਹਜ ਨੂੰ ਹਥਿਆਰ ਬਣਾਉਂਦੀ ਹੈ। ਸੂਹਜ ਤੇ ਸਰਲਤਾ ਦਾ ਇਹ ਸੁਮੇਲ ਉਸਦੀ ਕਥਾ ਸ਼ੈਲੀ ਨੂੰ ਰੋਚਕ, ਪੜ੍ਹਨਯੋਗ ਅਤੇ ਨਾਲ ਹੀ ਅਰਥਾਉਣਯੋਗ ਬਣਾ ਦਿੰਦਾ ਹੈ। ਉਸਦੀਆਂ ਕਹਾਣੀਆਂ ਦੇ ਨਿੱਕੇ ਨਿੱਕੇ ਵਾਕ ਇਸ ਸ਼ੈਲੀ ਦੇ ਖ਼ੂਬਸੂਰਤ ਪ੍ਰਮਾਣ ਹਨ :

* ਇਕ ਕੁੜੀ ਚੁੱਪ ਸੀ। ਮਰਦ ਚੁੱਪ ਸੀ।
  ਘਰ ਚੁੱਪ ਸੀ। ਨਿੰਮ ਦਾ ਬੂਟਾ ਚੁੱਪ ਸੀ। (ਇਕ ਕੁੜੀ ਚੁੱਪ ਸੀ)
* ਗਰੀਬਾਂ ਦੀਆਂ ਧੀਆਂ ਨਾਲ ਰੁੱਤਾਂ ਵੀ ਛਲ ਕਰਦੀਆਂ ਨੇ ਤੇ ਦਿਨ ਵੀ।
* ਮਿੱਟੀ ਦੀ ਔਰਤ ਤੇ ਮਿੱਟੀ ਦੇ ਘਰ ਵਿਚਕਾਰ ਖਲੋਤਾ ਮਰਦ ਉਸ ਫਾਸਲੇ ਦਾ ਮੁੱਲ ਕਰਦਾ ਹੈ। (ਆਪਣਾ ਘਰ)
* ਜਦੋਂ ਕੋਈ ਕੁੜੀ ਕਹਾਣੀ ਬਣ ਜਾਵੇ ਤਾਂ ਉਹ ਮੁੜ ਕੇ ਕਦੀ ਵੀ ਸੱਚਮੁਚ ਦੀ ਔਰਤ ਨਹੀਂ ਬਣ ਸਕਦੀ। (ਪਿਛੋਕੜ ਵਾਲੀ ਕੁੜੀ)
* ਰੂਪਾ ਨੱਚਦੀ ਰਹੀ ਤੇ ਰੋਂਦੀ ਰਹੀ, ਸੰਗਮਰਮਰ ਦੀ ਮੂਰਤੀ ਤੋਂ ਔਰਤ ਬਣਨਾ ਤੇ ਔਰਤ ਤੋਂ ਪੁਤਲੀ ਬਣਨਾ ਰੂਪ ਵਰਗੀ ਕੁੜੀ ਦੀ ਹਾਰ ਵੀ ਸੀ ਅਤੇ ਉਸਦੀ ਮੌਤ ਵੀ। ਯੁਗਰਾਜ ਮੋਰ ਵਾਂਗੂ ਉਹਦੇ ਅੱਥਰੂ ਚੁਗਦਾ ਰਿਹਾ ਤੇ ਮੁਸਕਰਾਂਦਾ ਰਿਹਾ। (ਪੁਤਲੀਆਂ ਦਾ ਨਾਚ)
* ਸਰਦਾਰਾਂ ਦਾ ਇਨਸਾਫ ਆਪਣਾ ਸੀ, ਰੱਬ ਆਪਣਾ ਸੀ, ਉਚੀਆਂ ਮਮਟੀਆਂ ਵਾਲੀਆਂ ਹਵੇਲੀਆਂ ਤੇ ਮੀਲਾਂ ਤਾਈਂ ਲਹਿਲਹਾਉਂਦੇ ਕਣਕਾਂ, ਝੋਨਿਆਂ ਦੇ ਖੇਤ ਆਪਣੇ ਸਨ। ਕੰਮੀਆਂ ਦਾ ਕੁਝ ਵੀ ਆਪਣਾ ਨਹੀਂ ਸੀ। (ਸਰਦਾਰਾਂ ਦੀ ਧੀ)

ਐਨ. ਕੌਰ ਦੀ ਕਥਾ ਸ਼ੈਲੀ ਦਾ ਇਹ ਕਾਵਿਮਈ ਸੂਹਜ ਅਤੇ ਗਹਿਰ ਗੰਭੀਰ ਸਰੋਕਾਰ ਉਸਨੂੰ ਆਪਣੀ ਵੱਥ ਦੀ ਸਮਰੱਥ ਵਕਤਾ ਬਣਾ ਦਿੰਦੀ ਹੈ। ਉਹ ਸਮਾਜ ਵਿਚ ਅਣਗੌਲੀ, ਅਣਸਮਝੀ ਤੇ ਉਪੇਖਿਅਤ ਔਰਤ ਦੀ ਹੋਂਦ-ਵਿਧੀ ਅਤੇ ਉਸਦੀ ਇਨਸਾਨੀ ਪਛਾਣ ਉਤੇ ਫੋਕਸ ਕਰਦੀ ਹੈ ਅਤੇ ਉਸਦੇ ਚੁੱਪ ਦੇ ਵਰਤਾਰੇ ਦਾ ਪ੍ਰਵਚਨ ਸਿਰਜਣ ਵੱਲ ਅਹੁਲਦੀ ਹੈ। ਕਿਸੇ ਸ਼ੋਰੀਲੇ ਸੁਰ ਦੀ ਅਣਹੋਂਦ ਵਿਚ ਉਸਦਾ ਇਹ ਸੁਹਿਰਦ ਸਰੋਕਾਰ ਔਰਤ ਦੀ ਸਮਾਜਕ ਹੋਂਦ ਦੇ ਸਮਵਿੱਥ ਉਸਦੀ ਸਹਿਮਦੀ, ਜਰਦੀ ਤੇ ਅਣਕੀਤੇ ਗੁਨਾਹਾਂ ਦਾ ਬੋਝ ਢੋਂਦੀ ਮਨੋਅਵਸਥਾ ਦਾ ਕਲਾਤਮਕ ਰੂਪਾਂਤਰਨ ਹੋ ਨਿਬੜਦਾ ਹੈ। ਇਸ ਦੋਹਰੇ ਅਮਲ ਤੇ ਪੱਕੀ ਪੀਡੀ ਅਤੇ ਸੁਹਿਰਦ ਪਕੜ ਉਸਨੂੰ ਔਰਤ-ਵੇਦਨਾ ਦੀ ਰਿਪੋਰਟ ਕਰਤਾ ਤੋਂ ਅਗਾਂਹ ਲੰਘਾ ਔਰਤ ਦੀ ਚੁੱਪ ਦੀ ਪ੍ਰਵਚਨਕਾਰਾ ਬਣਾ ਦਿੰਦੀ ਹੈ।

[ਰੀਡਰ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]





## ਬੰਸਰੀ ਉਦਾਸ ਹੈ [ਰਵਿੰਦਰ]

ਸਮਕਾਲੀ ਸ਼ਾਇਰੀ ਦਾ ਇਕ ਅਹਿਮ ਲੱਛਣ ਸ਼ਾਇਰੀ ਨੂੰ ਸ਼ਾਇਰੀ ਦਾ ਵਿਸ਼ਾ ਬਣਾਉਣਾ ਹੈ। ਹਰ ਸ਼ਾਇਰ ਦੋ-ਚਾਰ ਅਜਿਹੀਆਂ ਕਵਿਤਾਵਾਂ ਅਵੱਸ਼ ਲਿਖਦਾ ਹੈ, ਰਵਿੰਦਰ ਵੀ ਕੋਈ ਅਪਵਾਦ ਨਹੀਂ ਹੈ। 'ਕੁਝ ਕਵਿਤਾ ਜਿਹਾ', 'ਕਿਹੜਾ ਗੀਤ ਗਾਵਾਂ' ਵਰਗੀਆਂ ਕਵਿਤਾਵਾਂ ਉਸਦਾ ਕਾਵਿ-ਮੈਨੀਫੈਸਟੋ ਹੈ, ਜਿਨ੍ਹਾਂ ਵਿਚ ਉਹ ਪ੍ਰਚਲਤ ਪਰ ਜੜ੍ਹ ਹੋ ਚੁੱਕੀ ਫਾਰਮੂਲਾ-ਟਾਈਪ ਆਲੋਚਨਾ ਦਾ ਮਖੌਲ ਉਡਾਂਦਿਆ ਪੁੱਛਦਾ ਹੈ:

ਤੁਸੀਂ ਵਿਦਵਾਨ ਹੋ, ਸਭ ਜਾਣਦੇ ਹੋ, ਕਵਿਤਾ 'ਚ ਕਿੰਨਾ ਕੁ ਲੋਕ-ਪੀੜ ਦਾ ਹੋਕਾ
ਕਿੰਨਾ ਮਜ਼ਹਬ, ਸਿਆਸਤ, ਕਿੰਨਾ ਕੁਸੂਹਜ, ਸ਼ੈਲੀ, ਕਲਾ-ਕੌਸ਼ਲ
ਕਿੰਨਾ ਸੰਘਰਸ਼, ਕਿੰਨਾ ਸਮਝੌਤਾ, ਕਿੰਨਾ ਕੁ ਲਾਲ, ਚਿੱਟਾ, ਕੇਸਰੀ ਰੰਗ
ਕਿੰਨਾ ਉਪਦੇਸ਼, ਕਿੰਨੀ ਰਾਹਨੁਮਾਈ
ਤੇ ਹੋਰ ਸਮੇਂ ਸਮੇਂ ਸਿਰ, ਸਿਰ ਉਠਾਉਂਦੇ
ਸਥਾਨਕ ਮਸਲੇ, ਮਸਾਲੇ ਹੋਣੇ ਚਾਹੀਦੇ ਨੇ

ਰਵਿੰਦਰ ਦੀ ਕਵਿਤਾ ਬਾਰੇ ਸੁਰਜੀਤ ਪਾਤਰ ਨੇ ਲਿਖਿਆ ਹੈ; "ਰਵਿੰਦਰ ਸਾਡੇ ਦੌਰ ਦੀ ਇਕ ਅਹਿਮ, ਹੱਸਾਸ ਤੇ ਦਿਲਾਂ ਦੀ ਥਾਹ ਦੇਣ ਵਾਲੀ ਆਵਾਜ਼ ਹੈ"। ਇਸੇ ਪ੍ਰਕਾਰ ਪ੍ਰਮਿੰਦਰਜੀਤ ਨੇ ਲਿਖਿਆ ਹੈ, "ਆਪਣੇ ਅਨੁਭਵ, ਸੋਚ ਤੇ ਅਹਿਸਾਸ ਨੂੰ ਰਵਿੰਦਰ ਨੇ ਬੜੀ ਸਹਿਜਤਾ ਤੇ ਸੂਖਮਤਾ ਨਾਲ, ਅੰਗੀਕਾਰ ਕੀਤਾ ਹੈ। ਏਹੋ ਉਚੇਚ-ਰਹਿਤ ਸਹਿਜ ਵੱਖਰਤਾ ਰਵਿੰਦਰ ਦੀ ਪਹਿਚਾਣ ਹੈ।" ਅਜਿਹੇ ਪ੍ਰਮਾਣਿਕ ਹਸਤਾਖਰਾਂ ਵਾਲੀਆਂ ਸਨਦਾਂ ਸਮੇਤ ਖ਼ੂਬਸੂਰਤ ਸਰਵਰਕ ਵਾਲੀ ਪੁਸਤਕ ਦੀਆਂ ਪੈਂਤੀ ਕਵਿਤਾਵਾਂ ਦਾ ਇਕਾਗਰ ਪਾਠ ਨਿਰਸੰਦੇਹ ਇਕ ਵੱਖਰੇ ਕਾਵਿ-ਮੁਹਾਵਰੇ ਦੀ ਦੱਸ ਪਾਉਂਦਾ ਹੈ।

ਰਵਿੰਦਰ ਬੁਨਿਆਦੀ ਤੌਰ 'ਤੇ ਰਿਸ਼ਤਿਆਂ ਦਾ ਸ਼ਾਇਰ ਹੈ। ਕਾਵਿ-ਪਾਠ ਤੋਂ ਪ੍ਰਗਟ ਹੁੰਦਾ ਕਾਵਿ-ਨਾਇਕ ਇਕ ਅਜਿਹੇ ਵਿਅਕਤੀ ਵਜੋਂ ਪੇਸ਼ ਹੁੰਦਾ ਹੈ ਜੋ ਬਹੁਤ ਕੁਝ ਕਰਨਾ ਚਾਹੁੰਦਾ ਸੀ ਪਰ ਕੁਝ ਵੀ ਨਹੀਂ ਕਰ ਸਕਦਾ। 'ਲੂਣ ਦੀ ਖਾਣ ਵਿਚ ਲੂਣ' ਹੋਣ ਵਾਂਗ ਉਹ ਮਹੌਲ ਨੂੰ ਬਦਲਣ ਦੀ ਥਾਂ ਮਹੌਲ ਅਨੁਸਾਰ ਢਲਣ ਦਾ ਦੁਖਾਂਤ ਚਿਤਰਦਾ ਹੈ।

ਮੈਂ ਵੀ ਹੌਲੀ ਹੌਲੀ, ਉਹਨਾਂ ਜਿਹਾ ਹੀ ਹੋਈ ਜਾ ਰਿਹਾ ਹਾਂ
ਜਿਨ੍ਹਾਂ ਨੂੰ ਕਦੀ ਮੈਂ, ਬਹੁਤ ਘਟੀਆ ਸਮਝਿਆ ਕਰਦਾ ਸਾਂ

ਉਸਦੀ ਬਹੁਤੀ ਕਵਿਤਾ ਸਮਾਜਕ ਆਲੇ-ਦੁਆਲੇ ਦੀ ਕਿਸੇ ਸਿਧਾਂਤਕ ਸਮਝ ਤੋਂ ਮੁਕਤ ਦਿਖਾਈ ਦਿੰਦੀ ਹੈ। ਉਹ ਵਿਚਾਰਧਾਰਾ ਤੋਂ ਬੇਸਮਝ ਨਹੀਂ ਹੈ ਸਗੋਂ ਵਿਸ਼ੇਸ਼ ਯਤਨ ਨਾਲ ਇਸ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦਾ ਹੈ। ਇਸਦੇ ਨਾਲ ਨਾਲ ਉਹ ਆਪਣੀ ਕਵਿਤਾ ਦਾ ਸਮਕਾਲੀ ਕਵਿਤਾ ਅਤੇ ਪੂਰਵਕਾਲੀ ਕਵਿਤਾ ਤੋਂ ਨਿਖੇੜ ਥਾਪਦਾ ਹੈ। ਉਸਦੀ ਕਵਿਤਾ 'ਮੈਂ' ਦੇ ਅਤਿ ਨੇੜੇ ਦੇ ਰਿਸ਼ਤੇ ਮਾਂ-ਪਿਉ, ਭੈਣ-ਭਰਾਵਾਂ, ਪਤਨੀ-ਪ੍ਰੇਮਿਕਾ, ਧੀਆਂ-ਪੁੱਤਾਂ ਜਾਂ ਫਿਰ ਬਹੁਤ ਨੇੜਲੇ ਯਾਰਾਂ ਦੋਸਤਾਂ ਨਾਲ ਸੰਬੰਧਤ ਹੈ। ਉਹ ਰਿਸ਼ਤਿਆਂ ਨੂੰ ਸਹਿਜ ਹੀ ਪੁਨਰ-ਪਰਿਭਾਸ਼ਤ ਕਰਨ ਦੇ ਰਾਹ ਪੈਂਦਾ ਹੈ। ਅਜਿਹਾ ਕਰਨ ਲਈ ਉਹ ਸਿੱਧਾ ਹਮਲਾ ਕਰਨ ਦੀ ਥਾਂ ਰੂਪਕਾਂ ਦੀ ਸਹਾਇਤਾ ਲੈਂਦਾ ਹੈ। ਉਹ ਰਿਸ਼ਤਿਆਂ ਦੇ ਵਿਵਿਹਾਰ ਨੂੰ ਪ੍ਰਗਟਾਉਣ ਲਈ ਰੂਪਕ ਘੜਦਾ ਹੈ ਪਰ ਕਈ ਵਾਰ ਇਹ ਪ੍ਰਤੀਕਾਤਮਕ ਰੂਪਕਾਂ ਦਾ ਕੱਜਣ ਅਰਥ ਉਤਾਦਨ ਵਿਚ ਅੜਿੱਕਾ ਵੀ ਪਾ ਦਿੰਦਾ ਹੈ। ਸ਼ਾਇਰ ਨੇ ਬਾਪ ਅਤੇ ਧੀ ਦੇ ਰਿਸ਼ਤੇ ਨੂੰ 'ਫੁੱਲ ਤੇ ਮੈਂ' ਅਤੇ 'ਮੱਛੀਆਂ' ਕਵਿਤਾਵਾਂ ਵਿਚ ਪੇਸ਼ ਕੀਤਾ ਹੈ। 'ਫੁਲ ਤੇ ਮੈਂ' ਵਿਚ ਉਹ ਔਲਾਦ ਦੇ ਆਪਣੇ ਫੈਸਲੇ ਆਪ

ਕਰਨ ਦੀ ਆਜ਼ਾਦੀ ਨੂੰ ਪ੍ਰਵਾਨਦਾ ਹੈ। 'ਮੱਛੀਆਂ' ਕਵਿਤਾ ਵਿਚ ਉਹ ਧੀਆਂ ਦੀ ਤਰਸਯੋਗ ਹਾਲਤ ਬਾਰੇ ਲਿਖਦਾ ਹੈ:

ਮੱਛੀਆਂ ਜੇ, ਗਾਹਕ ਦੀ ਨਜ਼ਰੇ ਨਾ ਚੜ੍ਹਨ,
ਬੋਅ ਮਾਰਦੀਆਂ।
ਮੱਛੀਆ ਜੇ, ਕਮਜ਼ੋਰ, ਕਰੂਪ ਹੋਣ,
ਤਲਾਅ ਲਈ ਸਰਾਪ ਬਣਦੀਆਂ,
ਬੇਸਮਝ ਨੇ ਮੱਛੀਆਂ
ਤਲਾਅ ਨੂੰ ਅੰਮੜੀ ਦਾ ਵਿਹੜਾ,
ਮਛੇਰੇ ਨੂੰ, ਬਾਬਲ ਸਮਝੀ ਬੈਠੀਆਂ ਨੇ।

ਪੰਜਾਬੀ ਕਾਵਿ-ਪਰੰਪਰਾ ਅਤੇ ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿਚ ਬਾਬਲ ਨੂੰ ਮਛੇਰੇ ਨਾਲ ਤੁਲਨਾਉਣਾ ਢੁਕਵਾਂ ਨਹੀਂ ਸਗੋਂ ਕਾਵਿ-ਦੋਸ਼ ਹੈ। ਪੰਜਾਬੀ ਸਮਾਜ ਵਿਚ ਧੀਆਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ, ਕਥਿਤ ਆਧੁਨਿਕ ਸਮਕਾਲੀ ਸਮਾਜ ਵਿਚ ਵੀ ਮਾਂ-ਪਿਉ ਵੱਲੋਂ ਧੀਆਂ ਨੂੰ ਬੋਝ ਸਮਝਿਆ ਜਾਂਦਾ ਹੈ। ਪਰ ਇਸਦੇ ਬਾਵਜੂਦ ਮਛੇਰਾ ਅਢੁਕਵਾਂ ਹੈ। ਅਲੰਕਾਰ ਦੇ ਅਢੁਕਵੇਂ ਹੋਣ ਦੇ ਬਾਵਜੂਦ ਪਿਉ-ਧੀ ਦੇ ਰਿਸ਼ਤੇ ਬਾਰੇ ਨਵੇਂ ਦ੍ਰਿਸ਼ਟੀਕੋਣ ਤੋਂ ਸ਼ਾਇਦ ਇਹ ਪਹਿਲੀ ਕਵਿਤਾ ਹੀ ਹੋਵੇ। ਕਵੀ ਨੇ ਪਿਉ-ਪੁਤਰ ਦੇ ਰਿਸ਼ਤੇ ਨੂੰ ਫਰਾਇਡੀਅਨ ਮਨੋਵਿਗਿਆਨਕ ਪ੍ਰਸੰਗ ਨਾਲ ਮਹਿਸੂਸਿਆ ਜਾਪਦਾ ਹੈ:

ਕਦੀ ਮੀਂਹ ਬਣ ਕੇ ਮੈਂ
ਜਿਸ ਰੇਤਲੀ ਧਰਤੀ 'ਤੇ, ਸਾਰੀ ਰਾਤ ਵਰ੍ਹਿਆ ਸਾਂ
ਉਹਦਾ ਕਣ ਕਣ
ਨਵੇਂ ਸੂਰਜ ਦੀ ਸ਼ਹਿ 'ਤੇ, ਮੇਰੇ ਨ੍ਹੇਰੇ ਦਾ ਮੂੰਹ ਚਿੜਾਉਂਦਾ ਹੈ

ਇਸੇ ਪ੍ਰਕਾਰ ਉਸਨੇ ਪ੍ਰੇਮਿਕਾ ਦੀ ਕਾਮ-ਕਾਮਨਾ ਅਤੇ ਕਾਵਿ-ਨਾਇਕ ਦੇ ਊਣੇ ਜਾਂ ਅਸਮਰੱਥ ਹੋਣ ਦੇ ਭਾਵਾਂ ਨੂੰ ਪ੍ਰਗਟਾਇਆ ਹੈ। ਕਵੀ ਬਹੁਤ ਸਾਰੇ ਪ੍ਰਸ਼ਨ ਖੜ੍ਹੇ ਤਾਂ ਕਰਦਾ ਹੈ, ਪਰ ਉਨ੍ਹਾਂ ਨੂੰ ਅਣਸੁਲਝੇ ਹੀ ਅਸਪਸ਼ਟ ਰੂਪ ਵਿਚ ਛੱਡ ਦਿੰਦਾ ਹੈ। ਉਦਾਹਰਣ ਵਜੋਂ ਕਾਵਿ-ਨਾਇਕ ਪ੍ਰੇਮਿਕਾ ਤੋਂ ਕਿਉਂ ਭੱਜਦਾ ਹੈ? ਕੀ ਉਸਦੀ ਕੋਈ ਸਰੀਰਕ ਜਾਂ ਮਾਨਸਿਕ ਅਸਮਰੱਥਾ ਹੈ ? ਉਸਦੇ ਯਾਰ-ਦੋਸਤ ਉਸਤੋਂ ਮੁੱਖ ਕਿਉਂ ਮੋੜ ਲੈਂਦੇ ਹਨ ?

ਮਨੋਵਿਗਿਆਨਕ ਪੱਖ ਤੋਂ ਰਵਿੰਦਰ ਦੀ ਕਵਿਤਾ ਮੱਧਵਰਗੀ ਬੰਦੇ ਦਾ ਫ਼ੁਰਸਤ ਦੇ ਪਲ ਵਿਚ ਆਪਣੇ ਆਪ ਨਾਲ ਕੀਤਾ ਸੰਵਾਦ ਹੈ, ਜਿਹੜਾ ਉਸਦੀ ਮਾਨਸਿਕ ਤੰਦਰੁਸਤੀ ਲਈ ਜ਼ਰੂਰੀ ਹੁੰਦਾ ਹੈ। ਇਸ ਪ੍ਰਕਾਰ ਦੀ ਕਵਿਤਾ ਮੱਧਵਰਗ ਦੀ ਆਪੇ ਸਿਰਜੀ ਦੋਗਲੀ ਜ਼ਿੰਦਗੀ ਦੀਆਂ ਗੁੰਝਲਾਂ ਦਾ ਮਨੋਵਿਰੇਚਨ ਤਾਂ ਕਰਦੀ ਹੈ ਪਰ ਇਸਦੀ ਸਮਾਜਕ ਸਾਰਥਿਕਤਾ ਉਨੀ ਹੀ ਹੈ ਜਿੰਨੀ ਕੁ ਅਜਿਹੇ ਮਨੋ ਗੁੰਝਲਾਂ ਵਾਲੇ ਵਿਅਕਤੀਆਂ ਦੀ ਸਮਾਜ ਵਿਚ ਗਿਣਤੀ ਅਤੇ ਗੁਣਾਂ ਪੱਖੋਂ ਥਾਂ ਹੈ।

[ਰਾਜਿੰਦਰ ਪਾਲ ਸਿੰਘ]

## ਅਣਵਗੇ ਅੱਥਰੂ [ਕੇਸਰ ਸਿੰਘ ਨੀਰ]

ਕੇਸਰ ਸਿੰਘ ਨੀਰ ਨੇ ਆਪਣੀ ਸ਼ਾਇਰੀ ਦਾ ਆਰੰਭ ਪੰਜਾਹਵਿਆਂ ਵਿਚ ਪ੍ਰਗਤੀਵਾਦੀ ਪੰਜਾਬੀ ਕਾਵਿ-ਲਹਿਰ ਦੇ ਅੰਗ-ਸੰਗ ਕੀਤਾ ਅਤੇ ਅਜ ਤਕ ਉਹ ਪ੍ਰਗਤੀਵਾਦੀ ਸੋਚ ਨਾਲ ਪ੍ਰਤੀਬਧ ਹੈ। ਹੁਣ ਤਕ ਉਸ ਦੇ ਦੋ ਕਾਵਿ ਸੰਗ੍ਰਹਿ, ਦੋ ਬਾਲ ਕਵਿਤਾਵਾਂ ਦੇ ਸੰਗ੍ਰਹਿ, ਦੋ ਬਾਲ ਗੀਤਾਂ ਦੇ ਸੰਗ੍ਰਹਿ ਅਤੇ ਇਕ ਗ਼ਜ਼ਲ



ਸੰਗ੍ਰਹਿ 'ਕਿਰਨਾਂ ਦੇ ਬੋਲ' ਛਪ ਚੁੱਕੇ ਹਨ। ਹੱਥਲਾ ਗ਼ਜ਼ਲ ਸੰਗ੍ਰਹਿ 'ਅਣਵਗੇ ਅੱਥਰੂ' (ਆਦਰਸ਼ ਸਾਹਿਤ ਪ੍ਰਕਾਸ਼ਨ, ਜਗਰਾਉਂ ਪੰਨੇ : 64, ਮੁੱਲ: 40 ਰੁਪਏ) ਉਸ ਦੀ ਅੱਠਵੀਂ ਪੁਸਤਕ ਹੈ। ਇਸ ਗ਼ਜ਼ਲ ਸੰਗ੍ਰਹਿ ਦੀਆਂ 48 ਗ਼ਜ਼ਲਾਂ ਇਕੋ ਵਿਚਾਰ ਨੂੰ ਦ੍ਰਿੜ ਕਰਾਉਂਦੀਆਂ ਹਨ ਕਿ ਗ਼ਜ਼ਲਕਾਰ ਨਾ ਕੇਵਲ ਮਾਰਕਸਵਾਦੀ ਵਿਚਾਰਾਂ ਨੂੰ ਪਰਨਾਇਆ ਹੋਇਆ ਹੈ, ਸਗੋਂ ਉਸਨੂੰ ਗ਼ਜ਼ਲ ਦੀ ਸ਼ਿਲਪ ਉਤੇ ਵੀ ਕਮਾਲ ਹਾਸਲ ਹੈ।

ਪਿਛਲੇ ਕੁਝ ਦਹਾਕਿਆਂ ਵਿਚ ਜੋ ਸੰਸਾਰ ਪੱਧਰ 'ਤੇ ਤਬਦੀਲੀਆਂ ਵਾਪਰੀਆਂ ਅਤੇ ਕਮਿਊਨਿਸਟ ਲਹਿਰ ਨੂੰ ਢਾਅ ਲੱਗੀ ਹੈ, ,ਉਸ ਪ੍ਰਸੰਗ ਵਿਚ ਸਮਕਾਲੀ ਪੰਜਾਬੀ ਕਵਿਤਾ ਦਾ ਵੀ ਰੁਖ ਬਦਲ ਰਿਹਾ ਹੈ ਜਾਂ ਬਦਲ ਗਿਆ ਹੈ ਪਰੰਤੂ ਅਜਿਹੇ ਸੰਕਟ ਦੇ ਸਮੇਂ ਵੀ ਕੇਸਰ ਸਿੰਘ ਨੀਰ ਆਪਣੀ ਵਿਚਾਰਧਾਰਾ 'ਤੇ ਡਟਿਆ ਹੋਇਆ ਹੈ। ਇਸੇ ਮਸਲੇ ਬਾਰੇ ਸੰਗ੍ਰਹਿ ਦੇ ਭੂਮਿਕਾ ਵਿਚ ਡਾ. ਐਸ. ਤਰਸੇਮ ਨੇ ਲਿਖਿਆ ਹੈ : "ਪ੍ਰਗਤੀਵਾਦੀ ਦ੍ਰਿਸ਼ਟੀ ਦੇ ਧਾਰਨੀ ਹੋਰ ਸ਼ਾਇਰਾਂ ਵਾਂਗ ਕੇਸਰ ਸਿੰਘ ਨੀਰ ਵੀ ਨਾ ਤਾਂ ਇਹ ਮੰਨਣ ਨੂੰ ਤਿਆਰ ਹੈ ਕਿ ਮਾਰਕਸਵਾਦ ਜਾਂ ਸਮਾਜਵਾਦ ਦੀ ਕੋਈ ਸਾਰਥਿਕਤਾ ਨਹੀਂ। ਨਾ ਹੀ ਉਹ ਪੂਰਬੀ ਯੂਰਪ ਤੇ ਸੋਵੀਅਤ ਦੇਸ਼ ਵਿਚ ਸਮਾਜਵਾਦੀ ਪ੍ਰਬੰਧ ਦੇ ਢਹਿ-ਢੇਰੀ ਹੋ ਜਾਣ ਅਤੇ ਪੰਜਾਬ ਦੁਖਾਂਤ ਕਾਰਨ ਨਿਰਾਸ਼ਾਵਾਦੀ ਸੁਰਾਂ ਅਲਾਪਦਾ ਹੈ। ਉਹ ਤਾਂ ਜਿਸ ਤਰ੍ਹਾਂ ਜੀਵਨ ਵਿਚ ਚੜ੍ਹਦੀ ਕਲਾ ਵਿਚ ਰਹਿੰਦਾ ਹੈ, ਉਵੇਂ ਆਪਣੀ ਸ਼ਾਇਰੀ ਵਿਚ ਚੜ੍ਹਦੀ ਕਲਾ ਵਿਚ ਨਜ਼ਰ ਆਉਂਦਾ ਹੈ।" ਗ਼ਜ਼ਲਕਾਰ ਅੱਜ ਵੀ ਪਰੰਪਰਕ ਪ੍ਰਗਤੀਵਾਦੀ ਚਿੰਨ੍ਹਾਂ ਅਤੇ ਪ੍ਰਤੀਕਾਂ ਨਾਲ ਕਾਵਿ-ਬਿੰਬ ਸਿਰਜਦਾ ਹੈ :

ਅਜੇ ਸੰਸਾਰ ਵਿਚ ਜੋਕਾਂ ਦਾ ਹੈ, ਲੋਕਾਂ ਦਾ ਨਹੀਂ ਬਣਿਆਂ
ਅਸੀਂ ਤਾਂ ਲੋਚਦੇ ਹਾਂ ਬਣ ਜਾਏ ਸੰਸਾਰ ਲੋਕਾਂ ਦਾ

ਇਸੇ ਪ੍ਰਕਾਰ :

ਬਦਲੇ ਡਰੌਣੀ ਰੁੱਤ ਤੇ ਆਏ ਖੁਸ਼ੀ ਦੀ ਵਾ
ਛੇੜੋ ਅਜੇਹਾ ਸੁਰ ਕੋਈ ਹੁਣ ਇਨਕਲਾਬ ਦਾ

ਸ਼ਾਇਰ ਦੀ ਇਨਕਲਾਬ ਅਤੇ ਪ੍ਰਗਤੀਵਾਦੀ ਵਿਚਾਰਾਂ ਨਾਲ ਪ੍ਰਤੀਬੱਧਤਾ ਇਕ ਪਾਸੇ ਤਾਂ ਲੇਖਕ ਦੇ ਹੌਸਲੇ ਦੀ ਅਡਿਗਤਾ ਨੂੰ ਦਰਸਾਉਂਦੀ ਹੈ, ਪਰ ਇਹੀ ਅਡਿਗਤਾ ਧਰਮ ਵਰਗੀ ਜੜ੍ਹ-ਕੱਟੜਤਾ ਦਾ ਵੀ ਖ਼ਤਰਾ ਖੜ੍ਹਾ ਕਰ ਦਿੰਦੀ ਹੈ। ਪਿਛਲੇ ਪੰਜਾਹਾਂ ਸਾਲਾਂ ਵਿਚ ਪੈਦਾਵਾਰੀ ਰਿਸ਼ਤੇ, ਜਮਾਤਾਂ ਦੀਆਂ ਵਿਰੋਧਤਾਈਆਂ ਅਤੇ ਉਨ੍ਹਾਂ ਦਾ ਸਮਾਜਕ ਰੂਪ ਬਦਲਿਆ ਹੈ, ਲੇਖਕ ਇਸ ਤਬਦੀਲੀ ਨੂੰ ਅੰਗੀਕਾਰ ਨਹੀਂ ਕਰ ਰਿਹਾ। ਇਸ ਨਾਲ ਪ੍ਰਗਤੀਵਾਦੀ ਸੱਚ ਦੇ ਆਪਣੇ ਨਾਂ ਤੋਂ ਉਲਟ ਸਥਿਰ ਹੋਣ ਦਾ ਡਰ ਪੈਦਾ ਹੁੰਦਾ ਹੈ।

ਇਸ ਗ਼ਜ਼ਲ ਸੰਗ੍ਰਹਿ ਦੀਆਂ ਬਹੁਤੀਆਂ ਗ਼ਜ਼ਲਾਂ ਦੇ ਬਹੁਤੇ ਸ਼ਿਅਰ 'ਪੰਜਾਬ ਸੰਕਟ' ਨਾਲ ਸੰਬੰਧਿਤ ਹਨ, ਜਿਨ੍ਹਾਂ ਦਾ ਅੱਜ ਇਤਿਹਾਸਕ ਮੁੱਲ ਹੈ। ਲੇਖਕ ਨੇ 'ਡਰ ਜਾਣ' ਦੀ ਥਾਂ 'ਅੜ ਜਾਣ' ਦਾ ਖਤਰਾ ਸਹੇੜ ਕੇ ਸ਼ਾਇਰੀ ਦੀ ਲਾਜ ਰੱਖੀ ਹੈ :

ਮੌਸਮ ਦਾ ਕਹਿਰ ਦੇਖਕੇ, ਇਹ ਦਿਲ ਉਸਦਾ ਹੈ।
ਤੱਤੀ ਹਵਾ ਦੇ ਸੇਕ ਦੀ, ਰੂਹਾਂ 'ਤੇ ਲਾਸ ਹੈ।
ਨਾ ਦਿਨ ਨੂੰ ਚੈਨ ਆ ਰਹੀ, ਰਾਤਾਂ ਨੂੰ ਨੀਂਦ ਨਾ,
ਜਾਪੇ ਘਰਾਂ ਦਾ ਵਾਸ ਵੀ, ਜੰਗਲ ਦਾ ਵਾਸ ਹੈ।

ਸਮਕਾਲੀ ਦੌਰ ਰਾਜਨੀਤਕ ਵਿਸੰਗਤੀਆਂ ਦਾ ਦੌਰ ਹੈ ਜਿਸਦੇ ਪ੍ਰਗਟਾਵੇ ਲਈ ਵਿਅੰਗ ਇਕ ਯੋਗ ਵਿਧੀ ਹੈ। ਦਿਲਚਸਪ ਗੱਲ ਇਹ ਹੈ ਕਿ 'ਨੀਰ' ਆਪਣੇ ਵਿਅੰਗ ਦਾ ਨਿਸ਼ਾਨਾ ਪ੍ਰਗਟ ਤੌਰ 'ਤੇਸਰਬਕਾਲੀ ਮਨੁੱਖੀ ਕਮਜ਼ੋਰੀਆਂ ਨੂੰ ਬਣਾਉਂਦਾ ਹੈ ਜੋ ਅਸਲ ਵਿਚ ਰਾਜਸੱਤਾ ਦੇ ਸਲਾਹਕਾਰਾਂ

'ਤੇ ਤੀਖਣ ਚੋਟ ਹੈ :

ਲੋਕਾਂ ਦਾ ਕੀ ਉਹ ਸੋਚਦਾ, ਕੀਕਰ ਬਚਾਉਂਦਾ ਦੇਸ਼ ਨੂੰ ?
ਰਾਜੇ ਨੂੰ ਉਸਦੇ ਵੈਦ ਦੇ ਹੀ ਨੁਸਖਿਆਂ ਨੇ ਮਾਰਿਆ।

'ਨੀਰ' ਦੇ ਬਹੁਤੇ ਸ਼ਿਅਰ ਰਾਜਨੀਤਕ ਰੰਗ ਵਾਲੇ ਹਨ ਪਰ ਉਹ ਮਨੁੱਖ ਦੇ ਪਿਆਰ ਜਜ਼ਬੇ ਨੂੰ ਵੀ ਕਿਸੇ ਕਿਸੇ ਸ਼ਿਅਰ ਵਿਚ ਬੰਨਦਾ ਹੈ। ਇਉਂ ਉਹ ਪ੍ਰਗਤੀਵਾਦ ਅਤੇ ਰੁਮਾਂਸਵਾਦ ਦੀ ਸੰਧੀ ਨੂੰ ਬਰਕਰਾਰ ਰਖਦੇ ਹਨ। ਇਕ ਖ਼ੂਬਸੂਰਤ ਸ਼ਿਅਰ ਇਉਂ ਹੈ :

ਤਰ ਤਰ ਕੇ ਹਾਂ ਥੱਕਾ, ਹਾਥ ਨਾ ਪਾ ਸਕਿਆ,
ਮੈਨੂੰ ਤੇਰੇ ਨੈਣ ਸਮੁੰਦਰ ਲਗਦੇ ਨੇ।

ਉਸਤਾਦ ਗ਼ਜ਼ਲਕਾਰ ਤਖਤ ਸਿੰਘ ਸ਼ਾਗਿਰਦ ਕੇਸਰ ਦੇ ਸਿੰਘ ਨੀਰ ਵਿਚ ਗ਼ਜ਼ਲ ਦੀ ਅਰੂਜ਼ ਬਾਰੇ ਬੁਨਿਆਦੀ ਸਮਝ ਮੌਜੂਦ ਹੈ। ਇਸ ਕਾਰਨ ਸਮੁੱਚੇ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਨੀਰ ਦੀ ਸ਼ਾਇਰੀ ਵਿਚਾਰਧਾਰਕ ਪੱਖ ਤੋਂ 'ਪ੍ਰਗਤੀਵਾਦ' ਅਤੇ ਤਕਨੀਕੀ ਪੱਖ ਤੋਂ 'ਅਰੂਜ਼ੀ' ਬੰਧਕਾਂ ਨੂੰ ਪੂਰੀ ਤਰ੍ਹਾਂ ਸਵੀਕਾਰਦੀ ਹੈ। ਇਹੀ ਉਸਦੀ ਸਮਰੱਥਾ ਹੈ, ਇਹੀ ਉਸਦੀ ਸੀਮਾ ਵੀ ਹੈ।

[ਰਾਜਿੰਦਰ ਪਾਲ ਸਿੰਘ]

## ਪੰਜਾਬੀ ਕਹਾਣੀ ਆਲੋਚਨਾ: ਰੂਪ ਤੇ ਰੁਝਾਨ [ਸੰਪਾਦਕ : ਵਰਿਆਮ ਸਿੰਘ ਸੰਧੂ]

ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਪੁਤਸਕਾਂ ਦੀ ਲੜੀ ਵਿਚ ਵਰਿਆਮ ਸਿੰਘ ਸੰਧੂ ਵੱਲੋਂ ਸੰਪਾਦਿਤ ਇਹ ਦੂਸਰੀ ਪੁਸਤਕ ਹੈ। ਪੰਜਾਬੀ ਕਹਾਣੀ ਆਲੋਚਨਾ ਤੋਂ ਪਹਿਲਾਂ ਸੰਧੂ 'ਕਥਾਧਾਰਾ' (1981–1990) ਪਿਛਲੇ ਦਹਾਕੇ ਦੀ ਪੰਜਾਬੀ ਕਹਾਣੀ ਦੇ ਰੂਪ ਵਿਚ ਸੰਪਾਦਿਤ ਕਰ ਚੁੱਕਾ ਹੈ। ਪੰਜਾਬੀ ਕਹਾਣੀ ਆਲੋਚਨਾ ਦੇ ਸੰਦਰਭ ਵਿਚ ਇਹ ਆਲੋਚਨਾ ਪੁਸਤਕ ਕਾਫ਼ੀ ਮਹੱਤਵਪੂਰਨ ਹੈ ਜਿਸ ਨੂੰ ਸੰਧੂ ਨੇ 'ਪੰਜਾਬੀ ਕਹਾਣੀਕਾਰਾਂ ਦੀ ਨਵੀਂ ਪੀੜ੍ਹੀ ਦੇ ਨਾਂ' ਸਮਰਪਤ ਕੀਤਾ ਹੈ। ਦਰਅਸਲ ਇਹ ਅਲੋਚਨਾ ਪੁਸਤਕ ਅਕਾਦਮੀ ਵੱਲੋਂ 7/8 ਸਤੰਬਰ 1991 ਨੂੰ ਹੋਈ 'ਵਿਸ਼ਾਲ ਪੰਜਾਬੀ ਕਹਾਣੀ ਗੋਸ਼ਟੀ ਅਤੇ 6/7 ਨਵੰਬਰ 1993 ਨੂੰ ਜਲੰਧਰ ਵਿਖੇ ਹੀ 'ਪੰਜਾਬੀ ਕਹਾਣੀ ਉਤਸਵ' ਵਿਚ ਪੜ੍ਹੇ ਗਏ ਪਰਚਿਆਂ ਨੂੰ ਸੰਕਲਿਤ ਕਰਨ ਦੇ ਉਦੇਸ਼ ਨਾਲ ਹੋਂਦ ਵਿਚ ਆਈ ਹੈ। ਭਾਵੇਂ ਅਕਾਦਮੀ ਵੱਲੋਂ ਪਿੱਛੋਂ ਵੀ ਕਹਾਣੀ ਉਤਸਵ ਜੰਲਧਰ ਵਿਖੇ ਹੀ ਕਰਵਾਇਆ ਗਿਆ ਸੀ, ਪਰੰਤੂ ਉਸ ਵਿਚ ਪੜ੍ਹੇ ਗਏ ਪਰਚੇ ਇਸ ਪੁਸਤਕ ਦੀ ਸੀਮਾ ਵਿਚ ਨਹੀਂ ਆ ਸਕੇ। ਅਕਾਦਮੀ ਵੱਲੋਂ ਕੀਤੇ ਜਾਂਦੇ ਅਜਿਹੇ ਸਮਾਗਮਾਂ ਦੀ ਪਿਰਤ ਨਾਲ ਕਈ ਸਾਹਿਤ ਸਭਾਵਾਂ ਨੇ ਵੀ ਨਵੀਂ ਪੰਜਾਬੀ ਕਹਾਣੀ ਬਾਰੇ ਸਮਾਗਮ ਕਰਵਾ ਕੇ ਇਸ ਲੜੀ ਨੂੰ ਅੱਗੇ ਤੋਰਿਆ ਹੈ।

ਸੰਧੂ ਨੇ ਇਸ ਆਲੋਚਨਾ ਪੁਸਤਕ ਨੂੰ ਸਮਾਗਮਾਂ ਦੇ ਅਨੁਪਾਤ ਅਨੁਸਾਰ ਦੋ ਮੁੱਖ ਭਾਗਾਂ ਵਿਚ ਵੰਡਿਆ ਹੈ। 'ਦੋ ਇਤਿਹਾਸਕ ਸਮਾਗਮ ਅਤੇ ਨਵੀਂ ਪੰਜਾਬੀ ਕਹਾਣੀ' ਰਾਹੀਂ ਸੰਧੂ ਨੇ ਪੰਜਾਬੀ ਕਹਾਣੀ ਦਾ ਇਤਿਹਾਸਮੂਲਕ ਅਤੇ ਪ੍ਰਵਿਰਤੀਮੂਲਕ ਅਧਿਐਨ ਪੇਸ਼ ਕੀਤਾ ਹੈ। ਲੋੜੀਂਦੇ ਰੂਪ ਵਿਚ ਸੰਧੂ ਨੇ ਨਵੀਂ ਪੰਜਾਬੀ ਕਹਾਣੀ ਵਿਚ ਵਿਭਿੰਨ ਪਾਸਾਰਾਂ ਅਤੇ ਕਥਾ-ਜੁਗਤਾਂ ਦੀ ਗੱਲ ਵੀ ਕੀਤੀ ਹੈ। ਪੰਜਾਬੀ ਕਹਾਣੀ ਕਿਉਂਕਿ ਬਦਲਦੀਆਂ ਸਮਾਜਕ ਆਰਥਕ ਅਤੇ ਸਭਿਆਚਾਰਕ ਪਰਿਸਥਿਤੀਆਂ ਅਨੁਸਾਰ ਬਦਲਦੀ ਰਹੀ ਹੈ। ਇਸ ਸੰਦਰਭ ਵਿਚ ਪੰਜਾਬੀ ਭਾਈਚਾਰੇ ਅਤੇ ਵਿਸ਼ਵ-ਦ੍ਰਿਸ਼ਟੀ ਬਾਰੇ ਦੋ ਪਰਚੇ ਪ੍ਰਕਾਸ਼ਿਤ ਕੀਤੇ ਗਏ ਹਨ। 'ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਤੇ ਪੰਜਾਬੀ ਕਹਾਣੀ' ਅਤੇ 'ਸਾਡੀ ਪੰਜਾਬੀ ਕਹਾਣੀ ਵਿਸ਼ਵ ਪੱਧਰ ਨੂੰ ਪੁੱਜ ਚੁਕੀ ਹੈ' ਕ੍ਰਮਵਾਰ ਪ੍ਰੋ: ਪਿਆਰਾ ਸਿੰਘ ਭੋਗਲ ਅਤੇ ਕਥਾਕਾਰ ਸੰਤੋਖ ਸਿੰਘ ਧੀਰ ਨੇ ਪੇਸ਼ ਕੀਤੇ ਸਨ। ਪੰਜਾਬੀ ਕਹਾਣੀ ਦੇ ਵਿਸ਼ਵ ਪੱਧਰ ਦੀ ਹੋਣ ਬਾਰੇ ਚਰਚਾ ਕਾਫ਼ੀ



ਸਮੇਂ ਤੋਂ ਚਲ ਰਹੀ ਹੈ। ਵਿਸ਼ਵ ਪੱਧਰ ਦੀ ਕਹਾਣੀ ਲਈ ਜਿਸ ਤਰ੍ਹਾਂ ਦੀ ਵਿਸ਼ਵ-ਦ੍ਰਿਸ਼ਟੀ ਅਤੇ ਮੌਲਿਕਤਾ ਦੀ ਜ਼ਰੂਰਤ ਹੈ, ਉਸ ਬਾਰੇ ਅੱਜ ਦਾ ਕਥਾਕਾਰ ਕਾਫ਼ੀ ਚਿੰਤਤ ਹੈ। ਇਹੋ ਕਾਰਣ ਹੈ ਕਿ ਵਿਸ਼ਵੀਕਰਣ ਦੇ ਇਸ ਦੌਰ ਵਿਚ ਲੇਖਕ ਸੁਚੇਤ ਪੱਧਰ 'ਤੇ ਦੂਰਅੰਦੇਸ਼ੀ ਨਾਲ ਮਨੋ-ਸਮਾਜਕ ਮਸਲਿਆਂ ਬਾਰੇ ਲਿਖ ਰਹੇ ਹਨ। ਕਾਫ਼ੀ ਕਹਾਣੀਆਂ ਵਿਚ ਅਜਿਹੇ ਆਧਾਰ ਮੌਜੂਦ ਵੀ ਹਨ। 'ਅਜੋਕੀ ਪੰਜਾਬੀ ਕਹਾਣੀ ਵਿਚ ਪ੍ਰੰਪਰਾਗਤ ਤੇ ਆਧੁਨਿਕ ਪਰਵਿਰਤੀ', ਪਰਚੇ ਵਿਚ ਗੁਰਲਾਲ ਸਿੰਘ ਨੇ ਨਵੇਂ ਅਤੇ ਪੁਰਾਣੇ ਕਥਾਕਾਰਾਂ ਦੀਆਂ ਕਹਾਣੀਆਂ ਨੂੰ ਆਧਾਰ ਬਣਾਇਆ ਹੈ। ਗੁਰਲਾਲ ਸਿੰਘ ਅਨੁਸਾਰ, "ਇਹ ਬੇਚਾਰਗੀ ਦੀ ਕਹਾਣੀ ਹੈ, ਪਰ ਕਠੋਰ ਯਥਾਰਥ ਦੇ ਸਨਮੁਖ ਹੋਣ ਅਤੇ ਨਿੱਤ ਦਿਹਾੜੀ ਦੇ ਜੀਵਨ ਦੇ ਅੰਤਰ-ਵਿਰੋਧਾਂ ਨੂੰ ਪ੍ਰਤਿਨਿਧ ਰੂਪ ਵਿਚ ਬਿਆਨਣ ਦਾ ਇਹ ਸਾਹਸ ਕਰਦੀ ਹੈ।..... ਇਸ ਵਿਚ ਸੰਬਾਦਕਤਾ ਦਾ ਅੰਸ਼ ਵਧ ਰਿਹਾ ਹੈ। ਇਹ ਵਿਗਠਤ ਹੋ ਰਹੇ ਯਥਾਰਥ ਪ੍ਰਤੀ ਚੇਤਨਾ ਜਗਾਉਣ ਵਿਚ ਵਧੇਰੇ ਯਤਨਸ਼ੀਲ ਹੁੰਦੀ ਜਾ ਰਹੀ ਹੈ।" ਵਿਚਾਰ ਚਰਚਾ ਇਸ ਪੁਸਤਕ ਦਾ ਇਕ ਅਹਿਮ ਭਾਗ ਹੈ। ਪੜ੍ਹੀਆਂ ਗਈਆਂ ਕਹਾਣੀਆਂ ਅਤੇ ਪਰਚਿਆਂ ਬਾਰੇ ਰਘਬੀਰ ਸਿੰਘ ਸਿਰਜਣਾ ਅਤੇ ਜੋਗਿੰਦਰ ਸਿੰਘ ਰਾਹੀ ਦੀਆਂ ਮੁੱਲਵਾਨ ਅਤੇ ਬੇਬਾਕ ਟਿੱਪਣੀਆਂ ਯਥਾਰਥ ਪ੍ਰਤੀ ਲੇਖਕਾਂ ਦੀ ਦ੍ਰਿਸ਼ਟੀ ਨੂੰ ਪੁਨਰ-ਪਰਿਭਾਸ਼ਿਤ ਕਰਦੀਆਂ ਹਨ। ਯਥਾਰਥ ਭਾਵੇਂ ਬਾਹਰ ਮੁਖੀ ਹੋਵੇ ਜਾਂ ਅੰਤਰਮੁਖੀ।

ਤਬਦੀਲੀਆਂ ਦੇ ਇਸ ਦੌਰ ਵਿਚ ਪੰਜਾਬੀ ਕਹਾਣੀ ਲਗਾਤਾਰ ਪਰਿਵਰਤਨ ਵਿਚੋਂ ਗੁਜ਼ਰ ਰਹੀ ਹੈ। ਪਰਿਵਰਤਨ ਦੀ ਇਸ ਪ੍ਰਕਿਰਿਆ ਵਿਚ ਵਿਸ਼ੈ ਪੱਖ ਤੋਂ ਦ੍ਰਿਸ਼ਟੀਗਤ ਪਹਿਲੂ ਨੇ ਕਹਾਣੀ ਵਿਚ ਵਿਅਕਤੀਕ੍ਰਿਤ ਸੰਵੇਦਨਾ ਦੇ ਸੰਵਾਦ ਨੂੰ ਜਨਮ ਦਿੱਤਾ ਹੈ। ਨਤੀਜੇ ਵਜੋਂ ਇਕ ਵਿਸ਼ੇਸ਼ ਕਿਸਮ ਦੀ ਸੰਵੇਦਨਾ ਨਾਲ ਲੈਸ ਨਵੀਂ ਕਹਾਣੀ ਨਵੇਂ ਰਚਨਾਕਾਰਾਂ ਰਾਹੀਂ ਹੋਂਦ ਵਿਚ ਆਈ ਹੈ।

ਇਸ ਪੁਤਸਕ ਵਿਚ ਨਵੀਂ ਕਹਾਣੀ ਬਾਰੇ ਅਥਵਾ ਨਵੇਂ ਕਥਾਕਾਰਾਂ ਬਾਰੇ ਵਿਸ਼ੇਸ਼ ਰੂਪ ਵਿਚ ਚਰਚਾ ਕੀਤੀ ਗਈ ਹੈ। ਬਿਨਾ ਸ਼ੱਕ ਇਸ ਪੁਸਤਕ ਰਾਹੀਂ ਤੀਸਰੀ ਪੀੜ੍ਹੀ ਤੋਂ ਪਿੱਛੋਂ ਇਸ ਨਵੇਂ ਹੋਣਹਾਰ ਲੇਖਕ ਵਰਗ ਬਾਰੇ ਆਲੋਚਨਾਤਮਕ ਦ੍ਰਿਸ਼ਟੀ ਨਾਲ ਭਰਪੂਰ ਸੰਵਾਦ ਆਰੰਭ ਹੋ ਗਿਆ ਹੈ। ਇਸ ਭਾਗ ਵਿਚ 'ਪੁਰਾਣੀ ਬਨਾਮ ਨਵੀਂ ਆਧੁਨਿਕ ਪੰਜਾਬੀ ਕਹਾਣੀ' (ਡਾ: ਟੀ. ਆਰ. ਵਿਨੋਦ), 'ਪੰਜਾਬੀ ਕਹਾਣੀ ਦੀ ਰੂਪ-ਰਚਨਾ ਵਿਚ ਪ੍ਰਤਿਕਿਰਿਆ ਤੇ ਪ੍ਰਤਿਰੋਧ ਦਾ ਭਾਵ' (ਗੁਰਲਾਲ ਸਿੰਘ), 'ਕਥਾਧਾਰਾ: ਇਕ ਰਿਵਿਊ ਨਿਬੰਧ' (ਡਾ. ਰਘਬੀਰ ਸਿੰਘ), 'ਨੌਵੇ ਦਹਾਕੇ ਦੀ ਪੰਜਾਬੀ ਕਹਾਣੀ: ਰਚਨਾ ਦ੍ਰਿਸ਼ਟੀ ਪੱਖ' (ਡਾ. ਸੁਰਿੰਦਰ ਮੰਡ) ਅਤੇ ਬਿਲਕੁਲ ਹੀ ਨਵੇਂ ਕਥਾਕਾਰਾਂ ਬਾਰੇ ਇਕ ਮੁੰਕਮਲ ਪਰਚਾ 'ਪੰਜਾਬੀ ਕਹਾਣੀ ਦੇ ਨਵੇਂ ਨਕਸ਼' (ਡਾ. ਬਲਦੇਵ ਧਾਲੀਵਾਲ) ਸ਼ਾਮਲ ਹਨ। ਭਾਰਤ ਤੋਂ ਬਾਹਰ ਪਾਕਿਸਤਾਨੀ ਪੰਜਾਬੀ ਕਹਾਣੀ ਬਾਰੇ ਡਾ. ਜਤਿੰਦਰਪਾਲ ਸਿੰਘ ਜੌਲੀ ਦਾ ਪਰਚਾ 'ਪਾਕਿਤਸਾਨੀ ਪੰਜਾਬੀ ਕਹਾਣੀ ਦੀਆਂ ਮੂਲ ਪਰਵਿਰਤੀਆਂ' ਵੀ ਉਲੇਖਨੀਯ ਹੈ।

ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਰਾਹੀਂ, ਪ੍ਰਕਾਸ਼ਿਤ ਦੋ ਕਥਾ-ਪੁਸਤਕਾਂ 'ਕਥਾਧਾਰਾ' ਅਤੇ 'ਨਵੀਂ ਰੁੱਤ ਦੇ ਜੁਗਨੂੰ' ਕਹਾਣੀ-ਅਧਿਐਨ ਪੱਖੋਂ ਜਿਕਰਯੋਗ ਪੁਸਤਕਾਂ ਹਨ। ਇਸ ਪੁਸਤਕ ਵਿਚ ਅਧਿਐਨ ਦੇ ਘੇਰੇ ਵਿਚ ਸਿਰਫ਼ ਇਹੋ ਪੁਸਤਕਾਂ ਦੇ ਕਥਾਕਾਰ ਹੀ ਆਏ ਹਨ। ਡਾ. ਰਘਬੀਰ ਸਿੰਘ ਨੇ ਆਪਣੇ ਨਿਬੰਧ ਵਿਚ 'ਕਥਾਧਾਰਾ' ਦੇ ਵਿਚਲੀਆਂ ਕਹਾਣੀਆਂ ਦਾ ਵਰਗੀਕ੍ਰਿਤ ਢੰਗ ਨਾਲ ਮੁਲਾਂਕਣ ਕੀਤਾ ਹੈ, ਬਲਦੇਵ ਸਿੰਘ ਧਾਲੀਵਾਲ ਦੇ ਪਰਚੇ ਦੀ ਵੀ ਇਹੋ ਸੀਮਾ ਹੈ। ਨਿਰਸੰਦੇਹ ਇਹ ਦੋਵੇਂ ਪੁਸਤਕਾਂ ਕਹਾਣੀ ਇਤਿਹਾਸ ਵਿਚ ਅਹਿਮ ਸਥਾਨ ਰਖਦੀਆਂ ਹਨ। ਪਰੰਤੂ ਸੰਪਾਦਕ ਦੀ ਆਪਣੀ ਦ੍ਰਿਸ਼ਟੀ ਸਦਕਾ ਬਹੁਤ ਸਾਰੇ ਕਥਾਕਾਰ ਅਧਿਐਨ ਤੋਂ ਬਾਹਰ ਰਹਿ ਗਏ ਹਨ। ਇਸ ਕਹਾਣੀ ਉਤਸਵ ਦਾ ਉਦਘਾਟਨੀ ਭਾਸ਼ਨ ਡਾ. ਰਘਬੀਰ ਸਿੰਘ ਹੋਰਾਂ ਨੇ ਦਿੱਤਾ ਹੈ।

ਪੰਜਾਬੀ ਸਾਹਿਤ ਵਿਚ ਖੜੋਤ ਦੇ ਮਸਲੇ 'ਤੇ ਜਦੋਂ ਗੱਲ ਟੁਰਦੀ ਹੈ ਤਾਂ ਨਿਰਸੰਦੇਹ ਪੰਜਾਬੀ ਨਾਟਕ, ਨਾਵਲ ਦੇ ਨਾਲ ਨਾਲ ਪੰਜਾਬੀ ਆਲੋਚਨਾ ਨੂੰ ਵੀ ਸ਼ਾਮਲ ਕਰ ਲਿਆ ਜਾਂਦਾ ਹੈ। ਬਿਨਾ ਸ਼ੱਕ ਪੰਜਾਬੀ ਕਹਾਣੀ ਬਾਰੇ ਕਾਫੀ ਕੰਮ ਹੋਣਾ ਬਾਕੀ ਹੈ ਫਿਰ ਵੀ ਨਵੀਂ ਪੰਜਾਬੀ ਕਹਾਣੀ ਬਾਰੇ ਆਲੋਚਨਾਤਮਕ ਪੁਸਤਕਾਂ ਵਿਚ ਇਹ ਜ਼ਿਕਰਯੋਗ ਪੁਸਤਕ ਹੈ। ਅਜਿਹੇ ਕਾਰਜ ਲਈ ਮੁਖ ਰੂਪ ਵਿਚ ਵਰਿਆਮ ਸਿੰਘ ਸੰਧੂ ਅਤੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦੋਵੇਂ ਵਧਾਈ ਦੇ ਹੱਕਦਾਰ ਹਨ।

[ਗੁਰਮੀਤ ਕੱਲਰਮਾਜਰੀ]

## ਹਾਸ਼ੀਏ ਤੋਂ ਬਾਹਰ [ਗੁਰਮੀਤ ਕੱਲਰਮਾਜਰੀ]

ਗੁਰਮੀਤ ਕੱਲਰਮਾਜਰੀ ਦਾ ਪਹਿਲਾ ਕਾਵਿ-ਸੰਗ੍ਰਹਿ 'ਹਾਸ਼ੀਏ ਤੋਂ ਪਾਰ' 1992 ਵਿਚ ਪ੍ਰਕਾਸ਼ਤ ਹੋਇਆ ਸੀ। ਹੱਥਲਾ ਕਾਵਿ (ਅਨੁ ਪਬਲੀਕੇਸ਼ਨ, ਪਟਿਆਲਾ ਪੰਨੇ : 80 ਮੁੱਲ 80 ਰੁਪਏ) ਉਸਦੀ ਕਾਵਿ ਯਾਤਰਾ ਦਾ ਦੂਸਰਾ ਮੀਲ ਪੱਥਰ ਹੈ। ਗੁਰਮੀਤ ਕੱਲਰਮਾਜਰੀ ਆਪਣੇ ਬਹੁਤੇ ਸਮਕਾਲੀ ਕਵੀਆਂ ਵਾਂਗ 'ਪ੍ਰਾਪਤ ਯਥਾਰਥ' ਅਤੇ 'ਇਛਤ' ਦੇ ਪਾੜੇ ਦੀ ਪੀੜ ਦਾ ਸ਼ਾਇਰ ਹੈ। ਉਸਦੇ ਪਹਿਲੇ ਕਾਵਿ ਸੰਗ੍ਰਹਿ ਦਾ ਨਾਂ 'ਤਿੜਕੇ ਸੁਪਨੇ' ਵੀ 'ਇੱਛਤ' ਦੇ ਪੂਰੇ ਜਾਂ ਪ੍ਰਾਪਤ ਨਾ ਹੋਣ ਦੇ ਸੰਤਾਪ ਵੱਲ ਇਸ਼ਾਰਾ ਕਰਦਾ ਹੈ। ਪੰਜਾਬ ਵਿਚ ਮਾਰਕਸਵਾਦ ਦੇ ਪ੍ਰਭਾਵ ਅਧੀਨ ਉਪਜੀ ਪ੍ਰਗਤੀਵਾਦੀ ਸਾਹਿਤਕ ਲਹਿਰ ਦਾ ਸ਼ਕਤੀਸ਼ਾਲੀ ਪ੍ਰਭਾਵ ਰਿਹਾ ਹੈ। ਇਸੇ ਕਾਰਨ ਬਹੁਤੇ ਸ਼ਾਇਰ ਜ਼ਿੰਦਗੀ ਦੇ ਯਥਾਰਥ ਅਤੇ ਇੱਛਿਆ ਦੇ ਸੁਪਨਮਈ ਰੁਮਾਂਸ ਵਿਚਲੀ ਵਿੱਥ ਦੇ ਕਾਰਨ ਮਾਰਕਸਵਾਦੀ ਵਿਚਾਰਾਂ ਦੀ ਰੌਸ਼ਨੀ ਵਿਚ ਤਲਾਸ਼ਦੇ ਹਨ। ਅਜਿਹੀ ਸਥਿਤੀ ਵਿਚ ਕਵੀ ਆਪਣੇ ਆਪ ਨੂੰ ਗਰੀਬ, ਦਲਿਤ, ਲੁੱਟੇ ਜਾ ਰਹੇ ਬੇਬਸ, ਲਾਚਾਰ, ਦੁਖੀ, ਨਿਆਸਰੇ ਵਿਅਕਤੀ ਨਾਲ ਇਕ ਰੂਪ ਕਰ ਲੈਂਦਾ ਹੈ ਅਤੇ ਆਪਣੇ ਵਿਰੋਧੀ ਵਰਗ ਦੁਸ਼ਮਣ ਅਮੀਰ, ਲੁਟੇਰੇ, ਜਾਬਰ, ਸ਼ਕਤੀਵਾਨ, ਦੁਸ਼ਟ ਨੂੰ ਸੰਬੋਧਤ ਹੁੰਦਾ ਹੈ। ਸਥਿਤੀ ਦੀ ਵਿਸੰਗਤੀ ਇਹ ਹੈ ਕਿ ਪੰਜਾਬੀ ਦੇ ਬਹੁਤੇ ਪ੍ਰਗਤੀਵਾਦੀ ਸ਼ਾਇਰ ਖੁਦ ਨੌਕਰੀ ਪੇਸ਼ਾ ਮਧਵਰਗ ਦੇ ਮੈਂਬਰ ਹੋਣ ਕਰਕੇ ਜਦੋਂ ਆਪਣੇ ਆਪ ਨੂੰ ਨੀਵੀਂ ਸ਼੍ਰੇਣੀ ਨਾਲ ਇਕਰੂਪ ਕਰਦੇ ਹਨ ਤਾਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਅਨੁਭਵ ਦੀ ਪਹਿਲ ਤਾਜ਼ਗੀ ਲੁਪਤ ਹੋ ਜਾਂਦੀ ਹੈ। ਇਸ ਘਾਟ ਨੂੰ ਕਵੀ ਸਿਧਾਂਤਕ ਪਕਿਆਈ ਅਤੇ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਪੂਰੀ ਕਰਨ ਦਾ ਯਤਨ ਕਰਦੇ ਹਨ। ਗੁਰਮੀਤ ਕੱਲਰਮਾਜਰੀ ਵੀ ਪ੍ਰਗਤੀਵਾਦੀ ਸ਼ਾਇਰ ਹੋਣ ਕਰਕੇ, ਇਸ ਸੀਮਾ ਤੋਂ ਪਾਰ ਨਹੀਂ ਹੈ। ਉਸਦੀ ਕਵਿਤਾ ਉਸ ਸਮੇਂ ਹੀ ਪ੍ਰਭਾਵਤ ਕਰਦੀ ਹੈ ਜਦੋਂ ਉਹ ਆਪਣੇ ਮੌਲਿਕ ਅਨੁਭਵ ਨੂੰ ਪੇਸ਼ ਕਰਦਾ ਹੈ। ਉਦਾਹਰਨ ਵਜੋਂ ਕਵਿਤਾ 'ਜਦੋਂ ਵੀ' ਵੇਖੀ ਜਾ ਸਕਦੀ ਹੈ:

ਜਦੋਂ ਵੀ ਮੇਰੀ ਪਤਨੀ
ਕਰਦੀ ਹੈ ਬਾਜ਼ਾਰ ਜਾਣ ਦੀ ਗੱਲ
ਤ੍ਰਭਕ ਉਠਦਾ ਹਾਂ ਉਸ ਦੀਆਂ ਨਜ਼ਰਾਂ 'ਚੋਂ
ਉਸ ਦੀਆਂ ਅੱਖਾਂ 'ਚ ਚਮਕਦੀਆਂ ਹਨ,
ਨੰਨ੍ਹੀ ਮੁੰਨ੍ਹੀ ਬੱਚੀ ਲਈ ਫ਼ਰਾਕਾਂ,
ਸੁਨਿਹਰੀ ਫਰੇਮਾਂ ਅਤੇ ਸੋਨੇ ਰੰਗੀ ਭਾਅ ਮਾਰਦੀਆਂ
ਵਿਦੇਸ਼ੀ ਚੂੜੀਆਂ।
ਅਕਸਰ ਉਹ ਰੰਗਦਾਰ ਫ਼ਾਨੂਸਾਂ, ਬੱਚਿਆਂ ਦੇ ਖਿਡੌਣਿਆਂ
ਪਲਾਸਟਿਕ ਦੇ ਫੁੱਲਾਂ, ਇਤਰ ਦੀਆਂ ਸ਼ੀਸ਼ੀਆਂ 'ਚੋਂ, ਟੋਲਦੀ ਹੈ ਜ਼ਿੰਦਗੀ।



ਸੁਰਖ ਹੋ ਜਾਂਦਾ ਹੈ ਉਸਦਾ ਅਣਭੋਲ ਜਿਹਾ ਚਿਹਰਾ
ਜਦੋਂ ਉਹ ਚਾਂਦੀ ਦੇ ਚਮਕਦੇ ਗਹਿਣਿਆਂ ਦੀ ਕਰਦੀ ਹੈ ਫ਼ੁਰਮਾਇਸ਼।
ਮੈਂ ਉਸ ਵੇਲੇ
ਬਿਲਕੁਲ ਉਸ ਵੇਲੇ ਲਿਖ ਰਿਹਾ ਹੁੰਦਾ ਹਾਂ
ਬਾਜ਼ਾਰ ਦੀ ਚਮਕ ਖ਼ਿਲਾਫ਼ ਇਕ ਕਵਿਤਾ

ਇਥੇ ਲੇਖਕ ਦੀ ਕਾਮਯਾਬੀ ਇਸ ਗੱਲ ਵਿਚ ਹੈ ਕਿ ਉਸਨੇ ਆਪਣੇ ਅਨੁਭਵ ਵਾਲੇ ਵਰਗ ਦੀ ਚਰਿੱਤਰ ਦੀ ਵਿਸੰਗਤੀ ਨੂੰ ਕਲਾਮਈ ਢੰਗ ਨਾਲ ਵਿਅੰਗ ਵਿਚ ਪਲਟਿਆ ਹੈ। ਇਹ ਉਸਦੇ ਪਰਿਵਾਰ ਦੀ ਹੀ ਦੋਫਾੜਤਾ ਨਹੀਂ ਸਗੋਂ ਸਮੁੱਚੇ ਮਧਵਰਗ ਦੀ ਅੰਦਰੂਨੀ ਪਰਿਸਥਿਤੀ ਹੈ। ਗੁਰਮੀਤ ਕੱਲਰਮਾਜਰੀ ਦੀ ਇਕ ਹੋਰ ਖੂਬੀ ਇਹ ਹੈ ਕਿ ਉਹ ਬਹੁਤ ਹੀ ਨਿਗੂਣੀਆਂ ਸਮਝੀਆਂ ਜਾਂਦੀਆਂ ਅਤਿ ਸਾਧਾਰਨ ਘਟਨਾਵਾਂ-ਵਰਤਾਰਿਆਂ ਵਿਚੋਂ ਸਹਿਜ ਹੀ ਸੂਹਜ ਤਲਾਸ਼ ਲੈਂਦਾ ਹੈ। ਉਹ 'ਸੁਪਨੇ ਦੀ ਤਲਾਸ਼' ਨਾਮਕ ਕਵਿਤਾ ਵਿਚ ਸਵੇਰੇ ਸ਼ੁਰੂ ਹੋਣ ਦੀ ਆਮ ਜਿਹੀ ਘਟਨਾ ਦਾ ਸੂਹਜ ਰੂਪਾਂਤਰਣ ਇਉਂ ਕਰਦਾ ਹੈ:

ਸੁਪਨਿਆਂ ਨੂੰ ਛੰਡਦਾ, ਖਾਦ ਕਰਦਾ
ਸੁਣਦਾ ਹਾਂ ਬਨੇਰੇ 'ਤੇ ਬੈਠੇ ਪੰਛੀਆਂ ਦੇ ਬੋਲ

ਮੇਰੇ ਸਾਹਵੇਂ ਹੁੰਦਾ ਹੈ ਸੂਰਜ ਦਾ ਕਲਸ਼
ਪਉਣ ਦੇ ਰਥ ਉੱਤੇ ਸਵਾਰ ਹੁੰਦਾ ਹੈ

ਕੁਦਰਤ ਦੀਆਂ ਧੁਨੀਆਂ ਦਾ ਅਨਹਦ-ਨਾਦ
ਪੰਛੀਆਂ ਦੀ ਬਾਣੀ 'ਚੋਂ ਲੈ ਕੇ ਸ਼ਾਂਤ ਰਸ

ਚਿਹਰੇ 'ਤੇ ਪਾਣੀ ਦੀਆਂ ਬੂੰਦਾਂ ਛਿੜਕ
ਕਰਦਾ ਹਾਂ ਆਪਣੇ ਆਪ ਨੂੰ ਠੀਕ

ਗੁਰਮੀਤ ਕੱਲਰਮਾਜਰੀ ਦੀ ਕਵਿਤਾ ਹਾਸ਼ੀਏ 'ਤੇ ਵਿਚਰਦੇ ਲੋਕਾਂ ਦੀ ਕਵਿਤਾ ਹੈ, ਪਰ ਇਹ ਲੋਕਾਂ ਦੀ ਕਵਿਤਾ ਨਹੀਂ ਹੈ। ਇਸ ਕਵਿਤਾ ਦਾ ਨਾਇਕ ਬੇਬਸ ਅਤੇ ਲਾਚਾਰ ਹੈ ਜਦੋਂ ਕਿ ਜ਼ਿੰਦਗੀ ਦਾ ਸੱਚ ਇਹ ਹੈ ਕਿ ਬਹੁਗਿਣਤੀ ਬੇਬਸ ਹੁੰਦਿਆਂ ਵੀ ਲਾਚਾਰ ਨਹੀਂ ਹੁੰਦੀ ਸਗੋਂ ਉਹ ਜ਼ਿੰਦਗੀ ਜੀਣ ਲਈ ਨਿਰੰਤਰ ਆਸ਼ਾਮਈ ਢੰਗ ਨਾਲ ਸੰਘਰਸ਼ੀਲ ਹੁੰਦੀ ਹੈ। ਇਹ ਸੰਘਰਸ਼ ਜ਼ਿੰਦਗੀ ਵਿਚ ਉਤਸ਼ਾਹ ਅਤੇ ਚਾਅ ਭਰਦਾ ਹੈ। ਇਹ ਬਹੁਗਿਣਤੀ ਗਰੀਬ ਅਤੇ ਬੇਬਸ ਹੋਣ ਦੇ ਬਾਵਜੂਦ ਹਾਸ਼ੀਏ 'ਤੇ ਨਹੀਂ ਹੁੰਦੀ ਸਗੋਂ ਇਹੀ ਲੋਕ ਮਨੁੱਖੀ ਜ਼ਿੰਦਗੀ ਦਾ ਧੁਰਾ ਹੁੰਦੇ ਹਨ। ਇਸ ਬਹੁਗਿਣਤੀ ਨਾਲ ਹਮਦਰਦੀ ਰੱਖਦਾ, ਪਰ ਆਪਣੇ ਵਰਗ ਸੁਭਾਅ ਕਾਰਨ ਵਿੱਥ 'ਤੇ ਖੜ੍ਹਾ ਸ਼ਾਇਰ ਜ਼ਰੂਰ ਹਾਸ਼ੀਏ 'ਤੇ ਹੁੰਦਾ ਹੈ। ਇਸੇ ਕਾਰਨ ਅਜਿਹੀ ਕਵਿਤਾ ਦੀ ਉਦਾਸੀ ਕਿਸੇ ਨਵੇਂ ਚਿੰਤਨ ਪਾਸਾਰ ਨੂੰ ਉਜਾਗਰ ਕਰਨ ਦੀ ਥਾਂ ਬੇਬਸੀ ਦਾ ਰੁਦਨ ਬਣ ਜਾਂਦੀ ਹੈ। ਜਦੋਂ ਕਵੀ 'ਰੁਦਨ' ਦੀ ਥਾਂਵੇਂ ਜ਼ਿੰਦਗੀ ਦੀ ਸਵੈ ਵਿਕਾਸੀ ਸ਼ਕਤੀ ਵਿਚ ਵਿਸ਼ਵਾਸ ਸਿਰਜਦਾ ਹੈ ਤਾਂ ਕਵਿਤਾ ਵਿਚ ਜਾਨ ਪੈ ਜਾਂਦੀ ਹੈ :

ਸਾਫ਼ ਕਰ ਦਿੱਤੀ ਹੈ ਧਰਤੀ
ਕੁੱਲ ਮਨੁੱਖਾਂ ਨੂੰ ਉਜਾੜਕੇ ਮਨੁੱਖਾਂ ਦੇ ਵਸਣ ਲਈ
ਸੁਲਘ ਰਹੀ ਹੈ, ਟੁੱਟੇ ਹੋਏ ਮਿਟੀ ਦੇ ਚੁਲ੍ਹਿਆਂ 'ਚ ਦਬੀ ਹੋਈ ਅੱਗ
ਤੜਪ ਰਹੇ ਹਨ, ਟੁੱਟੇ ਹੋਏ ਪਾਣੀ ਦੇ ਕਨਸਤਰ, ਪੀਪੇ ਤੇ ਚਕਲੇ ਵੇਲਣੇ
ਦਫ਼ਨ ਹੋ ਗਏ ਹਨ, ਕੰਧਾਂ 'ਤੇ ਵਾਹੇ ਮੋਰ ਘੁੱਗੀਆਂ ਦੇ ਚਿੱਤਰ

ਫੇਰ ਵੀ ਮਿਟਿਆ ਨਹੀਂ ਹੈ, ਸਭ ਕੁਝ
ਕਾਇਮ ਹੈ ਹਾਲਾਂ ਵੀ, ਕੱਟੇ ਹੋਏ ਰੁੱਖਾਂ ਦੀਆਂ ਉਦਾਸ ਟਹਿਣੀਆਂ 'ਤੇ ਬੈਠੇ
ਪੰਛੀਆਂ ਦੀਆਂ ਅੱਖਾਂ ਵਿਚ ਚਮਕ
ਹਾਲਾਂ ਵੀ ਕੁਝ ਨਕਸ਼ ਬਾਕੀ ਹਨ, ਮਿਟੀ ਦੇ ਖਿਡੌਣਿਆਂ ਦੇ

ਕੱਲਰਮਾਜਰੀ ਸਾਹਿਤ-ਸਿਰਜਣ ਦੇ ਨਾਲ ਨਾਲ ਸਾਹਿਤ-ਆਲੋਚਨਾ ਦੇ ਖੇਤਰ ਵਿਚ ਵੀ ਸਰਗਰਮ ਹੈ। ਉਹ ਆਪਣੀ ਕਵਿਤਾ ਦੀਆਂ ਕੁਝ ਕਮਜ਼ੋਰੀਆਂ ਬਾਰੇ ਵੱਧ ਸੁਚੇਤ ਹੋ ਸਕਦਾ ਹੈ, ਪਰ ਸ਼ਾਇਦ ਅਚੇਤ ਹੀ ਉਸਦਾ ਧਿਆਨ ਕਵਿਤਾ ਦੇ ਸ਼ਿਲਪ ਵੱਲ ਘੱਟ ਹੈ। ਉਸਦੀ ਕਵਿਤਾ ਦੀਆਂ ਕੁਝ ਪੰਕਤੀਆਂ ਵਿਚ ਸ਼ਬਦ-ਜੜਤ ਅਜਿਹੀ ਹੈ ਕਿ ਉਹ ਨਾ ਤਾਂ ਕਵਿਤਾ ਦੀ ਲੋੜ ਅਨੁਸਾਰ ਲੈਅ ਸਿਰਜਦੀਆਂ ਹਨ ਅਤੇ ਨਾ ਹੀ ਅਰਥ ਸਪਸ਼ਟ ਹੁੰਦੇ ਹਨ। ਅਜਿਹੀਆਂ ਪੰਕਤੀਆਂ ਦਾ ਕਾਵਿ ਦੋਸ਼ ਕਵਿਤਾ ਦਾ ਉਚੀ ਆਵਾਜ਼ ਵਿਚ ਮੌਖਿਕ ਪਾਠ ਕਰਕੇ ਲੱਭਿਆ ਅਤੇ ਸਮਝਿਆ ਜਾ ਸਕਦਾ ਹੈ। ਇਸੇ ਪ੍ਰਕਾਰ ਕਈ ਥਾਵਾਂ 'ਤੇ ਕਵੀ ਨੇ ਸ਼ਬਦਾਂ ਨੂੰ ਮਨਮਰਜ਼ੀ ਦੇ ਅਰਥਾਂ ਵਿਚ ਵਰਤਿਆ ਹੈ। ਕਵੀ 'ਖਿਲਾਫ਼' ਕਵਿਤਾ ਵਿਚ 'ਸੀਤ ਯੁੱਧ' ਦਾ ਐਲਾਨ ਕਰ ਰਿਹਾ ਹੈ। ਸੀਤ ਯੁੱਧ ਯਾਨੀ Cold War ਦਾ ਤਾਂ ਚਰਿੱਤਰ ਹੀ ਜੰਗ ਦਾ ਐਲਾਨ ਨਾ ਕਰਨਾ ਹੈ। ਵੈਸੇ ਵੀ ਸੀਤ ਯੁੱਧ ਦੋ ਬਰਾਬਰ ਦੀਆਂ ਅਤੇ ਕਮੀਨੀਆਂ ਸ਼ਕਤੀਆਂ ਲੜਦੀਆਂ ਹਨ। ਗੌਰਵਸ਼ਾਲੀ ਯੋਧੇ ਸੀਤ ਯੁੱਧ ਨਹੀਂ ਲੜਦੇ। ਇਵੇਂ ਹੀ 'ਜ਼ਮੀਨ' ਕਵਿਤਾ ਵਿਚ 'ਤਾਰਿਆ ਦਾ ਬੇਸੁਰਾ ਸੰਗੀਤ' ਲਿਖਿਆ ਹੈ। ਕੁਦਰਤੀ ਚੀਜ਼ਾਂ ਨੂੰ ਬੇਸੁਰੀਆਂ ਆਖਣਾ ਨਾ ਤਾਂ ਕਾਵਿ ਪਰੰਪਰਾ ਅਨੁਸਾਰ ਹੈ ਅਤੇ ਨਾ ਹੀ ਵਿਚਾਰ ਅਧੀਨ ਕਵਿਤਾ ਵਿਚ ਇਸ ਦੀ ਕੋਈ ਪ੍ਰਸੰਸਕ ਉਚਿਤਤਾ ਬਣਦੀ ਹੈ।

ਸਾਹਿਤ-ਆਲੋਚਨਾ ਤੋਂ ਜਾਣੂੰ ਸੁਚੇਤ ਸ਼ਾਇਰ ਦੀਆਂ ਅਜਿਹੀਆਂ ਅਲਗਰਜ਼ੀਆਂ ਚੁਭਦੀਆਂ ਹਨ। ਜੇ ਕਵੀ ਨੇ ਕਾਵਿ-ਜਗਤ ਵਿਚ ਥਾਂ ਬਣਾਉਣੀ ਹੈ ਤਾਂ ਉਸਨੂੰ ਆਪਣੇ ਸ਼ੌਕ ਲਈ ਮਿਹਨਤ ਵੀ ਕਰਨੀ ਚਾਹੀਦੀ ਹੈ। ਵਿਚਾਰਧਾਰਾ ਦੇ ਪੱਖ ਤੋਂ ਕਵੀ ਨੂੰ ਸਪਸ਼ਟ ਹੋਣਾ ਚਾਹੀਦਾ ਹੈ ਕਿ ਜੇ ਸ਼ੋਰ (ਲਾਊਡ) ਕਲਾ ਦਾ ਬਦਲ ਨਹੀਂ ਹੈ ਤਾਂ ਰੁਦਨ ਵੀ ਵਿਚਾਰਧਾਰਾ ਦਾ ਪੂਰਕ ਨਹੀਂ ਹੈ। ਅੱਜ ਪ੍ਰਗਤੀਵਾਦੀ ਕਵਿਤਾ ਨੂੰ ਨਵੇਂ ਵਿਸ਼ੇ ਅਤੇ ਸੁਚੱਜੇ ਸ਼ਿਲਪ ਦੀ ਹੀ ਨਹੀਂ ਤੇਜੱਸਵੀ ਆਸ਼ਾਵਾਦੀ ਸੁਰ ਦੀ ਵੀ ਜ਼ਰੂਰਤ ਹੈ।

[ਰਾਜਿੰਦਰ ਪਾਲ ਸਿੰਘ]

## ਰੰਗਾਂ ਦਾ ਮਨੋਵਿਗਿਆਨ [ਸੁਖਜੀਤ]

'ਰੰਗਾਂ ਦਾ ਮਨੋਵਿਗਿਆਨ' ਪੰਜਾਬੀ ਦੇ ਹੋਣਹਾਰ ਲੇਖਕ ਸੁਖਜੀਤ ਦਾ ਪਹਿਲਾ ਕਾਵਿ-ਸੰਗ੍ਰਹਿ ਹੈ। ਸੁਖਜੀਤ ਪਿਛਲੇ ਕਈ ਸਾਲਾਂ ਤੋਂ ਬੜੇ ਠਰੰਮੇ ਅਤੇ ਸੰਤੋਖ ਨਾਲ ਕਵਿਤਾਵਾਂ ਅਤੇ ਕਹਾਣੀਆਂ ਲਿਖ ਰਿਹਾ ਹੈ। ਕਈ ਵਾਰੀ ਉਸ ਦੀਆਂ ਕਵਿਤਾਵਾਂ ਸਾਹਿਤਕ ਫੰਕਸ਼ਨਾਂ ਵਿਚ ਸੁਣਨ ਦਾ ਮੌਕਾ ਵੀ ਮਿਲਿਆ ਹੈ। ਉਸ ਦੀ ਪੇਸ਼ਕਾਰੀ ਵੀ ਹਮੇਸ਼ਾ ਵਧੀਆ ਹੁੰਦੀ ਹੈ।

ਕਿਤਾਬ ਵੀ ਉਸ ਨੇ ਵਧੀਆ ਹੀ ਛਪਵਾਈ ਹੈ। ਬਿਨਾਂ ਕਿਸੇ ਭੂਮਕੀਏ ਦੀ ਮਦਦ ਲਏ। ਆਪਣੇ ਨਾਸਤਕ ਹੋਣ ਦਾ ਐਲਾਨ ਕਰਦਾ ਹੋਇਆ ਉਹ ਸਿੱਧਾ ਆਪਣੀ ਕਾਵਿਕ ਜੁਗਤ ਨਾਲ ਮੁਖਾਤਬ ਹੈ, ਸਾਨੂੰ ਅਤੇ ਆਪਣੀ ਕਵਿਤਾ ਨੂੰ ਵੀ । ਆਪਣੀ ਪਹਿਲੀ ਹੀ ਕਵਿਤਾ ਮੰਗਲਾਚਰਣ ਵਿਚ ਸਭ ਤਰ੍ਹਾਂ, ਦੇ ਦੈਵੀ ਵਿਸ਼ਵਾਸ਼ਾਂ ਨੂੰ ਵਗਾਹ ਕੇ ਪਰ੍ਹਾਂ ਮਾਰਿਆ ਹੈ ਉਸ ਨੇ। ਉਹ ਦੈਵੀ ਸ਼ਕਤੀਆਂ ਨੂੰ ਕਹਿੰਦਾ ਹੈ, 'ਸਮੇਟ ਲਵੋ ਆਪਣੀ ਪੁੰਨ-ਆਤਮਾ ਦੀ ਕਥਾ... ਮੈਨੂੰ ਆਪਣੀ ਰਾਖ਼ਸ਼-ਬੁੱਧ ਨਾਲ ਤੁਹਾਡੇ ਇਤਿਹਾਸ ਮਿਥਿਹਾਸ ਨੂੰ ਪੁੱਠੇ ਪਾਸਿਓਂ ਪੜ੍ਹਨ ਦਿਓ .... ਹੇ ਦੇਵਗਣੋ ਮੈਨੂੰ ਇੱਕਲਾ ਛੱਡ ਦਿਓ.... '

ਇਹ ਤਾਂ ਹੋਇਆ ਉਸ ਦਾ ਆਪਣੀ ਸੋਚ ਨੂੰ ਸੁਤੰਤਰ ਰੱਖਣ ਦਾ ਐਲਾਨ। ਹੁਣ ਅਸੀਂ ਵੇਖਣਾ



ਹੈ ਕਿ ਉਸ ਦਾ ਕਾਵਿਕ ਦ੍ਰਿਸ਼ਟੀਕੋਣ ਕੀ ਹੈ ?

ਸਾਰੀ ਪੁਸਤਕ ਪੜ੍ਹਨ ਤੋਂ ਬਾਅਦ ਜਿੱਥੋਂ ਤਕ ਉਸ ਦੇ ਕਾਵਿਕ ਦ੍ਰਿਸ਼ਟੀਕੋਣ ਦੀ ਸਮਝ ਪੈਂਦੀ ਹੈ ਉਸ ਅਨੁਸਾਰ ਮੁੱਖ ਤੌਰ 'ਤੇ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ ਅਤੇ ਪੂਰੀ ਤਰ੍ਹਾਂ ਮਾਨਵਵਾਦੀ ਹੈ। ਪਰ ਸਿਰਫ ਕਿਸੇ ਤਕੜੇ ਦ੍ਰਿਸ਼ਟੀਕੋਣ ਦੇ ਨਾਲ ਹੀ ਹਰ ਕਵਿਤਾ ਵੀ ਤਕੜੀ ਨਹੀਂ ਬਣ ਜਾਇਆ ਕਰਦੀ। ਕਾਵਿਕ ਜੁਗਤਾਂ ਵਿਚ ਮੁਹਾਰਤ ਇਕ ਵੱਖਰੀ ਪਹੁੰਚ ਹੁੰਦੀ ਹੈ। ਇਥੇ ਇਹ ਭਾਵ ਵੀ ਨਹੀਂ ਕਿ ਇਸ ਪੱਖੋਂ ਉਸ ਦੀਆਂ ਕਵਿਤਾਵਾਂ ਕਮਜ਼ੋਰ ਰਹਿ ਗਈਆਂ ਹਨ। ਕਈ ਕਵਿਤਾਵਾਂ ਬਹੁਤ ਦਮਦਾਰ ਹਨ ਉਸ ਦੀਆਂ। ਭਾਵ ਇਹ ਹੈ ਕਿ ਸਾਨੂੰ ਕਿਸੇ ਵੀ ਲੇਖਕ ਦੇ ਦ੍ਰਿਸ਼ਟੀਕੋਣ ਤੋਂ ਬਿਨਾਂ ਉਸ ਦੀਆਂ ਕਲਾਤਮਕ ਜੁਗਤਾਂ ਅਤੇ ਕਲਾ ਦੇ ਪੱਧਰ ਨੂੰ ਵੀ ਵਾਚਣਾ ਚਾਹੀਦਾ ਹੈ।

ਸੁਖਜੀਤ ਦੀ ਕਾਵਿ-ਸ਼ੈਲੀ ਸਹਿਜ ਸੁਭਾਵਕ ਗੱਲ ਕਰਨ ਵਾਲੀ ਹੈ। ਉਹ ਕਈ ਤਰ੍ਹਾਂ, ਦੇ ਕਾਵਿਕ-ਬਿੰਬ ਸਿਰਜਦਾ ਅਤੇ ਤਸ਼ਬੀਹਾਂ ਦਿੰਦਾ ਹੈ, ਪਰ ਕਿਤੇ ਵੀ ਜਾਣ ਬੁੱਝ ਕੇ ਪਾਠਕ ਨੂੰ ਚੌਂਕਾ ਦੇਣ ਦੀ ਕੋਸ਼ਿਸ਼ ਨਹੀਂ ਕਰਦਾ। ਉਸ ਦਾ ਸਮੁੱਚਾ ਕਾਵਿਕ-ਬਿੰਬ ਉਸ ਦੇ ਖਿਆਲਾਂ ਦੀ ਸਹਿਜ ਤਰਤੀਬ ਵਿਚੋਂ ਉਗਮਦਾ ਹੈ।

ਮੰਗਲਾਚਰਣ ਤੋਂ ਬਾਅਦ ਉਸ ਦੀਆਂ ਅਗਲੀਆਂ ਕਵਿਤਾਵਾਂ, 'ਮੈਂ ਜ਼ਹਿਰ ਪੀਂਦਾ ਹਾਂ' ਅਤੇ 'ਅਛੂਤ' ਵੀ ਅਤੇ ਉਸ ਤੋਂ ਅਗਲੀ ਕਵਿਤਾ 'ਤੂੰ ਭਰਮ ਨਾ ਪਾਲ' ਉਸ ਦੀ ਮੰਗਲਾਚਰਣ ਵਿਚ ਸ਼ੁਰੂ ਕੀਤੀ ਗੱਲ ਨੂੰ ਹੀ ਸੰਪੂਰਨ ਕਰਦੀਆਂ ਜਾਪਦੀਆਂ ਹਨ। ਕਿਸੇ ਹੱਦ ਤਕ 'ਬੱਸ ਹੋਰ ਨਹੀਂ' ਵਿਚ ਵੀ ਇਹੋ ਸੁਰ ਨਿਹਤ ਹੈ।

'ਘਰ ਬਨਾਮ ਮੋਰਚੇ' ਅਤੇ 'ਕਵਿਤਾ ਅਤੇ ਜ਼ਿੰਦਗੀ' ਦਾ ਕਾਵਿਕ ਮੈਟਾਫ਼ਰ ਤੁਲਨਾਤਮਕ ਟਕਰਾਓ ਵਿਚੋਂ ਕਾਵਿਕ-ਬਿੰਬ ਉਭਾਰਨ ਵਾਲਾ ਹੈ। ਉਸ ਦੀਆਂ ਮੁਢਲੀਆਂ ਕਵਿਤਾਵਾਂ ਤੋਂ ਹੀ ਇਹ ਅੰਦਾਜ਼ਾ ਹੋ ਗਿਆ ਸੀ ਕਿ ਅੱਲਗ-ਅੱਲਗ ਕਾਵਿਕ-ਜੁਗਤਾਂ ਦੇ ਬਾਵਜੂਦ ਸੁਖਜੀਤ ਨੇ ਇਕ ਐਸਾ ਸਾਦਾ ਅਤੇ ਸਪੱਸ਼ਟ ਸੂਤਰ ਆਪਣੀ ਕਾਵਿ-ਸ਼ੈਲੀ ਦਾ ਬਣਾ ਲਿਆ ਹੈ ਜੋ ਸਾਰੀਆਂ ਕਵਿਤਾਵਾਂ ਨੂੰ ਇਕ ਦੂਸਰੀ ਦੇ ਨਾਲ ਪਰੋਈ ਜਾਂਦਾ ਹੈ।

ਸੁਖਜੀਤ ਆਪਣੀ ਹਰ ਕਵਿਤਾ ਵਿਚ ਇਕ ਸਾਦੇ ਅਤੇ ਲਘੂ ਮਨੁੱਖ ਦੀ ਗੱਲ ਕਰਦਾ ਹੈ। ਉਹ ਬਸ ਇਸ ਆਮ ਜਿਹੇ ਪਰ ਚੰਗੇ ਮਨੁੱਖ ਦੀ ਗ਼ੈਰਤ ਨਾਲ ਜਿਊਣ ਦੀ ਤਾਂਘ ਨੂੰ ਹਰ ਤਰ੍ਹਾਂ, ਦੀ ਆਂਚ ਤੋਂ ਬਚਾਉਣ ਦੀ ਕੋਸ਼ਿਸ਼ ਵਿਚ ਹੈ। ਦਰਅਸਲ ਬੜਾ ਨਿੱਗਰ ਕੰਮ ਹੈ ਇਹ। 'ਕਲਾਕਾਰੀ' 'ਸਿਰਫ ਤੇਰੇ ਲਈ' ਅਤੇ 'ਦਰਿਆ' ਨਾਂ ਦੀਆਂ ਕਵਿਤਾਵਾਂ ਵਿਚ ਜ਼ਿੰਦਗੀ ਦਾ ਇਹ ਤੱਤ ਵੇਖ ਸਕਦੇ ਹੋ ਤੁਸੀਂ।

ਅਗਲੀ ਬਹੁਤ ਖ਼ੂਬਸੂਰਤ ਕਵਿਤਾ 'ਇਹ ਹੋਰ ਗੱਲਾਂ ਨੇ' ਵਿਚ ਸਾਡੀਆਂ ਜ਼ਿਹਨੀ ਸੋਚਾਂ ਦਾ ਬਹੁਤ ਵਧੀਆ ਨਰੀਖਣ ਕਰਦਾ ਹੈ ਉਹ। ਕੁਝ ਕਵਿਤਾਵਾਂ ਵਿਚ ਉਸ ਨੇ ਪੰਜਾਬਣ ਮੁਟਿਆਰ ਦੇ ਅੱਥਰੇ ਸੁਭਾਅ ਦਾ ਚਿਤਰਨ ਕੀਤਾ ਹੈ। ਆਪਣੇ ਗਹਿਰੇ ਅਨੁਭਵ ਕਾਰਣ ਉਸ ਨੇ ਕੁਝ ਕੁ ਇਸ ਤਰ੍ਹਾਂ ਦੀਆਂ ਕਵਿਤਾਵਾਂ ਨੂੰ ਬਹੁਤ ਹੀ ਖ਼ੂਬਸੂਰਤ ਅਤੇ ਤਕੜੀਆਂ ਕਵਿਤਾਵਾਂ ਬਣਾ ਦਿੱਤਾ ਹੈ। ਇਨ੍ਹਾਂ ਕਵਿਤਾਵਾਂ ਵਿਚ ਸ਼ਾਮਿਲ ਨੇ ਉਸ ਦੀਆਂ 'ਪਿਆਰ ਹੋ ਜਾਣ ਤੋਂ ਪਹਿਲਾਂ' ਅਤੇ 'ਸੁਹਜ' ਨਾਂ ਦੀਆਂ ਕਵਿਤਾਵਾਂ। 'ਸੁਹਜ' ਕਵਿਤਾ ਵਿਚ ਜਦ ਪਿੰਡ ਦੀ ਆਮ ਜਿਹੀ ਕੁੜੀ ਦੀ ਤੁਲਨਾ ਉਹ ਸੁੰਦਰਤਾ ਮੁਕਾਬਲੇ ਵਿਚ ਚੁਣੀ ਗਈ ਕੁੜੀ ਨਾਲ ਕਰਦਾ ਹੈ ਤਾਂ ਉਸ ਦੀਆਂ ਤਸ਼ਬੀਹਾਂ ਵੇਖਣ ਅਤੇ ਮਾਨਣ ਵਾਲੀਆਂ ਹਨ। ਜ਼ਰਾ ਵੇਖੋ,

ਤੇ ਰੀਝਾਂ ਨਾਲ ਪਾਲੀ ਪਹਿਲਣ ਝੋਟੀ ਦੇ ਹੇਠੋਂ
ਜਦ ਕਦੇ ਦੁੱਧ ਦੀ ਬਾਲਟੀ ਭਰ ਕੇ ਉਠੇ ਤਾਂ ਉਹ
ਤੇਰੇ ਨਾਲੋਂ ਗਿੱਠ ਉੱਚੀ ਲੱਗੇ ....।

'ਸੁਪਨੇ ਬੀਜਣ ਤੋਂ ਪਹਿਲਾਂ' ਵੀ ਉਸ ਦੀ ਤੁਲਨਾਤਮਕ ਟਕਰਾਓ ਦੇ ਮੈਟਾਫ਼ਰ ਵਿਚੋਂ ਉਭਾਰੀ

ਗਈ ਕਵਿਤਾ ਹੈ। ਇਸੇ ਜੁਗਤ ਨੂੰ ਉਸ ਨੇ ਕਵਿਤਾ 'ਜੀਊਣ ਦੀ ਖਾਹਿਸ਼' ਵਿਚ ਵੀ ਵਰਤਿਆ ਹੈ। ਮੌਤ ਬਾਰੇ ਲਿਖੀਆਂ ਚਾਰ ਕਵਿਤਾਵਾਂ ਵਿਚ ਵੀ ਉਸ ਨੇ ਕਿਸੇ ਹੱਦ ਤਕ ਇਹੋ ਜੁਗਤ ਵਰਤੀ ਹੈ।

ਕਵਿਤਾ 'ਰੰਗਾਂ ਦਾ ਮਨੋਵਿਗਿਆਨ' ਸਾਡੇ ਤਕ ਬੜੀ ਸੰਵੇਦਨਸ਼ੀਲ ਪਹੁੰਚ ਕਰਦੀ ਹੈ। ਤੇ ਇਹ ਸੰਵੇਦਨਸ਼ੀਲਤਾ ਉਸ ਦੀ ਸਾਰੀ ਕਵਿਤਾ ਵਿਚ ਹੀ ਸੁਲਗਦੀ ਮਹਿਸੂਸ ਹੁੰਦੀ ਹੈ। 'ਅੱਜ ਕੱਲ' ਨਾਂ ਦੀਆਂ ਪੰਜ ਕਵਿਤਾਵਾਂ ਵਿਚ ਪੰਜਾਬ ਦਾ ਪਿਛਲੇ ਦਿਨਾਂ ਦਾ ਸੰਤਾਪ ਬਿਰਾਜਮਾਨ ਹੈ। ਤੇ ਇਸੇ ਸੰਤਾਪ ਵਿਚੋਂ ਸਿਰਜੀ ਗਈ 'ਖੁਸਰੇ' ਨਾਂ ਦੀ ਕਵਿਤਾ ਪੰਜਾਬੀਆਂ ਦੇ ਆਪਣੇ ਆਪ ਨੂੰ ਗ਼ੈਰਤਮੰਦ ਅਖਵਾਉਣ ਦੀ ਪਰੰਪਰਾ ਦੇ ਮੂੰਹ 'ਤੇ ਇਕ ਜ਼ੋਰਦਾਰ ਚਪੇੜ ਹੈ। ਲੂੰਅ-ਕੰਡੇ ਖੜ੍ਹੇ, ਕਰਨ ਵਾਲੀ ਹੈ ਇਹ ਕਵਿਤਾ :

ਤੇ ਗੰਨਾਂ ਗਰਜੀਆਂ
ਗੋਲੀਆਂ, ਲੇਰਾਂ, ਚੀਖਾਂ ਤੇ ਸਿਸਕੀਆਂ
ਸਾਰੇ ਪਿੰਡ ਨੇ ਸੁਣੀਆਂ
ਤੇ ਪਿੰਡ ਸਾਰਾ ਖੁਸਰਿਆਂ ਦਾ ਹੋ ਗਿਆ...।

ਆਪਣੀ ਕਵਿਤਾ 'ਪਰਤ ਆਓ' ਰਾਹੀਂ ਸੁਖਜੀਤ ਨੇ ਸਮਾਂ ਰਹਿੰਦੇ ਗੁਮਰਾਹ ਹੋਏ ਵੀਰਾਂ ਨੂੰ ਬੜੀ ਹੀ ਸਾਰਥਕ ਪਹੁੰਚ ਵਾਲਾ ਸੱਦਾ ਦਿੱਤਾ ਹੈ। ਭਾਵੇਂ ਪਤਾ ਨਹੀਂ ਕਿਸੇ ਨੇ ਇਹ ਸੱਦਾ ਸੁਣਿਆ ਜਾ ਨਹੀਂ, ਕੋਈ ਇਹ ਸੱਦਾ ਸੁਣ ਕੇ ਪਰਤਿਆ ਜਾਂ ਨਹੀਂ। ਪਰ ਸ਼ਾਇਰ ਨੇ ਆਪਣ ਫ਼ਰਜ਼ ਅਦਾ ਕੀਤਾ ਹੈ।

ਸਮੁੱਚੇ ਰੂਪ ਵਿਚ ਕਾਵਿ-ਸੰਗ੍ਰਹਿ ਵਿਚਲੀਆਂ ਕੁਝ ਪਿਆਰ ਕਵਿਤਾਵਾਂ ਨੇ ਸੰਗ੍ਰਹਿ ਨੂੰ ਕਮਜ਼ੋਰ ਹੀ ਕੀਤਾ ਹੈ ਭਾਵੇਂ ਉਨ੍ਹਾਂ ਵਿਚੋਂ ਇਕ ਦੋ ਪਿਆਰ ਕਵਿਤਾਵਾਂ ਬੜੀਆਂ ਵਧੀਆ ਵੀ ਹਨ।

ਭਾਵੇਂ ਸੁਖਜੀਤ ਨੇ ਇਕ ਆਪਣੀ ਤਰ੍ਹਾਂ ਦੀ ਸ਼ੈਲੀ ਆਪਣੀ ਕਵਿਤਾ ਵਾਸਤੇ ਸਿਰਜ ਲਈ ਹੈ ਪਰ ਉਸ ਦੀ ਕਵਿਤਾ ਵਿਚੋਂ ਸਰਬ-ਕਾਲੀ ਕਵਿਤਾ ਵਾਲੀ ਉਹ ਸੁਰ ਹਾਲੇ ਸੁਣਾਈ ਨਹੀਂ ਪੈਂਦੀ ਜੋ ਕਿਸੇ ਕਵਿਤਾ ਨੂੰ ਮਹਾਨ ਕਵਿਤਾ ਬਣਾਉਂਦੀ ਹੈ। ਉਹ ਆਮ ਮਨੁੱਖ ਦੀ ਬਕਾਇਆ ਗੈਰਤ ਨੂੰ ਬਚਾਉਣ ਲਈ ਆਪਣੇ ਸੀਨੇ ਵਿਚੋਂ ਉਠੀ ਤੜਪ ਨੂੰ ਕਵਿਤਾ ਦਾ ਰੂਪ ਦਿੰਦਾ ਹੈ। ਇਹੋ ਉਸ ਦੀ ਪ੍ਰਾਪਤੀ ਵੀ ਹੈ ਅਤੇ ਸੀਮਾ ਵੀ।

ਕੁੱਲ ਮਿਲਾ ਕੇ 'ਰੰਗਾਂ ਦਾ ਮਨੋਵਿਗਿਆਨ' ਇਕ ਵਧੀਆ ਕਿਤਾਬ ਹੈ ਜੋ ਸਮਕਾਲੀ ਕਵੀਆਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। [ਮਹਿਮਾ ਸਿੰਘ]

## ਚੁੱਪ ਦੇ ਖਿਲਾਫ਼ [ਸੁਤੀਸ਼ ਗੁਲਾਟੀ]

ਸਤੀਸ਼ ਗੁਲਾਟੀ ਪੰਜਾਬੀ ਦੇ ਕੁਝ ਕੁ ਗ਼ਜ਼ਲਕਾਰਾਂ ਵਿਚੋਂ ਹੈ ਜੋ ਪਿਛਲੇ ਇਕ ਦਹਾਕੇ ਤੋਂ ਕਵੀ ਦਰਬਾਰਾਂ, ਅਖਬਾਰਾਂ ਤੇ ਰਸਾਲਿਆਂ ਰਾਹੀਂ ਉਭਰਕੇ ਪੰਜਾਬੀ ਸਰੋਤਿਆਂ ਤੇ ਪਾਠਕਾਂ ਦੇ ਸਨਮੁਖ ਹੋਇਆ ਹੈ। ਹੁਣ ਉਹ ਆਪਣੇ ਪਲੇਠੇ ਗ਼ਜ਼ਲ ਸੰਗ੍ਰਹਿ 'ਚੁੱਪ ਦੇ ਖਿਲਾਫ਼' (ਪੰਨੇ 95, ਮੁੱਲ 30 ਰੁਪਏ, ਚੇਤਨਾ ਪ੍ਰਕਾਸ਼ਨ ਜਲੰਧਰ, ਲੁਧਿਆਣਾ) ਰਾਹੀਂ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੈ। ਗ਼ਜ਼ਲ ਕਾਵਿ- ਰੂਪ ਕਿਸੇ ਵੀ ਸ਼ਾਇਰ ਤੋਂ ਡੂੰਘੇਰੀ ਪ੍ਰਤਿਭਾ, ਤੀਖਣ ਅਨੁਭਵ ਅਤੇ ਵਿਚਾਰਧਾਰਕ ਸੂਝ ਦੀ ਮੰਗ ਕਰਦਾ ਹੈ। ਹੁਣ ਇਹ ਕਾਵਿ ਰੂਪ ਨਿੱਜੀ ਅਨੁਭਵ ਨੂੰ ਗ੍ਰਹਿਣ ਕਰਕੇ ਪਰ ਤਕ ਦੇ ਸਫ਼ਰ ਨੂੰ ਆਪਣੇ ਅੰਦਰ ਸਮੇਟਣ ਲਈ ਤੱਤਪਰ ਹੈ। ਅਜੋਕੀ ਗ਼ਜ਼ਲ ਆਪਣੇ ਪਰੰਪਰਕ ਨਿਕੀ ਦਾਇਰੇ ਵਿਚੋਂ ਬਾਹਰ ਨਿਕਲਕੇ ਵਿਸ਼ਾਲ ਪੱਧਰ ਤਕ ਵਿਚਰਨ ਦੇ ਸਮਰੱਥ ਹੈ। ਪਿਆਰ, ਮੁਹੱਬਤ ਤੇ ਇਸ਼ਕ ਹੀ ਗ਼ਜ਼ਲ ਦੇ ਵਿਸ਼ੈ ਨਹੀਂ ਰਹੇ, ਸਗੋਂ ਦੁਨੀਆਂ ਦੇ ਹਰ ਦੁੱਖ-ਦਰਦ ਦਾ ਬਿਆਨ ਵੀ ਬੜੀ ਸ਼ਿੱਦਤ ਤੇ ਸਮਰੱਥਾ ਨਾਲ ਗ਼ਜ਼ਲ ਵਿਚ ਹੋ ਰਿਹਾ ਹੈ। ਇਸ ਸੰਦਰਭ ਵਿਚ ਸਤੀਸ਼ ਗੁਲਾਟੀ ਵੀ ਇਕ ਸਮਰੱਥ ਗ਼ਜ਼ਲਕਾਰ ਬਣਨ ਯਤਨਸ਼ੀਲ ਹੈ। ਆਪਣੀ ਵਿਚਾਰਧਾਰਕ ਪਰਿਪੱਕਤਾ ਦਾ ਸਬੂਤ ਦਿੰਦਾ ਉਹ ਕਹਿੰਦਾ ਹੈ:



ਤਾਰਿਆਂ ਤੋਂ ਅੰਬਰਾਂ ਦੇ ਪੁੱਛਦਾਂ ਰਸਤੇ ਨਵੇਂ
ਹੱਦ ਤੋਂ ਦਿਸਹੱਦਿਆਂ ਤੱਕ ਸੋਚਦਾਂ ਰਸਤੇ ਨਵੇਂ
ਜ਼ਿਹਨਾ ਵਿਚ ਆਉਂਦੇ ਕਦੀ ਉਹ ਖੋਜਦਾਂ ਰਸਤੇ ਨਵੇਂ
ਹਾਂ ਉਪਾਸ਼ਕ ਜ਼ਿੰਦਗੀ ਦਾ ਸਿਰਜਦਾ ਰਸਤੇ ਨਵੇਂ

ਜ਼ਿੰਦਗੀ ਨੂੰ ਮਾਨਣਾ ਤੇ ਜ਼ਿੰਦਗੀ ਦੀ ਸਿਰਜਣਾ ਕਰਨਾ ਸਤੀਸ਼ ਦੀ ਮਾਨਵੀ ਸੂਝ ਤੇ ਵਿਚਾਰਧਾਰਾ ਦਾ ਸਬੂਤ ਹੈ। ਚੁੱਪ ਦੇ ਖਿਲਾਫ਼ ਆਵਾਜ਼ ਉਠਾਉਣੀ ਉਹ ਆਪਣਾ ਮਾਨਵੀ ਫ਼ਰਜ਼ ਸਮਝਦਾ ਹੈ। ਉਹ ਮਨੁੱਖ ਦੇ ਅੰਤਰੀਵੀ ਅਨੁਭਵ ਨੂੰ ਪੜ੍ਹ ਲੈਣ ਤੇ ਵਿਅਕਤ ਕਰਨ ਦੀ ਬੌਧਿਕ ਸਮਰੱਥਾ ਰਖਦਾ ਹੈ:

ਸ਼ੋਰ ਦਾ ਪੱਖ ਪੂਰਦੈਂ ਤੂੰ ਐ ਦਿਲਾ ਚੁੱਪ ਦੇ ਖਿਲਾਫ਼।
ਸਿਰਜਣੈ ਤਾਂ ਸਿਰਜ ਕੋਈ ਸੁਰ ਜ਼ਰਾ ਚੁੱਪ ਦੇ ਖਿਲਾਫ਼।

- - - - -

ਚਿਹਰਿਆਂ 'ਤੇ ਉਕਰਿਆ ਸਭ ਪੜ੍ਹ ਲਵਾਂ।
ਮੈਂ ਨਹੀਂ ਸ਼ਬਦਾਂ ਦੀ ਭਾਸ਼ਾ ਜਾਣਦਾ।

ਸ਼ਬਦ ਤੇ ਅਰਥਾਂ ਦਾ ਸੁਮੇਲ ਹੀ ਗ਼ਜ਼ਲ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਉਹੀ ਗ਼ਜ਼ਲਕਾਰ ਗ਼ਜ਼ਲ ਲਿਖਣ ਵਿਚ ਨਿਪੁੰਨ ਹੋਵੇਗਾ ਜਿਹੜਾ ਸ਼ਬਦ ਤੇ ਅਰਥਾਂ ਦੇ ਸੁਮੇਲ ਨੂੰ ਬਣਾਈ ਰਖਦਾ ਹੋਵੇ, ਪ੍ਰਗਤੀਵਾਦੀ ਅਤੇ ਕਲਿਆਣਕਾਰੀ ਦ੍ਰਿਸ਼ਟੀ ਰਾਹੀਂ ਮਨੁੱਖ ਨੂੰ ਨਵਾਂ ਕੁਝ ਸਿਰਜਣ ਦਾ ਸੰਦੇਸ਼ ਦਿੰਦਾ ਹੋਵੇ। ਸਤੀਸ਼ ਗੁਲਾਟੀ ਵੀ ਦੁੱਖਾਂ, ਮੁਸੀਬਤਾਂ ਤੇ ਗ਼ਮਾਂ ਤੋਂ ਘਬਰਾਉਂਦਾ ਨਹੀਂ ਸਗੋਂ ਉਨ੍ਹਾਂ ਦਾ ਟਾਕਰਾ ਕਰਦਾ ਹੋਇਆ ਜ਼ਿੰਦਗੀ ਨੂੰ ਸਿਰਜਣ ਤੇ ਮਾਨਣ ਦਾ ਮਾਨਵਵਾਦੀ ਕਰਤਵ ਪਾਲਦਾ ਹੈ:

ਉਹ ਗ਼ਮ ਨੂੰ ਮੈਂ ਨਹੀਂ ਕੁਝ ਜਾਣਦਾ।
ਗ਼ਮ ਨਹੀਂ ਜੋ ਜ਼ਿੰਦਗੀ ਦੇ ਹਾਣ ਦਾ।
ਦਿਲ ਤਾਂ ਹੈ ਕਿ ਕੈਦਖ਼ਾਨਾ ਜਿਸ 'ਚ ਸ਼ਾਇਰ ਕੈਦ ਹੈ।
ਜੁਰਮ ਇਹ ਕਿ ਜ਼ਿੰਦਗੀ ਦੀ ਨਬਜ਼ ਨੂੰ ਪਹਿਚਾਣਦੈ!

ਇਸ ਤਰ੍ਹਾਂ ਉਸਦੀ ਗ਼ਜ਼ਲ ਦਾ ਸਫ਼ਰ ਮੁਕੰਮਲ ਆਦਮੀ ਬਣਕੇ ਜਿਊਣ ਦਾ ਸਫ਼ਲ ਉਪਰਾਲਾ ਹੈ ਜੋ ਚਿਹਰਿਆਂ ਤੇ ਲਿਬਾਸਾਂ ਦੇ ਫ਼ਰਕਾਂ ਤੋਂ ਗੁਣਾਤਮਕ ਤੌਰ 'ਤੇ ਵੱਖਰਾ ਹੈ। ਉਹ ਸਮੇਂ ਦੀ ਨਬਜ਼ ਨੂੰ ਪਹਿਚਾਣਦਾ ਹੋਇਆ ਭਵਿੱਖਮੁਖੀ ਯਥਾਰਥ ਨੂੰ ਚਿੰਤਨ ਤੇ ਚੇਤਨਾ ਦੀ ਪੱਧਰ ਉਤੇ ਨਿਰਖਦਾ ਤੇ ਪਰਖਦਾ ਹੈ। ਉਹ ਸਿਆਸਤ ਤੇ ਸਾਹਿਤ ਦੇ ਇਮਾਨਦਾਰੀ ਵਾਲੇ ਪੱਖ ਨੂੰ ਤਰਜੀਹ ਦਿੰਦਾ ਹੈ ਅਤੇ ਮੌਕਾ-ਪ੍ਰਸਤ ਸਿਆਸਤਦਾਨਾਂ ਤੇ ਸਾਹਿਤਕਾਰਾਂ ਨੂੰ ਭੰਡਦਾ ਤੇ ਨਫ਼ਰਤ ਕਰਦਾ ਹੈ। ਉਹ ਇਨ੍ਹਾਂ ਦੇ ਕਿਰਦਾਰ ਉਤੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ:

ਥੋੜ੍ਹਾ ਥੋੜ੍ਹਾ ਵੇਚ ਕੇ ਆਪਣਾ ਦੀਨ ਇਮਾਨ।
ਹੌਲੀ ਹੌਲੀ ਕਰ ਲਿਆ ਜੀਵਨ ਦਾ ਸਮਾਨ।

- - - - -

ਨਿਰਾਲੀ ਸ਼ਾਨ ਹੈ ਇਸ ਮੁਲਕ ਦੀ ਜੋ ਹਰ ਭਲਾ ਮਾਣਸ।
ਸਵੇਰੇ ਉਠ ਕੇ ਖੁਦ ਨੂੰ ਨਗਰ ਵਿਚ ਵੇਚ ਆਉਂਦਾ ਹੈ।

ਸ਼ਾਇਰੀ ਤੇ ਸੰਗੀਤ ਦਾ ਡੂੰਘਾ ਸੰਬੰਧ ਹੈ। ਉਹੀ ਸਿਰਜਣਾਤਮਕ ਸੰਰਚਨਾ ਚਿਰ ਸਥਾਈ ਪ੍ਰਭਾਵ ਦੇ ਸਕਦੀ ਹੈ ਜਿਹੜੀ ਸੰਗੀਤਕ ਧੁਨਾਂ ਨੂੰ ਆਪਣੇ ਅੰਦਰ ਜਜ਼ਬ ਕਰਕੇ ਸ਼ਾਇਰੀ ਦੇ ਰੂਪ ਵਿਚ ਪੇਸ਼ ਕਰਦੀ ਹੋਵੇ। ਸਤੀਸ਼ ਗੁਲਾਟੀ ਵੀ ਆਪਣੀ ਸ਼ਾਇਰੀ ਵਿਚ ਸੰਗੀਤ ਨੂੰ ਪ੍ਰਮੁੱਖਤਾ ਦਿੰਦਾ ਹੈ। ਸੰਗੀਤ

ਨੂੰ ਪ੍ਰਮੁੱਖ ਰਖਦਾ ਹੋਇਆ ਉਹ ਸਗੋਂ ਗ਼ਜ਼ਲ ਦੇ ਸ਼ਿਲਪ-ਵਿਧਾਨ ਵੱਲੋਂ ਖੁੱਲ੍ਹ ਲੈਣੀ ਲੋਚਦਾ ਹੈ ਤਾਂ ਕਿ ਗ਼ਜ਼ਲ ਨੂੰ ਸੰਗੀਤਕ ਧੁਨਾਂ 'ਤੇ ਗਾਇਆ ਜਾ ਸਕੇ:

ਗੀਤ ਦੇ ਬੋਲ ਕੋਮਲ ਤੇ ਨਾਜ਼ਕ ਬੜੇ,
ਦਿਲ ਦੇ ਅੰਦਰ ਮਚਾਉਂਦੇ ਨੇ ਹਲਚਲ ਜਿਹੀ
ਬਹਿਰ ਕੀ ਹੈ, ਵਜ਼ਨ ਕੀ ਹੈ, ਮੈਂ ਨਹੀਂ ਹਾਂ ਜਾਣਦਾ।
ਬਸ ਤਰੰਨਮ ਦਾ ਸਹਾਰਾ ਲੈ ਕੇ ਕਹਿ ਲੈਨਾ ਗ਼ਜ਼ਲ।

ਹਰ ਚੇਤੰਨ ਸਾਹਿਤਕਾਰ ਆਪਣੇ ਸਮੇਂ ਦੇ ਸਮਾਜਕ ਯਥਾਰਥ ਨਾਲ ਜੁੜਿਆ ਹੁੰਦਾ ਹੈ। ਜੋ ਸੰਤਾਪ ਪਿਛਲਾ ਡੇਢ ਦਹਾਕਾ ਪੰਜਾਬ ਤੇ ਪੰਜਾਬ ਦੇ ਲੋਕਾਂ ਨੇ ਜਰਿਆ, ਉਸਦਾ ਤੀਖਣ ਪ੍ਰਭਾਵ ਹਰ ਸਿਰਜਣਾਤਮਕ ਪ੍ਰਤਿਭਾ ਨੇ ਆਪਣੇ ਪਿੰਡੇ ਉਤੇ ਹੰਢਾਇਆ ਤੇ ਦੇਖਿਆ ਹੈ। ਉਹੀ ਸੰਤਾਪ ਸਤੀਸ਼ ਗੁਲਾਟੀ ਦੀ ਰੂਹ ਨੂੰ ਵੀ ਤੜਫਾਉਂਦਾ ਨਜ਼ਰ ਆਉਂਦਾ ਹੈ :

ਇਹ ਦਹਿਸ਼ਤ ਦਾ ਹਉਆ ਇਹ ਸੋਚਾਂ ਦਾ ਪਾਲਾ,
ਕਦੋਂ ਤੀਕ ਇਨਸਾਨ ਦਿਲ 'ਤੇ ਜਰਨਗੇ,
ਜੇ ਬੇ-ਦੋਸ਼ੇ ਮਰਦੇ ਰਹੇ ਰੋਜ਼ ਏਦਾਂ,
ਤਾਂ ਕੀ ਆਹ ਭਰਨਗੇ ਕੀ ਮਾਤਮ ਕਰਨਗੇ।

ਸਤੀਸ਼ ਦੀ ਗ਼ਜ਼ਲ ਵਿਚ ਲੋਕ-ਜੀਵਨ ਧੜਕਦਾ ਹੈ, ਇਸ ਵਿਚ ਭ੍ਰਿਸ਼ਟ ਸਿਆਸਤ ਹੱਥੋਂ ਸਤਾਏ ਲੋਕਾਂ ਦੀ ਵੇਦਨਾ ਹੈ। ਜਦੋਂ ਮਨੁੱਖ ਅੰਦਰੋਂ ਮਾਨਵਤਾ ਦਾ ਮੋਹ ਟੁੱਟ ਰਿਹਾ ਹੋਵੇ ਤਾਂ ਮਨੁੱਖ ਨੂੰ ਪਿਆਰ ਦਾ ਅਹਿਸਾਸ ਕਰਵਾਉਣਾ ਕੋਈ ਸੌਖੇਰਾ ਕਾਰਜ ਨਹੀਂ। ਸਤੀਸ਼ ਵੱਲੋਂ ਇਸ ਕਠਿਨ ਅਮਲ ਵਿੱਚੋਂ ਮਨੁੱਖ ਦੀ ਬਿਹਤਰੀ ਬਾਰੇ ਸੋਚਣਾ ਤੇ ਆਸ ਰੱਖਣਾ ਖ਼ੁਸ਼ੀ ਦੀ ਗੱਲ ਹੈ। ਇਸ ਤੋਂ ਇਲਾਵਾ ਉਸ ਦੀ ਗ਼ਜ਼ਲ ਵਿਚ ਮਨੁੱਖੀ ਹੋਂਦ ਪ੍ਰਤੀ ਚੇਤੰਨਤਾ, ਨਿੱਤ ਬਦਲ ਰਹੀ ਮਨੁੱਖੀ ਮਾਨਸਿਕਤਾ, ਸਿਆਸਤ ਦੀਆਂ ਕੁੱਟਲ ਚਾਲਾਂ, ਸਮਿਆਂ ਦੀ ਚੁੱਪ ਅਤੇ ਚੁੱਪ ਦੇ ਖਿਲਾਫ਼ ਸੰਵਾਦ, ਪਿਆਰ ਤੇ ਮੁਹੱਬਤ ਦਾ ਅਹਿਸਾਸ, ਮਾਨਵੀ ਤਿੜਕ ਰਹੇ ਰਿਸ਼ਤਿਆਂ ਪ੍ਰਤੀ ਜਾਗਰੂਪਤਾ, ਵਿਰਾਸਤ ਦੀ ਸੰਭਾਲ, ਸਮਾਜਕ ਤਨਾਉ ਅਤੇ ਮਨੁੱਖੀ ਕਦਰਾਂ-ਕੀਮਤਾਂ ਉਤੇ ਪੱਛਮੀ ਸਭਿਅਤਾ ਦਾ ਪ੍ਰਭਾਵ ਆਦਿ ਦੇ ਮੁੱਦੇ ਬੜੇ ਤੀਖਣ ਅਨੁਭਵ ਤੇ ਬੁੱਧੀ ਰਾਹੀ ਪੇਸ਼ ਹੋਏ ਹਨ। ਬੇਸ਼ੱਕ ਸਤੀਸ਼ ਦੀ ਸ਼ਬਦਾਵਲੀ ਦਾ ਘੇਰਾ ਬੜਾ ਸੀਮਤ ਤੇ ਸਾਧਾਰਨ ਹੈ। ਗ਼ਜ਼ਲ ਦੀ ਤਕਨੀਕ ਪੱਖੋਂ ਕੁਝ ਘਾਟ ਤੇ ਊਣਤਾਈਆਂ ਵੀ ਨਜ਼ਰ ਆਉਂਦੀਆਂ ਹਨ। ਪਲੇਠਾ ਗ਼ਜ਼ਲ ਸੰਗ੍ਰਹਿ ਹੋਣ ਕਾਰਨ ਇਨ੍ਹਾਂ ਘਾਟਾਂ ਦਾ ਰਹਿ ਜਾਣਾ ਅਸੁਭਾਵਕ ਨਹੀਂ ਪਰ ਸਤੀਸ਼ ਨੂੰ ਇਨ੍ਹਾਂ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਹੈ। ਸਤੀਸ਼ ਨੂੰ ਉਸ ਦੇ ਸ਼ੇਅਰ ਰਾਹੀਂ ਹੀ ਚੇਤੰਨ ਕਰਦੇ ਹੋਏ ਆਪਣੀ ਗੱਲ ਸਮਾਪਤ ਕੀਤੀ ਜਾ ਸਕਦੀ ਹੈ:

ਹੌਲੀ ਹੌਲੀ ਸ਼ੇਅਰ 'ਤੇ ਹੋਊ ਪਕੜ 'ਸਤੀਸ਼',
ਕਰਦਾ ਰਹਿ ਤੂੰ ਅੱਗ 'ਚੋਂ ਲੰਘਣ ਦਾ ਅਭਿਆਸ।

[ਹਰਮਿੰਦਰ ਸਿੰਘ]

ਪ੍ਰਾਪਤ ਪੁਸਤਕਾਂ

1. **ਦੁੱਗਲ ਦੇ ਨਾਟਕ** (ਨਾਟਕ) **ਕਰਤਾਰ ਸਿੰਘ ਦੁੱਗਲ**
ਪਹਿਲੀ ਸੈਂਚੀ, ਪੰਨੇ 472, ਮੁੱਲ 350 ਰਪਏ, ਦੂਜੀ ਸੈਂਚੀ, ਪੰਨੇ 566, ਮੁੱਲ 350 ਰੁਪਏ ਨਵਯੁਗ ਪਬਲਿਸ਼ਰਜ਼ , ਹੌਜ਼ ਖਾਸ, ਨਵੀਂ ਦਿੱਲੀ
2. **ਰੁਦਨ ਬਿੱਲੀਆਂ ਦਾ** (ਕਹਾਣੀ ਸ਼ੰਗ੍ਰਹਿ) **ਗੁਲਜ਼ਾਰ ਸਿੰਘ ਸੰਧੂ**
ਪੰਨੇ 172, ਮੁੱਲ 90 ਰੁਪਏ, ਨਵਯੁਗ ਪਬਲਿਸ਼ਰਜ਼ , ਹੌਜ਼ ਖਾਸ, ਨਵੀਂ ਦਿੱਲੀ



3. **ਨਚੀਕੇਤਾ ਦੀ ਮੌਤ** (ਕਹਾਣੀ ਸੰਗ੍ਰਹਿ) **ਅਜਮੇਰ ਸਿੱਧੂ**
ਪੰਨੇ 103, ਮੁੱਲ 20 ਰੁਪਏ, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ
4. **ਬੰਜਰ** (ਕਹਾਣੀ ਸੰਗ੍ਰਹਿ) **ਜਗਰੂਪ ਸਿੰਘ ਦਾਤੇਵਾਸ ( ਸੰ. ਦਰਸ਼ਨ ਸਿੰਘ ਗੋਪਾਲਪੁਰੀ)**
ਪੰਨੇ 110, ਮੁੱਲ 100 ਰੁਪਏ, ਹਰਫ਼ ਪ੍ਰਕਾਸ਼ਨ, ਪਟਿਆਲਾ
5. **ਕਿਛੁ ਸੁਣੀਐ ਕਿਛੁ ਕਰੀਐ** (ਕਹਾਣੀ ਸੰਗ੍ਰਹਿ) **ਰਣਜੀਤ ਸਿੰਘ**
ਪੰਨੇ 112, ਮੁੱਲ 95 ਰੁਪਏ, ਆਰਸੀ ਪਬਲਿਸ਼ਰਜ਼, ਦਿੱਲੀ
6. **ਲਕੀਰ ਦੇ ਆਰ-ਪਾਰ** (ਕਹਾਣੀ ਸੰਗ੍ਰਹਿ) **ਡਾ. ਅਜੈ ਸ਼ਰਮਾ**
ਪੰਨੇ 80 , ਮੁੱਲ 50 ਰੁਪਏ, ਸਿਲਸਿਲਾ ਪ੍ਰਕਾਸ਼ਨ, ਜਲੰਧਰ
7. **ਫੈਲਦੇ ਰਿਸ਼ਤੇ** (ਕਹਾਣੀ ਸੰਗ੍ਰਹਿ) **ਐੱਸ. ਤਰਸੇਮ**
ਪੰਨੇ 104, ਮੁੱਲ 65 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
8. **ਆਪਣਾ ਆਪਣਾ ਦਰਦ** (ਕਹਾਣੀ ਸੰਗ੍ਰਹਿ) **ਸੰ. ਰਾਮਦਾਸ ਚਾਹਲ**
ਪੰਨੇ 104, ਮੁੱਲ 70 ਰੁਪਏ, ਸਿਮਰਨ ਪਬਲੀਕੇਸ਼ਨਜ਼, ਜਲੰਧਰ
9. **ਗਿਰਵੀ ਹੋਏ ਮਨ** (ਨਾਵਲ) **ਗ. ਸ. ਨਕਸ਼ਦੀਪ ਪੰਜਕੋਹਾ**
ਪੰਨੇ 139, ਮੁੱਲ 140 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
10. **ਬੇਗਾਨੇ ਪਿੰਡ ਦੀ ਜੂਹ** (ਨਾਵਲੈੱਟ ਸੰਗ੍ਰਹਿ) **ਬਲਬੀਰ ਪਰਵਾਨਾ**
ਪੰਨੇ 136, ਮੁੱਲ 20 ਰੁਪਏ, ਜ਼ਿੰਦਗੀ ਪ੍ਰਕਾਸ਼ਨ, ਚਿਨੌਰ (ਹੁਸ਼ਿਆਰਪੁਰ)
11. **ਮਨ ਪ੍ਰਦੇਸੀ** (ਵਾਰਤਕ ਸੰਗ੍ਰਹਿ) **ਤਾਰਾ ਸਿੰਘ ਹੇਅਰ**
ਪੰਨੇ 353, ਮੁੱਲ 225 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
12. **ਪਹਿਲਾ ਖ਼ਤ ਆਖ਼ਰੀ** (ਵਾਰਤਕ ਸੰਗ੍ਰਹਿ) **ਬਲਜੀਤ ਸਿੰਘ**
ਪੰਨੇ 92, ਮੁੱਲ 100 ਰੁਪਏ, ਸ਼ਾਮ ਪਬਲਿਸ਼ਿੰਗ ਹਾਊਸ, ਜਲੰਧਰ
13. **ਜ਼ਿੰਦਗੀ ਉਤਸਵ ਹੈ** (ਵਾਰਤਕ ਸੰਗ੍ਰਹਿ) **ਕਰਨੈਲ ਸਿੰਘ ਸੋਮਲ**
ਪੰਨੇ 128, ਮੁੱਲ ਪੇਪਰ ਬੈਕ 60 ਰੁਪਏ, ਹਰਸੁਮੀਤ ਪ੍ਰਕਾਸ਼ਨ, 422, ਸੈਕਟਰ 15 ਏ, ਚੰਡੀਗੜ੍ਹ
14. **ਭਖ਼ਦਾ ਪਤਾਲ** (ਕਾਵਿ-ਸੰਗ੍ਰਹਿ) **ਬਲਬੀਰ ਮਾਧੋਪੁਰੀ**
ਪੰਨੇ 72, ਮੁੱਲ 85 ਰੁਪਏ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ
15. **ਜਦ ਤੁਸੀਂ ਪਰਤੇ** (ਕਾਵਿ ਸੰਗ੍ਰਹਿ) **ਡਾ. ਸ਼ਿੰਦਰ**
ਪੰਨੇ 176, ਮੁੱਲ 255 ਰੁਪਏ, ਬੀਬਾ-ਰੁਬੂ ਪਬਲੀਕੇਸ਼ਨਜ਼ ਅਬੋਹਰ
16. **ਕਸਤੂਰੀਆਂ ਦੇ ਜੰਗਲ 'ਚ** (ਗ਼ਜ਼ਲ ਸੰਗ੍ਰਹਿ) **ਗੁਰਨਾਮ ਗਿੱਲ**
ਪੰਨੇ 80, ਮੁੱਲ 120 ਰੁਪਏ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ
17. **सुरज का तकिया** (काव्य संकलन) **रविन्द्र रवि**
पन्ने 82, मुल्य 100 रुपये, प्रतीक पब्लीकेशनज, लुधियाना
18. **शब्दों की धूप** (काव्य संकलन) **सुखविंदर कम्बोज**
पन्ने 80, मुल्य 100 रुपये, प्रतीक पब्लीकेशनज, लुधियाना
19. **ਅੱਖ ਦੇ ਬੋਲ** (ਕਾਵਿ-ਸੰਗ੍ਰਹਿ) **ਡਾ. ਮਹਿੰਦਰ ਗਿੱਲ**
ਪੰਨੇ 96, ਮੁੱਲ 100 ਰੁਪਏ, ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ
20. **ਸਿਮਟੇ ਹੋਏ ਪਲ** (ਕਾਵਿ ਸੰਗ੍ਰਹਿ) **ਭੁਪਿੰਦਰ ਸਿੰਘ ਸੱਗੂ**
ਪੰਨੇ 92, ਮੁੱਲ 80 ਰੁਪਏ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ
21. **ਮੇਰਾ ਅਨੁਵਾਦ ਨਾ ਕਰੀਂ** (ਕਾਵਿ ਸੰਗ੍ਰਹਿ) **ਦੀਪ ਮੋਦਗਿਲ**
ਪੰਨੇ 80, ਮੁੱਲ 85 ਰੁਪਏ, ਰਵੀ ਸਾਹਿਤ ਪ੍ਰਕਾਸ਼ਨ,, ਅੰਮ੍ਰਿਤਸਰ
22. **ਮੈਂ ਵਣਜਾਰਣ ਪੀੜਾਂ ਦੀ** (ਕਾਵਿ ਸੰਗ੍ਰਹਿ) **ਰਜਿੰਦਰ ਕੌਰ ਵੰਤਾ**
ਪੰਨੇ 100, ਮੁੱਲ 100 ਰੁਪਏ, ਰਘਬੀਰ ਰਚਨਾ ਪ੍ਰਕਾਸ਼ਨ ਚੰਡੀਗੜ੍ਹ
23. **ਭਟਕੇ ਹੋਏ ਵਾਵਰੋਲੇ** (ਕਾਵਿ ਤੇ ਗ਼ਜ਼ਲ ਸੰਗ੍ਰਹਿ) **ਯੁਵਰਾਜ ਸ਼ਰਮਾ**
ਪੰਨੇ 82, ਮੁੱਲ 80 ਰੁਪਏ, ਰਾਜ ਪ੍ਰਕਾਸ਼ਨ, ਨਾਭਾ
24. **ਮੇਰੀ ਕਸਕ ਤੇਰੀ ਖ਼ੁਸ਼ਬੂ** (ਗ਼ਜ਼ਲ ਸੰਗ੍ਰਹਿ) **ਕਿਰਪਾਲ ਸਿੰਘ ਪ੍ਰੇਸ਼ਾਨ**
ਪੰਨੇ 95, ਮੁੱਲ 90 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

ਪਿਆਰੇ ਰਘਬੀਰ ਸਿੰਘ ਜੀ,

'ਸਿਰਜਣਾ', 109 ਵਿਚ ਤੁਹਾਡਾ ਸੰਪਾਦਕੀ ਪੜ੍ਹ ਕੇ ਹੈਰਾਨੀ ਹੋਈ ਹੈ। ਕਹਿਣ ਵਾਲਾ ਬਹੁਤ ਕੁਝ ਹੈ ਪਰ ਸਿਰਫ ਤੁਹਾਡਾ ਧਿਆਨ ਇਕੋ ਗੱਲ ਵੱਲ ਦਿਵਾ ਰਿਹਾ ਹਾਂ। ਸਫਾ ਪੰਜ ਉਤੇ ਦੂਜੇ ਪਹਿਰੇ ਵਿਚ ਤੁਸੀਂ ਲਿਖਿਆ ਹੈ:

"ਜੇ ਸਿਖਿਆ-ਸ਼ਾਸਤਰੀਆਂ ਵੱਲੋਂ ਇਹ ਦੋ-ਟੁੱਕ ਨਿਰਣਾ ਹੋ ਜਾਵੇ ਕਿ ਬੱਚੇ ਨੂੰ ਸ਼ੁਰੂ ਵਿਚ ਸਿਰਫ ਉਸਦੀ ਮਾਤ-ਭਾਸ਼ਾ ਦੀ ਹੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਤਾਂ ਸਾਨੂੰ ਰਤਾ ਵੀ ਸੰਦੇਹ ਨਹੀਂ ਹੋਵੇਗਾ ਕਿ ਪੰਜਾਬੀ ਬੱਚੇ ਵੀ ਪੜ੍ਹਾਈ ਸਿਰਫ ਪੰਜਾਬੀ ਵਿਚ ਹੀ ਹੋਣੀ ਚਾਹੀਦੀ ਹੈ। ਪਰ ਇਸ ਤਰ੍ਹਾਂ ਦੇ ਨਿਰਣੈ ਦੀ ਅਣਹੋਂਦ ਵਿਚ ਆਪਣੀ ਮਾਤ-ਭਾਸ਼ਾ ਦੀ ਪੜ੍ਹਾਈ ਨੂੰ ਨੁਕਸਾਨ ਪਹੁੰਚਾਏ ਬਗੈਰ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਜ਼ੁਬਾਨ ਦੀ ਪੜ੍ਹਾਈ ਦਾ ਵਿਰੋਧ ਤਰਕ ਸੰਗਤ ਨਹੀਂ।..."

ਇਸ ਟਿੱਪਣੀ ਤੋਂ ਸਪਸ਼ਟ ਹੈ ਕਿ ਮੁਢਲੀ ਪ੍ਰਾਇਮਰੀ ਪੜ੍ਹਾਈ ਬਾਰੇ, ਤੁਸੀਂ ਕੁਝ ਪੜ੍ਹਿਆ ਨਹੀਂ। (ਆਪਣੇ ਇਹਨਾਂ ਸ਼ਬਦਾਂ ਲਈ ਖਿਮਾ ਚਾਹੁੰਦਾ ਹਾਂ) ਜਿਸ ਨਿਰਣੈ ਦੀ ਅਣਹੋਂਣ ਦੀ ਤੁਸੀਂ ਗੱਲ ਕੀਤੀ ਹੈ ਉਸਦੀ ਕਦੇ ਅਣਹੋਂਦ ਨਹੀਂ ਸੀ- 19ਵੀਂ ਸਦੀ ਵਿਚ ਹੀ ਸਿਖਿਆ ਸ਼ਾਸਤਰੀ ਅਜਿਹੇ ਨਿਰਣੈ ਕਰ ਚੁੱਕੇ ਸਨ। ਦੂਰ ਜਾਣ ਦੀ ਲੋੜ ਨਹੀਂ, ਸਾਡੇ ਦੇਸ਼ ਅੰਦਰ ਹੀ NCERT ਨਵੀਂ ਦਿੱਲੀ, ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਇਸ ਬਾਰੇ ਬਹੁਤ ਕੰਮ ਕਰ ਚੁੱਕੀ ਹੈ। ਇਹ ਸੰਸਥਾ ਸਾਰੇ ਸੰਸਾਰ ਦੀਆਂ ਵਿਦਿਆ-ਪ੍ਰਣਾਲੀਆਂ ਦਾ ਅਧਿਐਨ ਕਰਕੇ ਖੋਜ-ਪੱਤਰ ਤੇ ਖੋਜ-ਪੁਸਤਕਾਂ ਤਿਆਰ ਕਰਦੀ ਹੈ। 1968-77 ਤਕ ਮੈਂ ਪੰਜਾਬ ਸਕੂਲ ਬੋਰਡ ਦੀ ਪੰਜਾਬੀ ਸਲੇਬਸ ਕਮੇਟੀ ਦਾ ਮੈਂਬਰ ਹੁੰਦਿਆਂ NCERT ਦਾ ਢੇਰ ਖੋਜ-ਸਾਹਿਤ ਪੜ੍ਹਿਆ ਸੀ। ਮਾਤ-ਭਾਸ਼ਾ ਦੀ ਪੜ੍ਹਾਈ ਸੰਬੰਧੀ ਇਕ ਖੋਜ ਪੁਸਤਕ ਹੁਣ ਵੀ ਮੇਰੇ ਕੋਲ ਪਈ ਹੈ।

NCERT ਦੀਆਂ ਖੋਜਾਂ ਦੇ ਆਧਾਰ 'ਤੇ ਮੇਰੇ ਅਲਪ ਗਿਆਨ ਅਨੁਸਾਰ ਸੰਸਾਰ ਦਾ ਕੋਈ ਦੇਸ਼ ਅਜਿਹਾ ਨਹੀਂ ਜਿੱਥੇ ਪਹਿਲੀ ਸ਼੍ਰੇਣੀ ਤੋਂ ਦੋ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਹੋਣ। ਸੰਸਾਰ ਦੇ ਮੰਨੇ-ਪ੍ਰਮੰਨੇ ਸਿਖਿਆ-ਸ਼ਾਸਤਰੀਆਂ ਵਿਚੋਂ ਇਕ ਵੀ ਅਜਿਹਾ ਨਹੀਂ ਜਿਹੜੇ ਨੇ ਮਾਤ-ਭਾਸ਼ਾ ਤੋਂ ਬਿਨਾਂ ਪਹਿਲੀ ਤੋਂ ਕਿਸੇ ਦੂਜੀ ਭਾਸ਼ਾ ਪੜ੍ਹਨ ਲਈ ਰਾਏ ਦਿੱਤੀ ਹੋਵੇ। ਸੰਸਾਰ 'ਚ ਸ਼ਾਇਦ ਜਥੇਦਾਰ ਤੋਤਾ ਸਿੰਘ ਹੀ ਪਹਿਲਾ 'ਸਿੱਖਿਆ ਸ਼ਾਸਤਰੀ' ਹੈ ਜਿਸਨੇ ਇਸ 'ਨਵੀਂ ਖੋਜ' ਦੇ ਆਧਾਰ 'ਤੇ ਤੁਹਾਡੇ ਜਿਹੇ ਸੁਘੜ ਆਲੋਚਕ ਤੇ ਵਿਦਵਾਨ ਨੂੰ ਹੋਰ ਸਿਖਿਆ-ਸ਼ਾਸਤਰੀਆਂ ਦੇ 'ਦੋ-ਟੁਕ' ਫੈਸਲੇ ਦਾ ਵੀ ਪਤਾ ਨਹੀਂ ਲੱਗਣ ਦਿੱਤਾ।

ਮੈਂ ਬੇਨਤੀ ਕਰਾਂਗਾ ਕਿ, ਅੰਗਰੇਜ਼ੀ-ਪੰਜਾਬੀ ਦੀ ਸਮੱਸਿਆ ਉਕਾ ਹੀ ਕੋਈ ਵਿਦਿਅਕ-ਸਮੱਸਿਆ ਨਹੀਂ। ਪਰ ਕਮਾਲ ਦੀ ਗੱਲ ਇਹ ਹੈ ਕਿ ਇਕ ਵਜ਼ੀਰ ਨੇ ਪੰਜਾਬੀ ਦੇ ਕਹਿੰਦੇ-ਕਹਾਉਂਦੇ ਬੁੱਧੀ-ਜੀਵੀਆਂ ਨੂੰ ਮੂਰਖ ਬਣਾ ਛੱਡਿਆ ਹੈ। ਇਸ ਮਸਲੇ ਵੱਲ ਸਭ ਬੁੱਧੀਜੀਵੀਆਂ ਦਾ ਧਿਆਨ ਮੋੜ ਕੇ ਸਰਕਾਰ ਨੇ ਹੋਰ ਸਭ ਜ਼ਰੂਰੀ ਸਮੱਸਿਆਵਾਂ ਵੱਲੋਂ ਧਿਆਨ ਹਟਾਉਣ ਦੀ ਸਫਲ ਚਾਲ ਚਲੀ ਹੈ (ਜਿਸਦਾ ਮੈਨੂੰ ਵੀ ਕੁਝ ਦੇਰ ਬਾਦ ਪਤਾ ਲੱਗਿਆ)। ਤੇ ਅਸੀਂ ਏਨੇ ਭੋਲੇ ਲੋਕ ਹਾਂ ਕਿ ਬਿਨਾਂ ਕਿਸੇ ਠੋਸ ਆਧਾਰ ਤੋਂ ਅੰਗਰੇਜ਼ੀ ਦੀ ਪਹਿਲੀ ਜਮਾਤ ਤੋਂ ਪੜ੍ਹਾਈ ਦੇ ਹੱਕ ਵਿਚ ਜਾਂ ਖਿਲਾਫ ਲਿਖ ਲਿਖ ਇਕ ਦੂਜੇ ਨੂੰ ਝੂਠਾ ਸਾਬਤ ਕਰੀ ਜਾਂਦੇ ਹਾਂ।

ਪੰਜਾਬ ਦੀ ਕਿਰਸਾਣੀ ਦੇ ਘੋਰ ਸੰਕਟਾਂ ਉਤੇ ਕੁਝ ਕਹਿਣ, ਲਿਖਣ ਦੀ ਥਾਂ ਅਸੀਂ, ਸਰਕਾਰ ਦੀ ਚਾਲ ਵਿਚ ਫਸ ਕੇ ਇਕ Non-Issue ਉਤੇ ਬਹਿਸ ਕਰੀ ਜਾ ਰਹੇ ਹਾਂ। ਦੂਰ ਕਿਉਂ ਜਾਂਦੇ ਹੋ, ਸਾਡੇ ਹੀ ਦੇਸ਼ ਦੇ ਪਬਲਕਿ ਸਕੂਲਾਂ ਦਾ ਪਤਾ ਕਰ ਲਉ। ਕੀ ਕੋਈ ਪਬਲਿਕ ਸਕੂਲ ਪਹਿਲੀ ਤੋਂ ਦੋ ਭਾਸ਼ਾਵਾਂ ਪੜ੍ਹਾਉਂਦਾ ਹੈ? ਇਹ ਸਕੂਲ ਵੀ ਕੋਈ ਦੂਜੀ ਭਾਸ਼ਾ ਤੀਜੀ-ਚੌਥੀ ਜਮਾਤ ਤੋਂ ਆਰੰਭ ਕਰਦੇ ਹਨ। ਮੈਂ



ਅਜਿਹੇ ਅਨੇਕਾਂ ਸਕੂਲਾਂ ਬਾਰੇ ਨਿੱਜੀ ਤੌਰ 'ਤੇ ਜਾਣਦਾ ਹਾਂ। ਜੇ ਕੋਈ ਪਹਿਲੀ ਤੋਂ ਦੋ ਭਾਸ਼ਾਵਾਂ ਪੜ੍ਹਾਉਣ ਵਾਲਾ ਪਬਲਿਕ ਸਕੂਲ ਲੱਭੇ ਤਾਂ ਇਹ ਸਭ ਦੇ ਗਿਆਨ 'ਚ ਵਾਧਾ ਹੋਏਗਾ।

ਤੁਸੀਂ ਏਨੀ ਸਾਧਾਰਨ ਗੱਲ ਉਤੇ ਵੀ ਗਹਿਰਾਈ ਨਾਲ ਨਹੀਂ ਸੋਚਿਆ ਕਿ ਮਾਤ-ਭਾਸ਼ਾ ਦੀ ਪੜ੍ਹਾਈ ਦਾ ਨੁਕਸਾਨ ਕੀਤੇ ਬਿਨਾਂ ਅੰਗਰੇਜ਼ੀ ਕਿਵੇਂ ਪੜ੍ਹਾਈ ਜਾ ਸਕੇਗੀ ? ਕੀ ਇਹ ਕਿਵੇਂ ਵੀ ਸੰਭਵ ਹੈ ? 52 ਅੱਖਰ ਅੰਗਰੇਜ਼ੀ ਦੇ ਹਨ। ਉਹਨਾਂ ਨੂੰ ਲਿਖਣ ਤੇ ਪੜ੍ਹਨ ਦੇ ਅਭਿਆਸ ਉਤੇ ਇਕ 6-5 ਸਾਲ ਦਾ ਬੱਚਾ ਕਿੰਨਾ ਸਮਾਂ ਲਾਏਗਾ- ਇਹ ਹਿਸਾਬ ਤਾਂ ਕੋਈ ਔਖਾ ਨਹੀਂ। ਤੇ ਇਹ ਸਮਾਂ ਬਰਾਬਾਦ ਕਰਕੇ ਪੰਜਾਬੀ ਦਾ ਕੋਈ ਲਾਭ ਹੋਏਗਾ ?

ਗੁਰਦਿਆਲ ਸਿੰਘ [ਜੈਤੋਂ]

ਪੰਜਾਬੀ ਦੇ ਨਾਲ ਨਾਲ, ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹਾਉਣ ਦਾ ਮਸਲਾ ਕਾਫੀ ਸਮੇਂ ਤੋਂ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸਿਰਜਣਾ - 109 ਦੀ ਸੰਪਾਦਕੀ "ਪੰਜਾਬੀ ਦਾ ਵਿਕਾਸ ਬਨਾਮ ਅੰਗਰੇਜ਼ੀ ਦੀ ਪੜ੍ਹਾਈ-2" ਬਹੁਤ ਢੁਕਵਾਂ ਤੇ ਤਰਕਸੰਗਤ ਹੈ। ਮੈਂ ਜਿੰਨੇ ਵੀ ਲੇਖ ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕਰਨ ਦੇ ਵਿਰੋਧ ਬਾਰੇ ਪੜ੍ਹੇ ਹਨ, ਉਹਨਾਂ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਹੱਥ ਖੜ੍ਹੇ ਕਰਕੇ ਦੱਸਣ ਕਿ ਉਹਨਾਂ ਦੇ ਬੱਚੇ ਕਿਸ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੰਜਾਬੀ ਦੀ ਪੜ੍ਹਾਈ ਕਰ ਰਹੇ ਹਨ। ਪਰ ਸੱਚ ਤਾਂ ਇਹ ਹੈ ਕਿ ਪੰਜਾਬੀ ਭਾਸ਼ਾ ਦੇ ਹਿਤੈਸ਼ੀਆਂ, ਲੇਖਕਾਂ ਅਤੇ ਬੁੱਧੀਜੀਵੀਆਂ ਦੇ ਬੱਚੇ ਪਹਿਲਾਂ ਹੀ ਅਖੌਤੀ ਪਬਲਿਕ ਅਤੇ ਕਾਨਵੈਂਟ ਸਕੂਲਾਂ ਵਿਚ ਪਹਿਲੇ ਸਾਲ ਤੋਂ ਹੀ ਅੰਗਰੇਜ਼ੀ ਦੀ ਪੜ੍ਹਾਈ ਕਰ ਰਹੇ ਹਨ। ਉਹ ਸੱਜਣ ਕਿਉਂ ਨਹੀਂ ਅੰਗਰੇਜ਼ੀ ਸਕੂਲਾਂ ਵਿਚੋਂ ਆਪਣੇ ਬੱਚੇ ਹਟਾ ਕੇ, ਪੰਜਾਬੀ ਭਾਸ਼ਾ ਦੀ ਉਨਤੀ ਤੇ ਵਿਕਾਸ ਲਈ, ਪੰਜਾਬੀ ਸਕੂਲਾਂ ਵਿਚ ਦਾਖਲ ਕਰਵਾ ਦਿੰਦੇ ? ਇਸ ਤਰ੍ਹਾਂ ਲਗਦਾ ਹੈ ਜਿਵੇਂ ਪਬਲਿਕ ਤੇ ਕਾਨਵੈਂਟ ਸਕੂਲਾਂ ਵਿਚ ਪੜ੍ਹ ਰਹੇ ਬੱਚਿਆਂ ਦੇ ਮਾਪੇ, ਗਰੀਬ ਲੋਕਾਂ ਦੇ ਬੱਚਿਆਂ ਨੂੰ, ਆਪਣੇ ਬੱਚਿਆਂ ਵਰਗੀ ਪੜ੍ਹਾਈ ਕਰਵਾਉਣ ਦੇ ਹੱਕ ਵਿਚ ਨਹੀਂ ਹਨ। ਉਹ ਨਹੀਂ ਚਾਹੁੰਦੇ ਕਿ ਗਰੀਬ ਬੱਚੇ ਉਹਨਾਂ ਦੇ ਬੱਚਿਆਂ ਦੀ ਬਰਾਬਰੀ ਕਰਨ। ਉਹਨਾਂ 'ਤੇ ਸਰਮਾਏਦਾਰੀ ਸੋਚ ਭਾਰੂ ਹੈ। ਜੇ ਲੇਖਕਾਂ, ਬੁੱਧੀਜੀਵੀਆਂ, ਅਫਸਰਾਂ ਅਤੇ ਮੰਤਰੀਆਂ ਦੇ ਬੱਚਿਆਂ ਦੇ ਅੰਗਰੇਜ਼ੀ ਪੜ੍ਹਨ ਨਾਲ ਪੰਜਾਬੀ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਤਾਂ ਗਰੀਬ ਲੋਕਾਂ ਦੇ ਬੱਚਿਆਂ ਦੇ ਅੰਗਰੇਜ਼ੀ ਪੜ੍ਹਨ ਨਾਲ ਕਿਉਂ ਨੁਕਸਾਨ ਪੁੱਜਦਾ ਹੈ। ਪੰਜਾਬੀ ਭਾਸ਼ਾ ਦਾ ਵਿਕਾਸ ਕਿਉਂ ਖਤਰੇ ਵਿਚ ਪੈ ਜਾਂਦਾ ਹੈ।

ਇਕ ਦੂਸਰੇ ਮੁਲਕ ਨਾਲ ਜੁੜਨ ਲਈ ਉਥੋਂ ਦੀ ਭਾਸ਼ਾ ਇਕ ਮਧਿਅਮ ਹੈ ਤੇ ਇਹ ਵਿਦੇਸ਼ੀਆਂ ਲਈ ਜ਼ਰੂਰੀ ਹੈ। ਦਿਨੋ ਦਿਨ ਸੁੰਗੜਦੀ ਜਾ ਰਹੀ ਦੁਨੀਆਂ ਵਿਚ ਵਿਚਰਨ ਲਈ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਹੈ।

ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਈ ਲਈ ਲੋੜੀਂਦੇ ਪ੍ਰਬੰਧ ਅਤੇ ਸੁਚੱਜਾ ਚੱਜ-ਵਿਹਾਰ ਮੁਹੱਈਆ ਕਰਾਉਣ ਲਈ ਹੰਭਲਾ ਮਾਰਿਆ ਜਾਏ। ਬੱਚਿਆਂ ਦੇ ਮਾਨਸਿਕ ਵਿਕਾਸ ਲਈ ਉਪਰਾਲੇ ਕੀਤੇ ਜਾਣ। ਬਸਤਿਆਂ ਦੇ ਬੋਝ ਨੂੰ ਘਟਾਇਆ ਜਾਏ। ਪਬਲਿਕ ਸਕੂਲਾਂ ਵਰਗੀਆਂ ਸਹੂਲਤਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਲਾਗੂ ਕਰਵਾਈਆਂ ਜਾਣ। ਪੜ੍ਹਾਈ ਦਾ ਪੱਧਰ ਉਚਾ ਚੁੱਕਿਆ ਜਾਵੇ। ਤਾਂਕਿ ਪਿੰਡਾਂ ਦੇ ਬੱਚੇ ਸ਼ਹਿਰੀ ਬੱਚਿਆਂ ਦਾ ਮੁਕਾਬਲਾ ਕਰ ਸਕਣ। ਸਮੇਂ ਦੀ ਲੋੜ ਹੈ ਅੰਗਰੇਜ਼ੀ ਦੀ ਪੜ੍ਹਾਈ ਕਰਵਾਉਣੀ ਨਾ ਕਿ ਅੰਗਰੇਜ਼ੀ ਦੀ ਪੜ੍ਹਾਈ ਦਾ ਵਿਰੋਧ ਕਰਨਾ।

ਰਘਬੀਰ ਸਿੰਘ ਮਾਨ [ਮਾਨਾ ਵਾਲੀ, ਫਗਵਾੜਾ]

ਸਿਰਜਣਾ -109 ਵਿਚ 'ਗੁਰਬਤ ਦੇ ਪੰਜ ਗੀਤ', ਮਦਨ ਵੀਰਾ ਨੇ ਬਹੁਤ ਖੂਬਸੂਰਤ ਅੰਦਾਜ਼

ਵਿਚ ਲਿਖੇ ਹਨ। ਬਹੁਤ ਹੀ ਪ੍ਰਭਾਵਸ਼ਾਲੀ ਹਨ ਇਹ ਗੀਤ। ਨਿਬੰਧ- 'ਪੰਜਾਬੀ ਕਹਾਣੀ' ਨੇ ਪੰਜਾਬੀ ਕਹਾਣੀ ਦੀ ਟੋਰ, ਇਸਦੇ ਵਿਕਾਸ ਅਤੇ ਤਬਦੀਲੀ ਦੇ ਪੜਾਵਾਂ ਬਾਰੇ ਚੰਗੀ ਜਾਣਕਾਰੀ ਦਿੱਤੀ ਹੈ। ਨਿਬੰਧ ਦੇ ਮੁੱਢ ਵਿਚ ਲਿਖਿਆ ਹੈ: ਇਕ ਆਧੁਨਿਕ ਸਾਹਿਤ-ਰੂਪ ਵਜੋਂ ਨਿੱਕੀ ਕਹਾਣੀ ਦਾ ਕੋਈ ਸ਼ਾਸਤਰ ਮੌਜੂਦ ਨਹੀਂ। ਸਾਡੇ ਕੋਲ ਕਹਾਣੀ ਦੀ ਰਚਨਾ ਕਰਨ ਵਾਲੇ ਲੇਖਕ ਅਤੇ ਇਸ ਉਪਰ ਤਨਕੀਦ ਕਰਨ ਵਾਲੇ ਆਲੋਚਕ ਮੌਜੂਦ ਹੋਣ ਦੇ ਬਾਵਜੂਦ ਇਸ ਸਾਹਿਤਕ ਵਿਧਾ ਦੇ ਲੱਛਣਾਂ ਤੇ ਵਿਸ਼ੇਸ਼ਤਾਵਾਂ ਬਾਰੇ, ਇਸਦੇ ਵਿਕਾਸ ਨਿਕਾਸ ਬਾਰੇ ਲੋੜੀਂਦੀ ਮਾਤਰਾ ਵਿਚ ਗੌਲਣਯੋਗ ਤੇ ਪ੍ਰਮਾਣਿਕ ਸਮੱਗਰੀ ਪ੍ਰਾਪਤ ਨਹੀਂ। ਨਿੱਕੀ ਕਹਾਣੀ ਕਿਵੇਂ ਇਕ ਨਿਵੇਕਲਾ ਤੇ ਆਧੁਨਿਕ ਸਾਹਿਤ ਰੂਪ ਹੈ-ਇਸ ਦੀ ਵਸਤੂ-ਸਮੱਗਰੀ, ਇਸਦੀ ਰਚਨਾ-ਦ੍ਰਿਸ਼ਟੀ ਅਤੇ ਇਸ ਦੀਆਂ ਰੂਪਕ ਵਿਸ਼ੇਸ਼ਤਾਵਾਂ ਨੂੰ ਲੈ ਕੇ ਕੁਝ ਚਰਚਾ ਤਾਂ ਹੁੰਦੀ ਰਹੀ ਹੈ। ਪਰ ਇਹ ਚਰਚਾ ਇਸ ਪੱਧਰ ਤਕ ਗੰਭੀਰਤਾ ਅਤੇ ਡੂੰਘਾਈ ਗ੍ਰਹਿਣ ਨਹੀਂ ਕਰ ਸਕੀ ਕਿ ਉਸ ਵਿਚੋਂ ਆਧੁਨਿਕ ਕਹਾਣੀ ਦਾ ਇਕ ਸੁਨਿਸਚਿਤ ਸ਼ਾਸਤਰ ਉਸਾਰਿਆ ਜਾ ਸਕੇ।' ਇਹ ਨੁਕਤੇ ਪ੍ਰਸ਼ਨ ਦਾ ਰੂਪ ਧਾਰ ਲੈਂਦੇ ਹਨ। ਬਹੁਤ ਖ਼ੁਸ਼ੀ ਹੋਵੇਗੀ ਜਦੋਂ ਇਹਨਾਂ ਪ੍ਰਸ਼ਨਾਂ ਦਾ ਹੱਲ ਲੱਭ ਲਿਆ ਗਿਆ। ਕਿਉਂਕਿ ਬਹੁਤ ਸਾਰੇ ਵਿਦਵਾਨ ਲੇਖਕ, ਆਲੋਚਕ ਇਹਨਾਂ ਪ੍ਰਸ਼ਨਾਂ ਨੂੰ ਹੱਲ ਕਰਨ ਲਈ ਮਿਹਨਤ ਕਰ ਰਹੇ ਹਨ। ਇਥੋਂ ਯਕੀਨ ਹੁੰਦਾ ਹੈ ਕਿ ਪੰਜਾਬੀ ਕਹਾਣੀ ਪ੍ਰਤੀ ਪੰਜਾਬ ਅੰਦਰ ਕਾਫੀ ਕਾਰਜ ਹੋ ਰਿਹਾ ਹੈ। ਅਜਿਹੇ ਨਿਬੰਧ ਨਵੇਂ ਲੇਖਕਾਂ ਲਈ ਸਹੀ ਸੇਧ ਹਨ। ਉਹਨਾਂ ਨੂੰ ਪਤਾ ਲਗਦਾ ਹੈ ਕਿ ਕਹਾਣੀ ਦੇ ਖੇਤਰ ਵਿਚ ਕਿੰਨਾ ਕੰਮ ਹੋਇਆ ਹੈ ਤੇ ਹੋ ਰਿਹਾ ਹੈ। ਹੋਰ ਵੀ ਅਜਿਹੇ ਨਿਬੰਧ ਛਾਪਦੇ ਰਹਿਣਾ। ਕਹਾਣੀ ਦੇ ਕਹਾਣੀ-ਰਸ ਬਾਰੇ ਵੀ ਲਿਖਣਾ ਬਣਦਾ ਹੈ। ਕਿਉਂਕਿ ਅੱਜਕੱਲ ਜੋ ਕਹਾਣੀ ਪੜ੍ਹ ਰਹੇ ਹਾਂ ਉਸ ਵਿਚ ਕਹਾਣੀ-ਰਸ ਦੀ ਘਾਟ ਮਹਿਸੂਸ ਹੋ ਰਹੀ ਹੈ।

ਜਸਵੀਰ ਕਲਸੀ [ਧਰਮਕੋਟ]

ਸਿਰਜਣਾ -109 ਸੁੰਦਰ ਛਪਿਆ ਹੈ। ਪੰਜਾਬੀ ਕਹਾਣੀ ਬਾਰੇ ਤੁਹਾਡਾ ਨਿਬੰਧ ਇਸ ਅੰਕ ਦਾ ਹਾਸਲ ਹੈ। ਸੁਰਿੰਦਰ ਗਿੱਲ ਨੇ ਭਾਵੇਂ ਇਸ ਅੰਕ ਵਿਚ ਸਫਲ ਕਵਿਤਾਵਾਂ ਰਚਣ ਦਾ ਪ੍ਰਮਾਣ ਦਿੱਤਾ ਹੈ ਪਰੰਤੂ ਕੁਝ ਸ਼ਬਦ ਗਲਤ ਵੀ ਵਰਤੇ ਹਨ। ਜਿਵੇਂ ਪਹਿਲੀ ਕਵਿਤਾ ਦੀ ਦੂਜੀ ਪੰਗਤੀ ਵਿਚ ਸ਼ਬਦ 'ਚੁਗ' ਹੈ। ਵਾ ਕਦੇ ਵੀ ਪੱਤੇ ਨਹੀਂ ਚੁਗਦੀ। ਵਾ ਜਾਂ ਤਾਂ ਪੱਤੇ ਝਾੜਦੀ ਹੈ ਜਾਂ ਬਖੇਰਦੀ ਹੈ। ਹਾਂ ਕੁਝ ਗਰੀਬ ਲੋਕ ਸੜਕਾਂ ਉਤੇ ਪੱਤੇ ਚੁਗਦੇ ਵੇਖੇ ਜਾ ਸਕਦੇ ਹਨ ਜਿਹੜੇ ਕਿ ਉਹ ਬਾਲਣ ਵਾਸਤੇ ਵਰਤਦੇ ਹਨ। ਪਿਛਲੇ ਸਮਿਆਂ ਵਿਚ ਆਮ ਤੌਰ 'ਤੇ ਭੱਠੀ ਉਤੇ ਦਾਣੇ ਭੁੰਨਣ ਵਾਲੇ ਲੋਕ ਸੜਕਾਂ ਉਤੇ ਪੱਤੇ ਇਕੱਠੇ ਕਰਿਆ ਕਰਦੇ ਸਨ। ਉਸ ਦੀ ਦੂਜੀ ਕਵਿਤਾ ਖ਼ੂਬਸੂਰਤ ਹੈ। ਤੀਜੀ ਕਵਿਤਾ- 'ਤੁਰਨ ਵੇਲੇ' ਵਿਚ ਪੇਸ਼ ਕੀਤਾ ਅਨੁਭਵ ਬੜਾ ਸਰਲ ਅਤੇ ਸਾਧਾਰਣ ਹੈ। ਜਿਵੇਂ ਮੇਰੀ ਇਕ ਹੀ ਭੈਣ ਹੈ ਜੋ ਮੈਥੋਂ ਵੱਡੀ ਹੈ ਅਤੇ ਮੇਰੇ ਇੰਗਲੈਂਡ ਆਉਣ ਤੋਂ ਪਹਿਲਾਂ ਹੀ ਸ਼ਾਦੀਸ਼ੁਦਾ ਸੀ। ਮੇਰੇ ਪਿਤਾ ਜੀ ਮੇਰੇ ਇੰਗਲੈਂਡ ਆਉਣ ਦੇ ਖਿਲਾਫ ਸਨ ਪਰੰਤੂ ਮੈਨੂੰ ਬਾਹਰ ਆਉਣ ਦਾ ਖ਼ਬਤ ਸੀ। ਇਹ ਮਧ ਵਰਗੀ ਕਿਸਾਨੀ ਦਾ ਸੁਭਾਅ ਹੈ ਕਿ ਉਹ ਉਚ-ਵਰਗੀ ਕਿਸਾਨੀ ਦਾ ਸੁਭਾਅ ਹੈ ਕਿ ਉਹ ਉਚ-ਵਰਗੀ ਕਿਸਾਨੀ ਵਿਚ ਸ਼ਾਮਲ ਹੋਣ ਲਈ ਕਾਹਲੀ ਰਹਿੰਦੀ ਹੈ। ਸ਼ਾਇਦ ਮੇਰਾ ਅਤੇ ਨਿਰੰਜਨ ਸਿੰਘ ਨੂਰ ਦਾ ਇੰਗਲੈਂਡ ਆਉਣ ਦਾ ਸਭ ਤੋਂ ਵੱਡਾ ਕਾਰਨ ਇਹ ਹੀ ਸੀ। ਉਂਝ ਇਹ ਕਵਿਤਾ ਸ਼ਿਲਪ ਪੱਖੋਂ ਸੁੰਦਰ ਹੈ। ਮਦਨ ਵੀਰਾ ਦੇ ਗੀਤ ਪਸੰਦ ਆਏ ਹਨ। ਹੋਰ ਵੀ ਕੁਝ ਕਵਿਤਾਵਾਂ ਜਚੀਆਂ ਹਨ।

ਗੁਰਨਾਮ ਢਿਲੋਂ [ਪੋਰਟਸਮਥ, ਇੰਗਲੈਂਡ]

'ਸਿਰਜਣਾ' -109 ਦਿੱਖ ਪੱਖੋਂ ਜ਼ਿਆਦਾ ਆਕਰਸ਼ਕ ਲੱਗਿਆ। ਅੰਦਰਲਾ ਮੈਟਰ ਵੀ ਨਿੱਗਰ ਹੈ। ਰੀਵੀਊ, ਕਵਿਤਾ ਅਤੇ ਕਹਾਣੀ ਸੰਬੰਧੀ ਲੇਖ ਵੀ ਉਚ ਪਾਏ ਦੇ ਹਨ। ਸੰਪਾਦਕੀ ਵੀ ਸਨਸਨੀਖੇਜ਼ ਹੈ। ਕਹਾਣੀ 'ਇਕ ਕਵਿਤਾ ਦਾ ਜਨਮ' ਲੇਖਕ ਦੇ ਅਨੁਭਵ ਦੀ ਵਿਸ਼ਾਲਤਾ ਦੀ ਸੂਚਕ ਹੈ। 'ਇਕ ਜਿਸਮ ਦੋ ਜਾਮੇ' ਦਾ ਅੰਤਲਾ ਸਫਾ ਖਾਸ ਕਰਕੇ ਮਨ ਨੂੰ ਧੂਹ ਪਾਉਂਦਾ ਹੈ। 'ਅੰਗਰੇਜ਼ੀ ਸਬਕ' ਦਾ



ਤਰਜਮਾ ਸ਼ਾਇਦ ਠੀਕ ਨਹੀਂ ਕੀਤਾ ਗਿਆ। ਜਸਵਿੰਦਰ ਹੁਣ ਗ਼ਜ਼ਲ ਦਾ ਸਥਾਪਤ ਹਸਤਾਖਰ ਬਣ ਗਿਆ ਹੈ। ਆਮ ਜੀਵਨ ਨਾਲ ਗ਼ਜ਼ਲ ਨੂੰ ਜੋੜਨਾ ਉਸਦੀ ਖਾਸ ਵਿਸ਼ੇਸ਼ਤਾ ਹੈ..... 'ਨਰਜੰਣ ਮਸ਼ਾਲਚੀ' ਦੀ ਏਨੀ ਵਾਹਵਾ ਚਰਚਾ ਹੋ ਗਈ ਹੈ ਕਿ ਅਗਲਾ ਨਾਵਲ ਛਪਵਾਉਣ ਨੂੰ ਹਾਲੇ ਦਿਲ ਨਹੀਂ ਕਰਦਾ। ਡਰ ਲਗਦਾ ਹੈ ਕਿ ਕਿਤੇ ਉਹ ਇਸ ਤੋਂ ਥੱਲੇ ਨਾ ਰਹਿ ਜਾਵੇ।

ਅਵਤਾਰ ਸਿੰਘ ਬਿਲਿੰਗ [ਸੇਹ, ਜ਼ਿਲਾ ਲੁਧਿਆਣਾ]

'ਸਿਰਜਣਾ' -109 ਵਿਚ ਕਹਾਣੀ "ਇਕ ਜਿਸਮ ਦੋ ਜਾਮੇ" ਦਿਲ ਦੀਆਂ ਗਹਿਰਾਈਆਂ ਨੂੰ ਟੁੰਬ ਗਈ। ਕਹਾਣੀ ਦੇ ਸਿਰਲੇਖ ਤੋਂ ਤਾਂ ਜਾਪਿਆ ਸੀ ਕਿ ਸ਼ਾਇਦ ਕਾਮੁਕ ਸੰਬੰਧਾਂ ਦਾ ਹੀ ਜ਼ਿਕਰ-ਜ਼ਕਾਰ ਹੋਵੇਗਾ। ਪਰ ਅਜਿਹਾ ਕੁਝ ਵੀ ਨਹੀਂ ਸੀ। ਕਹਾਣੀ ਆਰੰਭ ਤੋਂ ਅੰਤ ਤਕ ਮਨਮੋਹਕ ਸੀ। ਇਸ ਦਾ ਵਿਸ਼ਾ ਭਾਵੇਂ 1947 ਦੀ ਵੰਡ ਦੀ ਤ੍ਰਾਸਦੀ ਨੂੰ ਅਭਿਵਿਅਕਤ ਕਰਨਾ ਹੀ ਹੈ ਪਰ ਇਹ ਦ੍ਰਿੜਾਉਂਦੀ ਹੈ ਕਿ ਧਾਰਮਿਕ ਸੰਸਕਾਰ, ਮਨੁੱਖ ਦੀ ਰੂਹ ਅਤੇ ਮੁਢਲੇ ਵਿਰਸੇ ਨੂੰ ਵਿਸਾਰਨ ਵਿਚ ਬਹੁਤੀ ਦੇਰ ਤੱਕ ਸਹਾਈ ਨਹੀਂ ਹੋ ਸਕਦੇ।

ਜਿਵੇਂ ਭੇਡਾਂ ਨੂੰ ਸ਼ੇਰਾਂ ਵਿੱਚ ਰੱਖਕੇ ਸ਼ੇਰ ਅਤੇ ਸ਼ੇਰਾਂ ਨੂੰ ਭੇਡਾਂ ਵਿਚ ਰੱਖ ਕੇ ਭੇਡਾਂ ਨਹੀਂ ਬਣਾਇਆ ਜਾ ਸਕਦਾ ਭਾਵੇਂ ਕਿ ਉਹਨਾਂ ਦੀ ਹੋਂਦ ਨੂੰ ਉਹਨਾਂ ਅੰਦਰੋਂ ਕੁਝ ਚਿਰ ਲਈ ਭੁਲਾਇਆ ਜਾ ਸਕਦਾ। ਉਹ ਵੀ ਉਹਨਾਂ ਨੂੰ ਉਹਨਾਂ ਦੇ ਮੁਢਲੇ ਗੁਆਚੇ ਵਿਰਸੇ ਨਾਲ ਜੁੜਨ ਤੋਂ ਪਹਿਲਾਂ ਤਕ ਇਸੇ ਤਰ੍ਹਾਂ ਕਹਾਣੀ ਵਿਚਲੀ ਪਾਤਰ ਨੂਰਾਂ ਵਕਤ ਦੀ ਬੇ-ਰਹਿਮ ਚੱਕੀ ਵਿਚ ਪਿਸਕੇ ਨੂਰਾਂ ਤੋਂ ਚੰਨ ਕੌਰ ਦਾ ਦਿਲਚਸਪ ਸਫਰ ਤੈ ਕਰਦੀ ਹੈ ਪਰ ਆਪਣੀ ਉਮਰ ਦੇ ਅਖੀਰਲੇ ਦਹਾਕੇ ਵਿਚ ਆਪਣੇ ਪਿੰਡ ਦੇ ਵਿਰਸੇ ਨਾਲ ਜੁੜ ਕੇ ਮਾਨਸਿਕ ਅਤੇ ਆਤਮਿਕ ਤੌਰ 'ਤੇ ਅਜਗਰ ਵਾਂਗ ਚੰਨ ਕੌਰ ਦੀ ਕੁੰਜ ਨੂੰ ਲਾਹ ਕੇ ਨੂਰਾਂ ਵਿਚ ਬਦਲ ਜਾਂਦੀ ਹੈ। ਕਹਾਣੀ ਪੜ੍ਹਨ ਅਤੇ ਜਾਚਣ ਉਪਰੰਤ, ਸਮਝਣ ਯੋਗ ਹੈ।

ਬਲਰਾਮ ਸ਼ਰਮਾ [ਖੰਨਾ]

'ਸਿਰਜਣਾ' -109 ਦੀ ਸੰਪਾਦਕੀ ਵਿਚ ਅੰਗਰੇਜ਼ੀ ਨੂੰ ਪਹਿਲੀ ਜਮਾਤ ਤੋਂ ਸਰਕਾਰੀ ਸਕੂਲਾਂ ਵਿਚ ਪੜ੍ਹਾਏ ਜਾਣ ਸੰਬੰਧੀ ਪੇਸ਼ ਦਲੀਲਾਂ ਨੂੰ ਕਿਸੇ ਤਰ੍ਹਾਂ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਅੱਜ, ਅੰਗਰੇਜ਼ੀ ਇਕ ਅੰਤਰ-ਰਾਸ਼ਟਰੀ ਸੰਪਰਕ ਭਾਸ਼ਾ ਹੈ ਅਤੇ ਗਿਆਨ, ਵਿਗਿਆਨ, ਤਕਨਾਲੋਜੀ ਦੇ ਪ੍ਰਸੰਗ ਵਿਚ ਅਤਿ ਮਹੱਤਵਯੋਗ ਮਾਧਿਅਮ ਹੈ, ਜੋ ਬਹੁਤ ਹੀ ਲਾਭਕਾਰੀ ਹੈ। ਪਤਾ ਨਹੀਂ ਅੰਗਰੇਜ਼ੀ ਪ੍ਰਤਿ ਅਸੀਂ ਇੰਨੇ ਉਲਾਰ ਅਤੇ ਵਿਰੋਧੀ ਕਿਉਂ ਹਾਂ ! ਦੂਜੀ ਵੱਡੀ ਹਕੀਕਤ ਇਹ ਵੀ ਹੈ ਕਿ ਅੰਗਰੇਜ਼ੀ ਭਾਸ਼ਾ ਵਿਗਿਆਨਕ ਦ੍ਰਿਸ਼ਟੀਕੋਣ ਦੇ ਵਧੇਰੇ ਨੇੜੇ ਹੈ ਜਦ ਕਿ ਸੰਸਕ੍ਰਿਤ ਭਾਸ਼ਾ ਅੰਧ-ਵਿਸ਼ਵਾਸਾਂ ਦਾ ਵਾਹਨ ਹੈ ਜਿਸ ਦੀ ਪੜ੍ਹਾਈ ਦੀ ਵਕਾਲਤ ਅਤੇ ਚਰਚਾ ਇਕ ਪ੍ਰੋਹਤਵਾਦੀ ਦਲ ਕਰ ਰਿਹਾ ਹੈ। ਅਜਿਹੀ ਚਾਲ ਤੋਂ ਵਧੇਰੇ ਖ਼ਬਰਦਾਰ ਰਹਿਣ ਦੀ ਲੋੜ ਹੈ- ਇਸ ਦਾ ਵਿਰੋਧ ਜ਼ਰੂਰੀ ਹੈ ਨਾ ਕਿ ਅੰਗਰੇਜ਼ੀ ਦਾ, ਜੋ ਸਾਡੀ ਮਾਤ-ਭਾਸ਼ਾ ਨੂੰ ਨੁਕਸਾਨ ਪਹੁੰਚਾਏ ਬਗੈਰ ਪੜ੍ਹਾਈ ਜਾਣੀ ਤੈਅ ਹੈ।

ਇਸ ਅੰਕ ਦੀਆਂ ਕਵਿਤਾਵਾਂ ਬਹੁਤ ਪ੍ਰਭਾਵੀ ਹਨ, ਪਰ ਮਦਨ ਵੀਰਾ ਦੇ 'ਗੁਰਬਤ ਦੇ ਗੀਤ' ਤਾਂ ਜ਼ਿੰਦਗੀ ਦੇ ਸਮਕਾਲੀ ਯਥਾਰਥ ਨਾਲ ਓਤਪੋਤ ਹਨ। ਵਿਲੱਖਣਤਾ ਇਹ ਹੈ ਕਿ ਇਹ ਗੀਤ ਘੋਰ ਗਰੀਬੀ ਹੰਢਾ ਰਹੇ ਵਰਗ, ਜਿਸ ਨੂੰ ਭਾਰਤੀ ਸਮਾਜ ਦੇ ਸਿਰਜਣਹਾਰਾਂ ਵੱਲੋਂ ਅਜੇ ਮਨੁੱਖ ਹੀ ਸਵੀਕਾਰ ਨਹੀਂ ਕੀਤਾ ਗਿਆ, ਦੀਆਂ ਬਾਤਾਂ ਪਾਉਂਦੇ ਹਨ। ਭਾਵ ਇਹ ਵਰਗ ਅਜੇ ਵੀ ਹੱਕ-ਵਿਹੂਣਾ ਅਤੇ ਸਮਾਜਕ ਵਿਤਕਰੇ ਦਾ ਸ਼ਿਕਾਰ ਹੈ। ਇਹੋ ਜਿਹੀਆਂ ਸਮੱਸਿਆਵਾਂ ਨੂੰ ਉਭਾਰ ਕੇ ਸਮਾਜ ਦੇ ਸਨਮੁਖ ਕਰਨਾ ਚੇਤਨ ਲੇਖਕ ਅਤੇ ਸੁਹਿਰਦ ਸੰਪਾਦਕ ਦਾ ਸਾਹਿਤਕ ਕਾਰਜ ਸਲਾਹੁਣਯੋਗ ਹੈ।

ਬਲਬੀਰ ਮਾਧੋਪੁਰੀ [ਨਵੀਂ ਦਿੱਲੀ]

ਜੋਗਿੰਦਰ ਸਿੰਘ ਸਿੱਧੂ 'ਸਿਰਜਣਾ' ਦੇ ਸੰਪਾਦਕ ਦਾ ਅਜ਼ੀਜ਼ ਹੈ ਅਤੇ ਬਹੁਤ ਲੰਮੇ ਸਮੇਂ ਤੋਂ ਉਸ ਨਾਲ ਪਰਿਵਾਰਕ ਤੌਰ 'ਤੇ ਜੁੜਿਆ ਹੋਇਆ ਹੈ। ਅਮਰੀਕਾ ਦੇ ਸ਼ਹਿਰ ਲਾਸ ਏਂਜਲਜ਼ ਵਿਚ ਰਹਿੰਦਾ ਹੋਇਆ ਇਹ ਨੌਜੁਆਨ ਇਲਕੈਟ੍ਰਾਨਿਕਸ ਦੀ ਇਕ ਫਰਮ ਦਾ ਸੰਚਾਲਕ ਹੈ। ਇਸ ਖੇਤਰ ਵਿਚ ਨਿਰੰਤਰ ਖੋਜ ਕਰਨ ਅਤੇ ਮਾਰਕੀਟਿੰਗ ਦੀ ਪੱਧਰ 'ਤੇ ਕਈ ਤਰ੍ਹਾਂ ਦੀਆਂ ਨਵੀਆਂ ਲੱਭਤਾਂ ਕਰਨ ਕਰਕੇ ਉਹ ਕਾਫ਼ੀ ਜਾਣਿਆ ਜਾਂਦਾ ਹੈ। ਡੇਢ ਕੁ ਦਹਾਕਾ ਪਹਿਲਾਂ ਉਹ ਅਮਰੀਕਾ ਗਿਆ ਸੀ। ਅਮਰੀਕਾ ਪਰਵਾਸ ਤੋਂ ਪਹਿਲਾਂ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਵਿਚ, ਵਿਦਿਆਰਥੀ ਹੁੰਦਿਆਂ ਹੋਇਆਂ ਵੀ ਉਹ ਖੋਜੀ ਪ੍ਰਵਿਰਤੀ ਵਾਲੇ ਇਕ ਉਦਮੀ ਨੌਜੁਆਨ ਵਜੋਂ ਕਾਫੀ ਚਰਚਿਤ ਸੀ। ਸੰਸਾਰ ਦਾ ਸਭ ਤੋਂ ਛੋਟੇ ਆਕਾਰ ਦਾ ਕੈਮਰਾ ਬਣਾਉਣ ਲਈ, ਆਪਣੀ ਪਤਨੀ ਚਿਰੰਜੀਵ ਸਮੇਤ, ਉਸਦਾ 'ਗਿਨੀ ਬੁਕ ਔਫ ਵਰਲਡ ਰੀਕਾਰਡ' ਵਿਚ ਨਾਉਂ ਸ਼ਾਮਲ ਹੈ। ਚਿਰੰਜੀਵ, ਪੇਸ਼ੇ ਵਜੋਂ ਵਕੀਲ ਹੈ ਅਤੇ ਉਹ ਉਥੇ ਇਕ ਲਾਅ ਫਰਮ ਵਿਚ ਕੰਮ ਕਰਦੀ ਹੈ। ਆਪਣੀਆਂ ਅਮਰੀਕਾ ਦੀਆਂ ਫੇਰੀਆਂ ਦੌਰਾਨ 'ਸਿਰਜਣਾ' ਦੇ ਸੰਪਾਦਕ ਨੇ ਹਰ ਵਾਰ ਇਹਨਾਂ ਦੋਹਾਂ ਜੀਆਂ, ਜੋਗਿੰਦਰ ਤੇ ਚਿਰੰਜੀਵ, ਦੀ ਨਿੱਘੀ ਮਹਿਮਾਨ-ਨਿਵਾਜ਼ੀ ਦਾ ਆਨੰਦ ਮਾਣਿਆ ਹੈ। ਉਦਮੀ ਸੁਭਾਅ ਕਾਰਨ ਜੁਗਿੰਦਰ ਕਿਸੇ ਵੀ ਸਮੇਂ ਵਿਹਲਾ ਨਹੀਂ ਹੁੰਦਾ। ਜਿਉਂ ਹੀ ਆਪਣੇ ਪੇਸ਼ਾਵਰ ਕੰਮ ਤੋਂ ਉਸਨੂੰ ਰਤਾ ਵਿਹਲ ਮਿਲੇ ਤਾਂ ਉਹ ਆਪਣੇ ਆਪ ਨੂੰ ਕਿਸੇ ਹੋਰ ਸਮਾਜਕ ਭਾਈਚਾਰਕ ਨੋਈਅਤ ਦੇ ਕੰਮ ਵਿਚ ਰੁਝਾਈ ਰੱਖਦਾ ਹੈ।

ਪਿਛਲੇ ਵਰ੍ਹੇ ਸੰਪਾਦਕ 'ਸਿਰਜਣਾ' ਦੀ ਚੌਥੀ ਅਮਰੀਕਨ ਫੇਰੀ ਸਮੇਂ ਜੋਗਿੰਦਰ ਸਿੰਘ ਸਿੱਧੂ ਨੇ ਬਦਲਦੇ ਹਾਲਾਤ ਦੀਆਂ ਲੋੜਾਂ ਅਨੁਸਾਰ ਕੰਪਿਊਟਰ ਦੀ ਵਰਤੋਂ, ਈ. ਮੇਲ, ਇੰਟਰਨੈਟ ਆਦਿ ਬਾਰੇ ਗੰਭੀਰ ਚਰਚਾ ਕੀਤੀ ਸੀ ਅਤੇ ਪੇਸ਼ਕਸ਼ ਕੀਤੀ ਸੀ ਕਿ ਉਹ ਖੁਦ 'ਸਿਰਜਣਾ' ਲਈ ਕੰਪਿਊਟਰ ਅਤੇ ਪ੍ਰਿੰਟਰ ਆਦਿ ਦਾ ਪ੍ਰਬੰਧ ਕਰਕੇ ਦੇਵੇਗਾ। ਆਪਣੇ ਵਾਅਦੇ ਅਨੁਸਾਰ ਉਸਨੇ ਪਿੱਛੇ ਜਿਹੇ ਇਹ ਕੁਝ 'ਸਿਰਜਣਾ' ਲਈ ਖਰੀਦਕੇ ਦੇ ਦਿੱਤਾ ਹੈ। ਇਉਂ ਇਸ ਸਮੇਂ 'ਸਿਰਜਣਾ' ਕੋਲ ਕੰਪਿਊਟਰ ਵੀ ਹੈ ਤੇ ਪ੍ਰਿੰਟਰ ਵੀ। ਇਹ ਕੰਪਿਊਟਰ ਤੇ ਪ੍ਰਿੰਟਰ 'ਸਿਰਜਣਾ' ਦੇ ਦਫਤਰੀ ਕੰਮ-ਕਾਰ ਲਈ ਤਾਂ ਸਹਾਈ ਹੋਵੇਗਾ ਹੀ, ਕੋਸ਼ਿਸ਼ ਇਹ ਵੀ ਹੋਵੇਗੀ ਕਿ ਭਵਿੱਖ ਵਿਚ ਟਾਈਪ ਸੈਟਿੰਗ ਦਾ ਸਾਰਾ ਕੰਮ ਖੁਦ ਹੀ ਕਰ ਲਿਆ ਜਾਇਆ ਕਰੇ। ਵੈਸੇ ਤਾਂ ਹੁਣ ਵਿਕਸਤ ਤਕਨੋਲਜੀ ਦੇ ਇਸ ਦੌਰ ਵਿਚ ਲੋੜ ਅਨੁਸਾਰ ਕੰਪਿਊਟਰ ਦੀ ਵਰਤੋਂ ਦਾ ਗਿਆਨ ਸਭ ਲਈ ਜ਼ਰੂਰੀ ਹੈ, ਤਦ ਵੀ 'ਸਿਰਜਣਾ' ਦੇ ਕੰਮ-ਕਾਜ ਨੂੰ ਚੰਗੀ ਤਰ੍ਹਾਂ ਨੇਪਰੇ ਚਾੜ੍ਹਨ ਲਈ ਕੰਪਿਊਟਰ ਦੀ ਯੋਗਤਾ ਵਾਲੇ ਸਹਾਇਕ ਦੀ ਲੋੜ ਪਏਗੀ ਅਤੇ ਪਰਚੇ ਦਾ ਮੈਟਰ ਟਾਈਪਸੈਂਟ ਕਰਕੇ ਸਿੱਧਾ ਪ੍ਰੈਸ 'ਤੇ ਭੇਜਣ ਲਈ ਲੇਜ਼ਰ ਪ੍ਰਿੰਟਰ ਦੀ ਵੀ। 'ਸਿਰਜਣਾ ਫੰਡ' ਦਾ ਟੀਚਾ ਪੂਰਾ ਹੋਣ ਨਾਲ ਇਸ ਸੇਧ ਵਿਚ ਕੁਝ ਕੀਤਾ ਜਾ ਸਕੇਗਾ। ਜੁਗਿੰਦਰ ਸਿੰਘ ਸਿੱਧੂ ਨੇ 'ਸਿਰਜਣਾ' ਦੇ ਸੰਬੰਧ ਵਿਚ ਭਵਿੱਖ ਵਿਚ ਹੋਰ ਸਹਿਯੋਗ ਦਾ ਵੀ ਭਰੋਸਾ ਦੁਆਇਆ ਹੈ।

ਜੁਗਿੰਦਰ ਸਿੰਘ ਸਿੱਧੂ ਵਾਂਗ ਹੀ ਇਕ ਹੋਰ ਮਿੱਤਰ ਤੇ ਸ਼ੁਭਚਿੰਤਕ ਦੇ ਯੋਗਦਾਨ ਦਾ ਜ਼ਿਕਰ ਜ਼ਰੂਰੀ ਸੀ। ਪਰ ਆਪਣਾ ਉਚੇਚਾ ਜ਼ਿਕਰ ਕਰਨ ਤੋਂ ਉਸਨੇ 'ਸਿਰਜਣਾ' ਦੇ ਸੰਪਾਦਕ ਨੂੰ ਸਖ਼ਤੀ ਨਾਲ ਵਰਜਿਆ ਹੋਇਆ ਹੈ। ਇਸ ਲਈ ਚੁੱਪ ਵਿਚ ਹੀ ਉਸਦਾ ਵੀ ਧੰਨਵਾਦ। 'ਸਿਰਜਣਾ' ਦੀ ਪ੍ਰਤਿਸ਼ਠਾ ਇਹ ਮੰਗ ਕਰਦੀ ਹੈ ਕਿ ਫੰਡ ਬਾਰੇ ਬਹੁਤੀ ਗੱਲ ਨਾ ਕੀਤੀ ਜਾਵੇ। ਜਿੰਨੀ ਗੱਲ ਦੀ ਲੋੜ ਸੀ ਉਹ ਪਹਿਲਾਂ ਹੋ ਚੁੱਕੀ ਹੈ ਅਤੇ ਜਿੰਨ੍ਹਾਂ ਤਕ ਪਹੁੰਚਣੀ ਸੀ, ਪਹੁੰਚ ਚੁੱਕੀ ਹੈ। ਇਸਨੂੰ ਹੋਰ ਜ਼ਿਆਦਾ ਲਮਕਾਉਣਾ 'ਸਿਰਜਣਾ' ਦੀ ਪ੍ਰਤਿਸ਼ਠਾ ਅਤੇ ਇਸਦੇ ਸੰਪਾਦਕ ਦੇ ਬਿੰਬ ਉਤੇ ਅਸਰ-ਅੰਦਾਜ਼ ਹੋ ਸਕਦਾ ਹੈ। ਇਸ ਲਈ ਭਵਿੱਖ ਵਿਚ ਇਸ ਬਾਰੇ ਗੱਲ ਉਦੋਂ ਹੀ ਹੋਵੇਗੀ ਜਦੋਂ ਬਹੁਤ ਲੋੜ ਹੋਈ, ਨਹੀਂ ਤਾਂ ਨਹੀਂ।




## "ਉਦੇਸ਼ ਅਤੇ ਦੂਰ-ਦ੍ਰਿਸ਼ਟੀ" ਵਾਲੀ ਸਰਕਾਰ ਨੇ 400 ਦਿਨ ਬੇ-ਮਿਸਾਲ ਸਫ਼ਲਤਾ ਨਾਲ ਪੂਰੇ ਕੀਤੇ ਹਨ

**ਪੰਜਾਬ ਅੱਜ ਨਵੀਂ ਜ਼ਿੰਦਗੀ ਨਾਲ ਧੜਕ ਰਿਹਾ ਹੈ ਅਤੇ ਖ਼ੁਸ਼ਹਾਲ ਭਵਿੱਖ ਵੱਲ ਵਧ ਰਿਹਾ ਹੈ**

**ਵਿਸ਼ੇਸ਼ਤਾਵਾਂ :**

**ਅਕਾਲੀ ਦਲ-ਭਾਜਪਾ ਗੱਠਜੋੜ ਨੇ 95% ਵਾਇਦੇ ਪੂਰੇ ਕੀਤੇ ਹਨ-ਇਕ ਸ਼ਾਨਦਾਰ ਸਫ਼ਲਤਾ**



**ਸ. ਪ੍ਰਕਾਸ਼ ਸਿੰਘ ਬਾਦਲ**
*ਮੁੱਖ ਮੰਤਰੀ, ਪੰਜਾਬ*

★ 8500 ਕਰੋੜ ਰੁਪਏ ਦਾ ਵਿਸ਼ੇਸ਼ ਮਿਆਦੀ ਕਰਜ਼ਾ ਮੁਆਫ਼ ★ ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਦੀ ਸਥਾਪਤੀ ★ ਜਲੰਧਰ ਵਿਖ ਪੁਸ਼ਪਾ ਗੁਜਰਾਲ ਸਿਟੀ ਦਾ ਸਥਾਪਤ ਕੀਤਾ ਜਾਣਾ ★ ਨਵਿਆਉਣ ਯੋਗ ਊਰਜਾ ਦੇ ਐਸ. ਐਸ. ਰਾਸ਼ਟਰੀ ਅਦਾਰੇ ਦਾ ਸਥਾਪਤ ਕੀਤਾ ਜਾਣਾ ★ 9ਵੀਂ ਪੰਜ ਸਾਲਾ ਯੋਜਨਾ ਵਿਚ 13% ਦਾ ਵਾਧਾ ★ ਸ਼ਗਨ ਸਕੀਮ ਲਈ 400 ਕਰੋੜ ★ ਥੀਨ ਡੈਮ ਪ੍ਰੋਜੈਕਟ ਅਤੇ ਲਹਿਰਾ ਮੁਹੱਬਤ ਥਰਮਲ ਪਲਾਂਟ ਪੂਰੇ ਹੋਣ 'ਤੇ ★ ਐਗਰੋ ਅਤੇ ਫੂਡ ਪ੍ਰੋਸੈਸਿੰਗ ਸਨਅਤ ਨੂੰ ਵਧਾਉਣਾ ★ ਵਪਾਰ ਅਤੇ ਸਨਅਤ ਲਈ ਵਿਕਰੀ ਕਰ ਵਿਚ ਛੋਟ ਅਤੇ ਵੱਡੀਆਂ ਰਿਆਇਤਾਂ ★ ਬਦਲਦੇ ਪੇਂਡੂ ਦ੍ਰਿਸ਼ ਵਿਧਾਨ ਲਈ ਫੋਕਲ ਪੁਆਇੰਟ ਸਕੀਮ ★ 12000 ਬੇ-ਘਰਾਂ ਲਈ ਮੁਫ਼ਤ ਘਰ ★ ਲੋਕਪਾਲ ਅਤੇ ਮਨੁੱਖੀ ਹੱਕ ਕਮਿਸ਼ਨ ਦੇ ਅਦਾਰੇ ਦੀ ਸਥਾਪਤੀ ★ ਚੌਥੇ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਮਚਾਰੀਆਂ ਨੂੰ 660 ਕਰੋੜ ਰੁਪਏ ਦਾ ਲਾਭ ★ ਸਨਅਤੀ ਆਧਾਰਿਕ ਢਾਂਚੇ ਨੂੰ ਮਜ਼ਬੂਤ ਕਰਨਾ ★ ਸਿਹਤ ਅਤੇ ਸਿੱਖਿਆ ਦੇ ਖੇਤਰਾਂ ਨੂੰ ਮੁੱਖ ਤੌਰ 'ਤੇ ਉਤਸ਼ਾਹਤ ਕਰਨਾ ★ ਸੇਮ ਦੀ ਸਮੱਸਿਆ ਨਾਲ ਜ਼ੋਰਦਾਰ ਢੰਗ ਨਾਲ ਨਜਿੱਠਣਾ ★ ਖਾਲਸਾ ਹੈਰੀਟੇਜ ਮੈਮੋਰੀਅਲ ਕੰਪਲੈਕਸ ਲਈ ਆਨੰਦਪੁਰ ਸਾਹਿਬ ਫਾਊਂਡੇਸ਼ਨ ਲਈ 160 ਕਰੋੜ ਰੁਪਏ ਸੁਰੱਖਿਅਤ ਰੱਖੇ ਹਨ ★ ਛੋਟੇ ਅਤੇ ਦਰਮਿਆਨੇ ਕਸਬਿਆਂ ਦੀ ਯੋਜਨਾ ਲਈ ਸਮੁੱਚੇ ਵਿਕਾਸ ਅਧੀਨ ਕੇਂਦਰੀ ਸਰਕਾਰ ਤੋਂ 13 ਕਰੋੜ ਰੁਪਏ ਮਨਜ਼ੂਰ ਕਰਵਾਏ ਹਨ।

**ਆਪਣੀ ਹਰੀ ਕ੍ਰਾਂਤੀ ਦੀ ਸਫ਼ਲਤਾ ਤੋਂ ਬਾਅਦ ਪੰਜਾਬ ਵਿਕਾਸ ਦਾ ਅਗਲਾ ਪੱਖ ਦਰਸਾਏਗਾ। ਲੋਕ ਸਭਾ ਚੋਣਾਂ ਵਿਚ ਬੇ-ਮਿਸਾਲ ਸਫ਼ਲਤਾ ਨੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਵਿਚ ਵਚਨਬੱਧਤਾ, ਜਵਾਬਦੇਹੀ ਅਤੇ ਮਨੁੱਖਤਾ ਦੀ ਭਾਵਨਾ ਨੂੰ ਹੋਰ ਵਧਾਇਆ ਹੈ।**



*ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*

*ਪ੍ਰਕਾਸ਼ਨ ਮਿਤੀ: 15 ਨਵੰਬਰ, 1998*

ਸੰਪਾਦਕ : *ਰਘਬੀਰ ਸਿੰਘ*

**SIRJANA** Literary Punjabi Quarterly CHANDIGARH

No. 110 October-December 1998

Registered with the Registrar of Newspapers for India vide R.N. 10215/65

## 'ਅੱਗ ਦੇ ਬੀਜ' ਅਤੇ 'ਹੱਥ ਤੇ ਹਥਿਆਰ' ਤੋਂ ਪਿੱਛੋਂ
## ਇੰਗਲੈਂਡ ਵਸਦੇ ਪ੍ਰਗਤੀਵਾਦੀ ਪੰਜਾਬੀ ਕਵੀ

# ਗੁਰਨਾਮ ਢਿਲੋਂ

## ਦਾ ਤੀਜਾ ਤੇ ਸੱਜਰਾ ਕਾਵਿ-ਸੰਗ੍ਰਹ

# 'ਤੇਰੇ ਨਾਂ ਦਾ ਮੌਸਮ'

*ਕੀ ਦੇਸ ਤੇ ਕੀ ਪਰਦੇਸ ਹਰ ਥਾਂ ਦੇ ਆਮ ਮਨੁੱਖ ਦੇ ਅਨੁਭਵਾਂ, ਸੋਚਾਂ ਅਤੇ ਆਸਾਂ-ਉਮੰਗਾਂ ਦਾ ਹਾਣੀ ਬਣਨ ਦੇ ਆਹਰ ਵਿਚ ਗੁਰਨਾਮ ਢਿਲੋਂ ਆਪਣੇ ਸੱਜਰੇ ਕਾਵਿ-ਸੰਗ੍ਰਹਿ ਵਿਚ ਅਸਲੋਂ ਨਿਵੇਕਲੇ ਅੰਦਾਜ਼ ਵਿਚ ਸਾਹਮਣੇ ਆਉਂਦਾ ਹੈ।*

*ਪ੍ਰਗਤੀਵਾਦੀ ਚਿੰਤਨ ਅਤੇ ਧਾਰਾ ਨੂੰ ਦਰਪੇਸ਼ ਚੁਣੌਤੀਆਂ ਦੇ ਸਨਮੁਖ ਉਹ ਆਪਣੀ ਸੁਹਿਰਦ ਮਾਨਵਵਾਦੀ ਸੁਰ ਨੂੰ ਕਾਇਮ ਰੱਖਦਾ ਹੈ। ਨਾਲ ਦੀ ਨਾਲ ਉਹ ਸ਼ਿਲਪ ਦੇ ਪੱਖ ਤੋਂ ਆਪਣੀ ਕਵਿਤਾ ਨੂੰ ਮਾਂਜ-ਸੰਵਾਰਕੇ ਵਧੇਰੇ ਕਲਾਤਮਕ ਤੇ ਸੰਗੀਤਮਈ ਬਣਾਉਣ ਵਿਚ ਵੀ ਕਾਮਯਾਬ ਰਹਿੰਦਾ ਹੈ।*

*ਸੱਚੇ-ਸੁੱਚੇ ਜਜ਼ਬਿਆਂ ਅਤੇ ਕਾਵਿਕ ਸੁਹਜ ਨਾਲ ਵਰੋਸਾਈ ਗੁਰਨਾਮ ਢਿਲੋਂ ਦੀ ਰਚਨਾ ਖੁਲ੍ਹੀ ਕਵਿਤਾ, ਗ਼ਜ਼ਲ ਤੇ ਗੀਤ ਦੇ ਰੂਪ ਵਿਚ ਢਲਕੇ ਇਕੋ ਸਮੇਂ ਕਸਕ ਅਤੇ ਆਨੰਦ ਦਾ ਸੰਚਾਰ ਕਰਦੀ ਹੈ।*

*ਸੁੰਦਰ ਦਿੱਖ* *ਪੰਨੇ /80* *ਮੁੱਲ /80 ਰੁਪਏ*

*ਪ੍ਰਕਾਸ਼ਕ*

***ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ***